ਅਦਾਰਾ
ਚੜ੍ਹਦੀਕਲਾ
ਵੱਲੋਂ
ਜੂਨ '84 ਘੱਲੂਘਾਰੇ ਦੇ
ਸਮੂਹ ਸ਼ਹੀਦਾਂ ਨੂੰ
ਕੋਟਿ-ਕੋਟਿ
ਪ੍ਰਣਾਮ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARDHIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 6 June, 2025) ਪਟਿਆਲਾ ਸ਼ੁੱਕਰਵਾਰ, 6 ਜੂਨ , 2025, 24 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 155 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ, 5 ਜੂਨ (ਚੜ੍ਹਦੀਕਲਾ ਬਿਊਰੋ) : : ਪੰਜਾਬ ਸਰਕਾਰ ਨੇ ਯੋਜਨਾਬੱਧ ਸ਼ਹਿਰੀ ਵਿਕਾਸ ਅਤੇ ਕਿਸਾਨਾਂ ਦੇ ਸਸ਼ਕਤੀਕਰਨ ਦੇ ਉਦੇਸ਼ ਨਾਲ ਨਵੀਂ ਲੈਂਡ ਪੂਲਿੰਗ ਨੀਤੀ 2025 ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਨੇ ਇਸ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ, ਜੋ ਸੂਬੇ ਦੇ 27 ਸ਼ਹਿਰਾਂ ਅਤੇ ਕਸਬਿਆਂ ਵਿੱਚ ਲਾਗੂ ਕੀਤੀ ਜਾਵੇਗੀ। (ਬਾਕੀ ਸਫਾ 2 'ਤੇ)

## ਸ਼ਿਵਰਾਜ ਸਿੰਘ ਚੌਹਾਨ ਕਿਸਾਨਾਂ ਨਾਲ ਗੱਲਬਾਤ ਲਈ ਪਟਿਆਲਾ ਦੇ ਪਿੰਡ ਖੇੜੀ ਗੰਡਿਆਂ ਪੁੱਜੇ

### ਕਿਸਾਨਾਂ ਦੀ ਉੱਨਤੀ ਲਈ ਸੂਬਾ ਸਰਕਾਰ ਨਾਲ ਮਿਲ ਕੇ ਕੰਮ ਕਰੇਗਾ ਕੇਂਦਰ: ਖੇਤੀ ਮੰਤਰੀ

ਰੁਪਾਣਾ/ਅੰਮ੍ਰਿਤਪਾਲ ਸਿੰਘ

================



ਖੇੜੀ ਗੰਡਿਆਂ (ਪਟਿਆਲਾ)/ਨਵੀਂ ਦਿੱਲੀ, 5 ਜੂਨ : ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਨਾਲ ਲੈਕੇ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ। ਇਸ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਖੇਤੀਬਾੜੀ ਨੂੰ ਦੇਸ਼ ਦੀਆਂ ਜੜ੍ਹਾਂ ਦੱਸਦਿਆਂ ਕੇਂਦਰੀ ਮੰਤਰੀ ਦੇ ਸਨਮੁੱਖ ਸੂਬੇ ਦੇ ਕਿਸਾਨਾਂ ਅਤੇ ਖੇਤੀਬਾੜੀ ਨਾਲ ਸਬੰਧਤ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ, ਜਿਸ 'ਤੇ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਨੂੰ ਦਿੱਲੀ ਮੀਟਿੰਗ ਲਈ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਉਨਤ ਬਣਾਉਣ ਲਈ ਕੇਂਦਰ ਸਰਕਾਰ ਇੱਕ ਦੇਸ਼, ਇੱਕ ਖੇਤੀ, ਇੱਕ ਟੀਮ ਬਣਾਕੇ ਰਾਜ ਸਰਕਾਰ ਅਤੇ ਉਨਤਸ਼ੀਲ ਕਿਸਾਨਾਂ ਸਮੇਤ ਖੇਤੀਬਾੜੀ ਯੂਨੀਵਰਸਿਟੀ ਤੇ ਸਾਇੰਸਦਾਨਾਂ ਨਾਲ ਮਿਲਕੇ ਕੰਮ ਕਰੇਗੀ। ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਮੰਤਰੀ ਨੂੰ ਰਾਜ ਦੀਆਂ ਮੰਗਾਂ ਦਾ ਪੱਤਰ ਸੌਂਪਦਿਆਂ ਦੱਸਿਆ ਕਿ ਜਿੱਥੇ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਯਤਨ ਕਰ ਰਹੀ ਹੈ, ਉਥੇ ਹੀ ਕੇਂਦਰ ਸਰਕਾਰ ਦੇ ਵੀ ਉਪਰਾਲੇ ਲਾਜ਼ਮੀ ਹਨ ਇਸ ਲਈ ਕੇਂਦਰ ਸਰਕਾਰ ਸੂਬੇ ਦੇ ਕਿਸਾਨਾਂ ਦੀ ਬਾਂਹ ਫੜਨ ਲਈ ਅੱਗੇ ਆਵੇ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜਾਬ 'ਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣੋਂ ਰੋਕਣ ਲਈ ਕੇਂਦਰ ਨੂੰ ਕਿਸਾਨਾਂ ਦੀ ਮਦਦ ਲਈ ਖੁੱਲ੍ਹਾ ਦਿਲ ਦਿਖਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨਾਲ ਹੀ ਝੋਨੇ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਕਿੱਲਤ ਦੂਰ ਕਰਨ ਲਈ ਸਪਲਾਈ ਵਧਾਉਣ ਸਮੇਤ ਪਾਣੀ ਬਚਾਉਣ ਲਈ ਝੋਨੇ ਦੀ (ਬਾਕੀ ਸਫਾ 2 'ਤੇ)

## ਮੋਦੀ ਦੇ ਦੌਰੇ ਤੋਂ ਪਹਿਲਾਂ ਜੰਮੂ-ਕਸ਼ਮੀਰ 'ਚ ਸੁਰੱਖਿਆ ਪ੍ਰਬੰਧ ਕੀਤੇ ਸਖ਼ਤ

ਜੰਮੂ, 5 ਜੂਨ (ਚੜ੍ਹਦੀਕਲਾ ਬਿਊਰੋ) : ਅਧਿਕਾਰੀਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸ਼ੁੱਕਰਵਾਰ ਨੂੰ ਜੰਮੂ-ਕਸ਼ਮੀਰ ਦੌਰੇ ਲਈ ਬਹੁ-ਪੱਧਰੀ ਸੁਰੱਖਿਆ ਬੰਦੋਬਸਤ ਕੀਤਾ ਗਿਆ ਹੈ, ਜਿੱਥੇ ਉਹ ਬਹੁਤ ਉਡੀਕੇ ਜਾ ਰਹੇ ਕਸ਼ਮੀਰ ਰੇਲ ਲਿੰਕ ਦਾ ਉਦਘਾਟਨ ਕਰਨਗੇ ਅਤੇ ਕਟੜਾ ਵਿੱਚ 46,000 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰਾਜੈਕਟ ਕੌਮ ਨੂੰ ਸਮਰਪਿਤ ਕਰਨਗੇ। ਬੀਤੀ 22 ਅਪਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਬਦਲੇ ਵਿੱਚ ਭਾਰਤੀ ਹਥਿਆਰਬੰਦ ਫ਼ੌਜਾਂ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਮੋਦੀ ਦਾ ਇਸ ਕੇਂਦਰ ਸ਼ਾਸਤ ਪ੍ਰਦੇਸ਼ ਦਾ ਇਹ ਪਹਿਲਾ ਦੌਰਾ ਹੋਵੇਗਾ। ਪਹਿਲਗਾਮ ਹਮਲੇ ਜਿਸ ਵਿੱਚ 26 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਸਨ। ਪ੍ਰਧਾਨ ਮੰਤਰੀ ਮੋਦੀ 272 ਕਿਲੋਮੀਟਰ ਲੰਬੇ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਿੰਕ (ਯੂ.ਐਸ.ਬੀ.ਆਰ.ਐਲ.) ਦੇ ਮੁਕੰਮਲ ਹੋਣ 'ਤੇ ਵੰਦੇ ਭਾਰਤ ਟ੍ਰੇਨਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ, ਭਾਰਤ ਦੀ ਇੰਜਨੀਅਰਿੰਗ ਉੱਤਮਤਾ ਦਾ ਪ੍ਰਤੀਕ ਚਨਾਬ ਪੁਲ ਅਤੇ ਭਾਰਤ ਦੇ ਪਹਿਲੇ ਕੇਬਲ-ਸਟੇਡ ਅੰਜੀ ਪੁਲ ਦਾ ਉਦਘਾਟਨ (ਬਾਕੀ ਸਫਾ 2 'ਤੇ)

## ਬੈਂਗਲੁਰੂ ਭਾਜੜ ਮਾਮਲਾ

# ਆਰ.ਸੀ.ਬੀ. 'ਤੇ ਮਾਮਲਾ ਅਤੇ ਕੇ.ਐਸ.ਸੀ.ਏ. ਦੀ ਪ੍ਰਬੰਧਕੀ ਕਮੇਟੀ ਵਿਰੁੱਧ ਸ਼ਿਕਾਇਤ ਦਰਜ

### ਡੀ.ਸੀ. ਵੱਲੋਂ ਕੇ.ਐਸ.ਸੀ.ਏ., ਆਰ.ਸੀ.ਬੀ. ਅਤੇ ਪੁਲਿਸ ਨੂੰ ਨੋਟਿਸ ਜਾਰੀ

### ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 5 ਜੂਨ : ਬੈਂਗਲੁਰੂ ਭਗਦੜ ਮਾਮਲੇ ਵਿੱਚ ਆਈ.ਪੀ.ਐਲ. ਫਰੈਂਚਾਇਜ਼ੀ ਰਾਇਲ ਚੈਲੇਂਜਰਜ਼ ਬੈਂਗਲੁਰੂ (ਆਰ.ਸੀ.ਬੀ.), ਡੀ.ਐਨ.ਏ. (ਈਵੈਂਟ ਮੈਨੇਜਮੈਂਟ ਕੰਪਨੀ) ਅਤੇ ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ (ਕੇ.ਐਸ.ਸੀ.ਏ.) ਦੀ ਪ੍ਰਬੰਧਕੀ ਕਮੇਟੀ ਅਤੇ ਹੋਰਾਂ ਵਿਰੁੱਧ ਕਿਊਬਨ ਪਾਰਕ ਪੁਲਿਸ ਸਟੇਸ਼ਨ ਵਿੱਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਐਫ.ਆਈ.ਆਰ. ਵਿੱਚ ਭਗਦੜ ਘਟਨਾ ਵਿੱਚ ਅਪਰਾਧਿਕ ਲਾਪਰਵਾਹੀ ਦਾ ਜ਼ਿਕਰ ਹੈ। ਇਸ ਮਾਮਲੇ ਵਿੱਚ ਧਾਰਾ 105, 125 (1)(2), 132, 121/1, 190 ਆਰ/ਡਬਲਯੂ 3(5) ਦੇ ਤਹਿਤ ਸ਼ਿਕਾਇਤ ਦਰਜ ਕੀਤੀ ਗਈ ਹੈ। ਬੈਂਗਲੁਰੂ ਦੇ ਚਿੰਨਾਸਵਾਮੀ ਸਟੇਡੀਅਮ ਨੇੜੇ ਭਗਦੜ ਦੀ ਮੈਜਿਸਟ੍ਰੇਟ ਜਾਂਚ ਕੀਤੀ ਜਾ ਰਹੀ ਹੈ। ਬੈਂਗਲੁਰੂ ਅਰਬਨ ਡਿਪਟੀ ਕਮਿਸ਼ਨਰ (ਡੀ.ਸੀ.) ਜੀ ਜਗਦੀਸ਼, ਜੋ ਜਾਂਚ ਦੀ ਅਗਵਾਈ ਕਰ ਰਹੇ ਹਨ, ਨੇ ਵੀਰਵਾਰ ਨੂੰ ਕਿਹਾ ਕਿ ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ (ਕੇ.ਐਸ.ਸੀ.ਏ.), ਰਾਇਲ ਚੈਲੇਂਜਰਜ਼ ਬੈਂਗਲੁਰੂ ਅਤੇ ਪੁਲਿਸ ਕਮਿਸ਼ਨਰ ਬੀ ਦਯਾਨੰਦ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਨੇ ਚਿੰਨਾਸਵਾਮੀ ਸਟੇਡੀਅਮ ਦਾ ਨਿਰੀਖਣ ਕੀਤਾ, ਜਿੱਥੇ ਬੁੱਧਵਾਰ ਨੂੰ ਭਗਦੜ ਮਚੀ ਸੀ। ਜਿਸ ਵਿੱਚ 11 ਲੋਕਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਲੋਕ ਜ਼ਖਮੀ ਹੋ ਗਏ। ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਜੀ ਜਗਦੀਸ਼ ਨੇ ਕਿਹਾ, 'ਅੱਜ ਮੈਂ ਕੇ.ਐਸ.ਸੀ.ਏ. (ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ) ਸਟੇਡੀਅਮ ਦਾ ਦੌਰਾ ਕੀਤਾ। ਮੈਂ ਇੱਥੇ ਸਾਰੇ ਸਮਾਗਮ ਦੇਖੇ ਹਨ। ਮੈਂ ਪੁੱਛਗਿੱਛ ਲਈ ਕੁਝ ਲੋਕਾਂ ਨੂੰ ਨੋਟਿਸ ਜਾਰੀ ਕਰਾਂਗਾ। ਮੈਂ ਜਾਂਚ ਕਰਾਂਗਾ ਅਤੇ ਇਸ ਨੂੰ 15 ਦਿਨਾਂ ਦੇ ਅੰਦਰ ਪੂਰਾ (ਬਾਕੀ ਸਫਾ 2 'ਤੇ)

## ਦੇਸ਼ 'ਚ ਵਧੀ ਕੋਰੋਨਾ ਦੀ ਰ਼ਫਤਾਰ, 24 ਘੰਟਿਆਂ ਦੌਰਾਨ 7 ਹੋਰ ਮੌਤਾਂ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 5 ਜੂਨ :ਦੇਸ਼ ਭਰ 'ਚ ਕੋਰੋਨਾ ਦੇ ਮਾਮਲੇ ਦਿਨੋਂ-ਦਿਨ ਵੱਧ ਰਹੇ ਹਨ ਅਤੇ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ ਵੀਰਵਾਰ ਸਵੇਰੇ ਵੱਧ ਕੇ 4866 ਤੱਕ ਪਹੁੰਚ ਗਈ। ਪਿਛਲੇ 24 ਘੰਟਿਆਂ 'ਚ ਇਸ ਦੇ ਸੰਕਰਮਣ ਨਾਲ 7 ਹੋਰ ਮਰੀਜ਼ਾਂ ਦੀ ਮੌਤ ਹੋਣ ਕਾਰਨ ਮ੍ਰਿਤਕਾਂ ਦੀ ਗਿਣਤੀ 51 ਪਹੁੰਚ ਗਈ ਹੈ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਵਲੋਂ ਜਾਰੀ ਅੰਕੜਿਆਂ ਅਨੁਸਾਰ ਅੱਜ ਸਵੇਰੇ 8 ਵਜੇ ਤੱਕ ਦੇਸ਼ 'ਚ ਕੋਰੋਨਾ ਦੇ ਸਰਗਰਮ ਮਾਮਲਿਆਂ ਦੀ ਗਿਣਤੀ ਵੱਧ ਕੇ 4866 ਪਹੁੰਚ ਗਈ। ਅਜੇ ਤੱਕ 3955 ਮਰੀਜ਼ਾਂ ਨੂੰ ਸਿਹਤਮੰਦ ਹੋਣ 'ਤੇ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਚੁੱਕੀ ਹੈ ਅਤੇ ਇਕ ਜਨਵਰੀ ਤੋਂ ਹੁਣ ਤੱਕ 51 ਲੋਕਾਂ ਦੀ ਮੌਤ ਹੋਈ ਹੈ। ਪਿਛਲੇ 24 ਘੰਟਿਆਂ 'ਚ ਕੋਰੋਨਾ ਸੰਕਰਮਣ ਦੇ ਕੁੱਲ 1245 ਮਾਮਲੇ ਸਾਹਮਣੇ ਆਏ ਹਨ। ਜਿਨ੍ਹਾਂ 'ਚ ਸਭ ਤੋਂ ਜ਼ਿਆਦਾ ਮਾਮਲੇ ਕੇਰਲ 'ਚ ਦਰਜ ਕੀਤੇ ਗਏ ਹਨ। ਦਿੱਲੀ, ਕਰਨਾਟਕ ਅਤੇ ਪੱਛਮੀ ਬੰਗਾਲ 'ਚ ਵੀ ਮਾਮਲਿਆਂ 'ਚ ਵਾਧਾ ਦੇਖਿਆ ਗਿਆ ਹੈ। ਇਸੇ ਮਿਆਦ 'ਚ ਕੋਰੋਨਾ ਸੰਕਰਮਣ ਦੇ 564 ਨਵੇਂ ਸਰਗਰਮ ਮਾਮਲੇ ਸਾਹਮਣੇ ਆਏ ਹਨ ਅਤੇ 674 ਮਰੀਜ਼ਾਂ ਦੇ ਸਿਹਤਮੰਦ ਹੋਣ 'ਤੇ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਪਰ ਇਸ (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਵੱਲੋਂ ਨਵੇਂ ਚੁਣੇ ਗਏ 26 ਯੂ.ਪੀ.ਐਸ.ਸੀ. ਅਧਿਕਾਰੀਆਂ ਨਾਲ ਮੁਲਾਕਾਤ

# ਮਾਨ ਨੇ ਨੌਜਵਾਨ ਅ਼ਫਸਰਾਂ ਨੂੰ ਦੇਸ਼ 'ਚ ਸੂਬੇ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦੇ ਦੂਤ ਬਣਨ ਲਈ ਪ੍ਰੇਰਿਆ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 5 ਜੂਨ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ.) ਦੇ ਨਵੇਂ ਚੁਣੇ ਗਏ ਉਮੀਦਵਾਰਾਂ ਨੂੰ ਦੇਸ਼ ਭਰ ਵਿੱਚ ਸੂਬੇ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦੇ ਬ੍ਰਾਂਡ ਅੰਬੈਸਡਰ ਬਣਨ ਲਈ ਪ੍ਰੇਰਿਤ ਕੀਤਾ।

ਅੱਜ ਇੱਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਨਵੇਂ ਚੁਣੇ ਗਏ 26 ਉਮੀਦਵਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇਸ ਸ਼ਾਨਦਾਰ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਸਦਾ ਸਿਹਰਾ ਉਨ੍ਹਾਂ ਦੀ ਸਖ਼ਤ ਮਿਹਨਤ, ਵਚਨਬੱਧਤਾ ਅਤੇ ਲਗਨ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਇਨ੍ਹਾਂ ਉਮੀਦਵਾਰਾਂ ਦੀ ਚੋਣ ਹੋ ਗਈ ਹੈ ਤਾਂ ਉਨ੍ਹਾਂ ਨੂੰ ਯੋਗਤਾ ਅਨੁਸਾਰ ਕੇਡਰ ਅਲਾਟ ਕਰਨ ਦੇ ਨਾਲ-ਨਾਲ ਮੈਰਿਟ ਆਧਾਰ 'ਤੇ ਉਨ੍ਹਾਂ ਦੀ ਤਾਇਨਾਤੀ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਉਮੀਦਵਾਰਾਂ ਨੂੰ ਕਿਹਾ ਕਿ ਉਨ੍ਹਾਂ ਦੀ ਤਾਇਨਾਤੀ ਜਿੱਥੇ ਵੀ ਹੋਵੇ, ਉਹ ਆਪਣੇ ਕੰਮ ਵਾਲੀ ਥਾਂ 'ਤੇ ਆਪਣੇ ਜੱਦੀ ਸੂਬੇ ਦੀ ਮਹਿਕ ਜ਼ਰੂਰ ਫੈਲਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਆਪਣੀ ਮਿਹਨਤ, ਲਚਕੀਲੇਪਣ ਅਤੇ ਨਵੀਨ ਪਹੁੰਚ ਲਈ ਜਾਣੇ ਜਾਂਦੇ ਹਨ। ਉਨ੍ਹਾਂ ਚੁਣੇ ਗਏ ਉਮੀਦਵਾਰਾਂ ਨੂੰ ਆਪਣੇ ਕੰਮ ਵਾਲੀ ਥਾਂ 'ਤੇ ਆਪਣੇ ਸੂਬੇ ਦੀ ਅਮਿੱਟ ਛਾਪ ਛੱਡਦਿਆਂ ਆਪਣੀ ਡਿਊਟੀ ਪੂਰੀ ਲਗਨ, ਇਮਾਨਦਾਰੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਨਿਭਾਉਣ ਲਈ ਕਿਹਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਭਰਤੀ ਨਾਲ ਪ੍ਰਸ਼ਾਸਨਿਕ ਕੰਮਕਾਜ ਵਿੱਚ ਇੱਕ ਨਵਾਂ ਜੋਸ਼ ਭਰੇਗਾ, (ਬਾਕੀ ਸਫਾ 2 'ਤੇ)

## ਵਿਸ਼ਵ ਵਾਤਾਵਰਨ ਦਿਵਸ ਮੌਕੇ ਪ੍ਰਧਾਨ ਮੰਤਰੀ ਨੇ ਲਗਾਇਆ 'ਸਿੰਦੂਰ' ਦਾ ਪੌਦਾ

### ਮਹਿਲਾ ਸ਼ਕਤੀ ਅਤੇ ਬਹਾਦਰੀ ਦਾ ਪ੍ਰਤੀਕ ਹੈ ਇਹ ਤੋਹ਼ਫਾ: ਮੋਦੀ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 5 ਜੂਨ : ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਰਿਹਾਇਸ਼ 'ਤੇ ਇੱਕ ਰੁੱਖ ਲਗਾਇਆ। ਇਸ ਦੌਰਾਨ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਵਿਸ਼ਵ ਵਾਤਾਵਰਣ ਦਿਵਸ ਦੀ ਵਧਾਈ ਵੀ ਦਿੱਤੀ। ਦਰਅਸਲ, ਵੀਰਵਾਰ ਨੂੰ, ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਨਿਵਾਸ ਸਥਾਨ 7 ਲੋਕ ਕਲਿਆਣ ਮਾਰਗ 'ਤੇ ਇੱਕ ਸਿੰਦੂਰ ਦਾ (ਬਾਕੀ ਸਫਾ 2 'ਤੇ)

## ਪੰਜਾਬ 'ਚ ਚੱਲਦੀ ਰੇਲ ਗੱਡੀ ਦਾ ਇੰਜਣ ਹੋਇਆ ਫੇਲ੍ਹ

ਸ੍ਰੀ ਅਨੰਦਪੁਰ ਸਾਹਿਬ, 5 ਜੂਨ (ਚੜ੍ਹਦੀਕਲਾ ਬਿਊਰੋ): ਸ੍ਰੀ ਅਨੰਦਪੁਰ ਸਾਹਿਬ ਤੋਂ ਨੰਗਲ ਨੂੰ ਕੋਲੇ ਨਾਲ ਲੱਦੀ ਇਕ ਕਿਲੋਮੀਟਰ ਦੇ ਕਰੀਬ ਲੰਬੀ ਇਲੈਕਟਰਿਕ ਰੇਲ ਮਾਲ ਗੱਡੀ ਦਾ ਇੰਜਣ ਪਿੰਡ ਮਹਿਰੌਲੀ ਨੇੜੇ ਫੇਲ੍ਹ ਹੋ ਗਿਆ। ਜਿਉਂ ਹੀ ਮਾਲ ਗੱਡੀ ਦੇ ਡਰਾਈਵਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸਟੇਸ਼ਨ ਮਾਸਟਰ ਨਾਲ ਰਾਬਤਾ ਕਾਇਮ ਕੀਤਾ ਤਾਂ ਸਟੇਸ਼ਨ ਮਾਸਟਰ ਨੇ ਫਾਟਕਾਂ 'ਤੇ ਤਾਇਨਾਤ ਰਹਿਣ ਵਾਲੇ ਅਗੰਮਪੁਰ ਅਤੇ ਮਹਿਰੌਲੀ ਦੇ ਮੁਲਾਜ਼ਮਾਂ ਨੂੰ ਕਹਿ ਕੇ ਤੁਰੰਤ ਹੀ ਫਾਟਕ ਬੰਦ ਕਰਵਾ ਦਿੱਤੇ, ਜਿਸ ਕਾਰਨ ਵੱਡਾ ਹਾਦਸਾ ਹੋਣ ਤੋਂ ਟਲ ਗਿਆ ਅਤੇ ਕਈ ਰੇਲ ਗੱਡੀਆਂ ਅਨੰਦਪੁਰ ਸਾਹਿਬ ਤੋਂ ਨੰਗਲ ਨੂੰ ਅਤੇ ਨੰਗਲ ਤੋਂ ਅੰਬਾਲਾ ਨੂੰ ਜਾਣ ਵਾਲੀਆਂ ਪ੍ਰਭਾਵਿਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਜਦੋਂ ਇਹ ਗੱਡੀ ਪਿੰਡ ਅਗੰਮਪੁਰ ਵੱਲੋਂ ਆ ਰਹੀ ਸੀ ਤਾਂ ਪਿੰਡ ਅਗੰਮਪਰ ਦੇ ਰੇਲਵੇ ਫਾਟਕਾਂ ਵਾਲਿਆਂ ਨੇ ਫਾਟਕ ਬੰਦ ਕਰ (ਬਾਕੀ ਸਫਾ 2 'ਤੇ)

## ਢੀਂਡਸਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਸੰਗਰੂਰ ਪੁੱਜੇ ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ ਡਾ. ਜਗਜੀਤ ਸਿੰਘ ਦਰਦੀ

### ਢੀਂਡਸਾ ਵੱਲੋਂ ਪੰਜਾਬ ਲਈ ਕੀਤੇ ਕਾਰਜਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ: ਡਾ.ਦਰਦੀ

ਹਰਕੰਵਲ ਸਿੰਘ ਹੈਪੀ

================



ਸੰਗਰੂਰ, 5 ਜੂਨ :ਦੇਸ਼ ਦੇ ਦਿੱਗਜ ਸਿਆਸਤਦਾਨ ਰਹੇ ਸਾਬਕਾ ਕੇਂਦਰੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣਾ ਕਰ ਜਾਣ ਤੇ ਅਦਾਰਾ ਚੜ੍ਹਦੀਕਲਾ ਦੇ ਮੁੱਖ ਸੰਪਾਦਕ ਸ. ਜਗਜੀਤ ਸਿੰਘ ਦਰਦੀ ਅਤੇ ਉਨ੍ਹਾਂ ਦੇ ਨਾਲ ਡਾ. ਹਰਜਿੰਦਰ ਸਿੰਘ ਵਾਲੀਆਂ ਉਹਨਾਂ ਦੀ ਸੰਗਰੂਰ ਰਿਹਾਇਸ਼ ਵਿਖੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਇਸ ਮੌਕੇ ਸ. ਦਰਦੀ ਨੇ ਸਾਬਕਾ ਵਿੱਤ ਮੰਤਰੀ ਤੇ ਸ. ਸੁਖਦੇਵ ਸਿੰਘ ਢੀਂਡਸਾ ਦੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਸ. ਦਰਦੀ ਨੇ ਕਿਹਾ ਕਿ ਸ. ਸੁਖਦੇਵ ਸਿੰਘ ਢੀਂਡਸਾ ਨੇ ਅਕਾਲ ਕਾਲਜ ਆਫ਼ ਇੰਸਟੀਚਿਊਟ ਦੇ ਚੇਅਰਮੈਨ ਵੱਜੋਂ ਆਪਣੀ ਅਹਿਮ ਭੂਮਿਕਾ ਨੂੰ ਨਿਭਾਉਂਦੇ ਹੋਏ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਵੱਲੋਂ ਲਗਾਏ ਗਏ ਸਿੱਖਿਆ ਦੇ ਬੂਟੇ ਦੀ ਸਾਂਭ ਸੰਭਾਲ ਕਰਨ ਦੀ ਜ਼ਿੰਮੇਵਾਰੀ ਨੂੰ ਬਖ਼ੂਬੀ ਨਿਭਾਇਆ ਹੈ। ਉਹਨਾਂ ਕਿਹਾ ਕਿ ਸ. ਢੀਂਡਸਾ ਵੱਲੋਂ ਆਪਣੇ ਸਿਆਸੀ ਸਫ਼ਰ ਦੌਰਾਨ ਪੰਜਾਬ ਦੀ ਸਿਆਸਤ ਲਈ ਕੀਤੇ ਕਾਰਜਾਂ ਨੂੰ ਸੂਬੇ ਦੇ ਲੋਕਾਂ ਵੱਲੋਂ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

## ਹੱਜ ਲਈ ਦੁਨੀਆ ਭਰ ਤੋਂ 15 ਲੱਖ ਤੋਂ ਵੱਧ ਮੁਸਲਮਾਨ ਸਾਉਦੀ ਅਰਬ ਪੁੱਜੇ

ਅਰਫ਼ਾਤ (ਸਾਉਦੀ ਅਰਬ), 5 ਜੂਨ (ਚੜ੍ਹਦੀਕਲਾ ਬਿਊਰੋ) : ਇਸ ਸਾਲ ਹੱਜ ਕਰਨ ਲਈ ਦੁਨੀਆ ਭਰ ਤੋਂ 15 ਲੱਖ ਤੋਂ ਵੱਧ ਯਾਤਰੀ ਸਾਉਦੀ ਅਰਬ ਪਹੁੰਚੇ ਹਨ। ਸਰਕਾਰ ਦੇ ਇਕ ਬੁਲਾਰੇ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਹੱਜ ਇਸਲਾਮ ਦੇ ਪੰਜ ਸਤੰਭਾਂ ਵਿਚੋਂ ਇੱਕ ਹੈ। ਆਰਥਿਕ ਅਤੇ ਸਰੀਰਕ ਤੌਰ 'ਤੇ ਸਮਰੱਥ ਮੁਸਲਮਾਨ ਲਈ ਇਹ ਜ਼ਰੂਰੀ ਮੰਨਿਆ ਜਾਂਦਾ ਹੈ ਕਿ ਉਹ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਵਾਰੀ ਹੱਜ ਜ਼ਰੂਰ ਕਰੇ। ਹੱਜ ਮੰਤਰਾਲੇ ਦੇ ਬੁਲਾਰੇ ਗੱਸਾਨ ਅਲ ਨਉਇਮੀ ਨੇ ਵਿਦੇਸ਼ੀ ਹੱਜ ਯਾਤਰੀਆਂ ਦੀ ਅੰਦਾਜ਼ਨ ਗਿਣਤੀ ਬਾਰੇ ਦੱਸਿਆ ਹੈ। ਪਿਛਲੇ ਸਾਲ ਦੁਨੀਆਂ ਭਰ ਤੋਂ 16 ਲੱਖ ਤੋਂ ਵੱਧ ਮੁਸਲਮਾਨਾਂ ਨੇ ਹੱਜ ਕੀਤਾ ਸੀ। ਹੱਜ ਲਗਭਗ 40 ਡਿਗਰੀ ਸੈਲਸੀਅਸ ਦੀ ਤਿੱਖੀ ਗਰਮੀ ਵਿੱਚ ਕੁਝ ਲੋਕ ਪੈਦਲ ਯਾਤਰਾ ਕਰ ਰਹੇ ਸਨ, ਜਦਕਿ ਹੋਰ ਆਪਣੇ ਨਾਲ ਬਜ਼ੁਰਗਾਂ ਨੂੰ ਲੈ ਕੇ ਚੱਲ ਰਹੇ ਸਨ।

## ਪੁਤਿਨ-ਟਰੰਪ ਗੱਲਬਾਤ ਦੌਰਾਨ ਭਾਰਤ ਅਤੇ ਪਾਕਿਸਤਾਨ ਦਰਮਿਆਨ ਟਕਰਾਅ 'ਤੇ ਵੀ ਚਰਚਾ

ਚੜ੍ਹਦੀਕਲਾ ਬਿਊਰੋ

================



ਮਾਸਕੋ ,5 ਜੂਨ : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਹਾਲ ਹੀ ਵਿੱਚ ਹੋਈ ਫ਼ੋਨ ਗੱਲਬਾਤ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਏ ਫੌਜੀ ਟਕਰਾਅ 'ਤੇ ਵੀ ਚਰਚਾ ਹੋਈ। ਕ੍ਰੇਮਲਿਨ ਦੇ ਅਧਿਕਾਰੀ ਯੂਰੀ ਉਸ਼ਾਕੋਵ ਨੇ ਇਹ ਜਾਣਕਾਰੀ ਦਿੱਤੀ। ਦੋਵਾਂ ਦੇਸ਼ਾਂ ਦੇ ਰਾਜ ਮੁਖੀਆਂ ਵਿਚਕਾਰ ਹੋਈ ਗੱਲਬਾਤ ਬਾਰੇ ਜਾਣਕਾਰੀ ਦਿੰਦੇ ਹੋਏ ਉਸ਼ਾਕੋਵ ਨੇ ਕਿਹਾ ਕਿ ਬੁੱਧਵਾਰ ਨੂੰ ਹੋਈ ਗੱਲਬਾਤ ਦੌਰਾਨ ਦੋਵਾਂ ਨੇਤਾਵਾਂ ਨੇ ਯੂਕ੍ਰੇਨ ਅਤੇ ਕੁਝ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ। ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਤਾਸ' ਨੇ ਉਸ਼ਾਕੋਵ ਦੇ ਹਵਾਲੇ ਨਾਲ ਕਿਹਾ,'ਉਨ੍ਹਾਂ ਨੇ ਪੱਛਮੀ ਏਸ਼ੀਆ ਅਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਥਿਆਰਬੰਦ ਟਕਰਾਅ 'ਤੇ ਵੀ ਚਰਚਾ ਕੀਤੀ, ਜਿਸ ਨੂੰ ਰਾਸ਼ਟਰਪਤੀ ਟਰੰਪ ਦੇ ਨਿੱਜੀ ਦਖਲਅੰਦਾਜ਼ੀ ਦੁਆਰਾ ਰੋਕਿਆ ਗਿਆ ਸੀ।' ਹਾਲਾਂਕਿ ਉਸ਼ਾਕੋਵ ਨੇ ਇਸ ਬਾਰੇ ਵਿਸਤ੍ਰਿਤ ਜਾਣਕਾਰੀ ਨਹੀਂ ਦਿੱਤੀ। ਟਰੰਪ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਸ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਨੂੰ ਰੋਕਿਆ ਹੈ ਹਾਲਾਂਕਿ ਭਾਰਤ ਨੇ ਇਹ ਸਪੱਸ਼ਟ ਕਰ (ਬਾਕੀ ਸਫਾ 2 'ਤੇ)

## ਟਰੰਪ ਨਾਲ ਗੱਲਬਾਤ ਤੋਂ ਘੰਟੇ ਮਗਰੋਂ ਰੂਸ ਦਾ ਯੂਕ੍ਰੇਨ 'ਤੇ ਹਮਲਾ

ਮਾਸਕੋ, 5 ਜੂਨ (ਚੜ੍ਹਦੀਕਲਾ ਬਿਊਰੋ) : ਵੀਰਵਾਰ ਨੂੰ ਉੱਤਰੀ ਯੂਕਰੇਨ ਦੇ ਸ਼ਹਿਰ ਪ੍ਰਿਲੁਕੀ 'ਤੇ ਡਰੋਨ ਹਮਲੇ 'ਚ ਇੱਕ ਬੱਚੇ, ਉਸ ਦੀ ਮਾਂ ਅਤੇ ਦਾਦੀ ਸਮੇਤ ਘੱਟੋ-ਘੱਟ ਪੰਜ ਲੋਕ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਦੇ ਅਨੁਸਾਰ, ਛੇ ਡਰੋਨਾਂ ਨੇ ਸਵੇਰੇ 5:30 ਵਜੇ ਸ਼ਹਿਰ ਦੇ ਇੱਕ ਰਿਹਾਇਸ਼ੀ ਖੇਤਰ 'ਤੇ ਹਮਲਾ ਕੀਤਾ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਟੈਲੀਗ੍ਰਾਮ 'ਤੇ ਇੱਕ ਪੋਸਟ ਵਿੱਚ ਕਿਹਾ, 'ਹਮਲੇ ਵਿੱਚ ਆਪਣੀ ਜਾਨ ਗੁਆਉਣ ਵਾਲਾ (ਬਾਕੀ ਸਫਾ 2 'ਤੇ)

## ਸ੍ਰੀਨਗਰ 'ਚ ਨੌਜਵਾਨਾਂ ਤੇ ਸਿੱਖ ਸ਼ਰਧਾਲੂਆਂ ਵਿਚਕਾਰ ਝੜਪ

ਚੜ੍ਹਦੀਕਲਾ ਬਿਊਰੋ

================



ਸ੍ਰੀਨਗਰ, 5 ਜੂਨ :ਸ੍ਰੀਨਗਰ ਦੀਆਂ ਸੜਕਾਂ 'ਤੇ ਉਸ ਸਮੇਂ ਅਸ਼ਾਂਤੀ ਦਾ ਮਾਹੌਲ ਬਣ ਗਿਆ ਜਦੋਂ ਸਿੱਖ ਸ਼ਰਧਾਲੂਆਂ ਤੇ ਸਥਾਨਕ ਨੌਜਵਾਨਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਚਸ਼ਮਦੀਦਾਂ ਅਨੁਸਾਰ, ਮਾਮੂਲੀ ਝਗੜੇ ਨੇ ਜਲਦੀ ਹੀ ਝੜਪ ਦਾ ਰੂਪ ਧਾਰਨ ਕਰ ਲਿਆ। ਸਥਿਤੀ ਹੋਰ ਵੀ ਗੰਭੀਰ ਹੋ ਗਈ ਜਦੋਂ ਕੁਝ ਸਿੱਖ ਸ਼ਰਧਾਲੂ ਤਲਵਾਰਾਂ ਲੈ ਕੇ ਨੌਜਵਾਨਾਂ ਦੇ ਪਿੱਛੇ ਭੱਜਦੇ ਵੇਖੇ ਗਏ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਸਥਿਤੀ ਨੂੰ ਕਾਬੂ ਕਰ ਲਿਆ ਗਿਆ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਦੋਵਾਂ ਧਿਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਝਗੜੇ ਦਾ ਕਾਰਨ ਸੜਕ 'ਤੇ ਕਿਸੇ ਗੱਲ ਨੂੰ ਲੈ ਕੇ ਹੋਈ ਬਹਿਸ ਦੱਸੀ ਜਾ ਰਹੀ ਹੈ। ਬੀਤੀ ਰਾਤ ਲਗਭਗ 12 ਵਜੇ ਸ੍ਰੀਨਗਰ ਦੇ ਪੈਟਰੋਲ ਪੰਪ ਨੇੜੇ ਬੱਸ ਸਟੈਂਡ 'ਤੇ ਹੰਗਾਮਾ ਹੋ ਗਿਆ, ਜਦੋਂ ਕਿਸੇ ਗੱਲ ਨੂੰ ਲੈ ਕੇ ਸਿੱਖ ਸ਼ਰਧਾਲੂਆਂ (ਬਾਕੀ ਸਫਾ 2 'ਤੇ)

# ਜਥੇ. ਗਿ. ਗੜਗੱਜ ਅੱਜ ਕੌਮ ਦੇ ਨਾਮ ਸੰਦੇਸ਼ ਦੇਣ ਅਤੇ ਬਾਬਾ ਹਰਨਾਮ ਸਿੰਘ ਵਿਰੋਧ ਕਰਨ ਲਈ ਅੜੇ

### ਭਾਈ ਰਾਮ ਸਿੰਘ, ਜਥੇ. ਗੜਗੱਜ ਜਦ ਕਿ ਧਾਮੀ, ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਸਮਾਗਮਾਂ 'ਚ ਕਰਨਗੇ ਸ਼ਿਰਕਤ

ਬਬਲੂ ਮਹਾਜਨ

================



ਅੰਮ੍ਰਿਤਸਰ, 5 ਜੂਨ : ਪਿਛਲੇ ਕਈ ਦਿਨਾਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ 6 ਜੂਨ ਨੂੰ ਸਿੱਖ ਪੰਥ ਵੱਲੋਂ ਮਨਾਏ ਜਾ ਰਹੇ ਸ਼ਹੀਦੀ ਸਮਾਗਮਾਂ ਨੂੰ ਲੈ ਕੇ ਕਾਫੀ ਚਰਚਾਵਾਂ ਚੱਲ ਰਹੀਆਂ ਹਨ। ਦਮਦਮੀ ਟਕਸਾਲ ਦੇ ਬਾਬਾ ਹਰਨਾਮ ਸਿੰਘ ਵੱਲੋਂ ਬਿਆਨ ਜਾਰੀ ਕੀਤੇ ਗਏ ਹਨ ਕਿ ਜੇਕਰ 6 ਜੂਨ ਨੂੰ ਗਿਆਨੀ ਕੁਲਦੀਪ ਸਿੰਘ ਗੜਗੱਜ ਸੰਦੇਸ਼ ਪੜਨਗੇ ਤਾਂ ਵਿਰੋਧ ਕੀਤਾ ਜਾਵੇਗਾ।

ਬਾਬਾ ਹਰਨਾਮ ਸਿੰਘ ਨੇ ਬੀਤੇ ਦਿਨੀਂ ਪ੍ਰੈਸ ਕਾਨਫਰਸ ਕਰਕੇ ਕਿਹਾ ਸੀ ਜੇਕਰ 6 ਜੂਨ ਨੂੰ ਗਿਆਨੀ ਕੁਲਦੀਪ ਸਿੰਘ ਗੜਗੱਜ ਸੰਦੇਸ਼ ਪੜਨਗੇ ਤਾਂ ਵਿਰੋਧ ਕੀਤਾ ਜਾਵੇਗਾ ਕਿਉਂਕਿ ਉਹਨਾਂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਤਨਖਾਹੀਆ ਕਰਾਰ ਕੀਤਾ ਹੋਇਆ ਹੈ ਤੇ ਤਨਖਾਹੀਆ ਬੰਦਾ ਸੰਦੇਸ਼ ਕਿਵੇਂ ਪੜ੍ਹ ਸਕਦਾ ਹੈ।ਦੂਜੇ ਪਾਸੇ ਜੱਥੇਦਾਰ ਗੜਗੱਜ ਵੱਲੋਂ ਬਿਆਨ ਜਾਰੀ ਕੀਤਾ ਗਿਆ ਹੈ ਕਿ 6 ਜੂਨ ਦਾ ਸਮਾਗਮ ਸ਼ਾਂਤਮਈ ਤਰੀਕੇ ਨਾਲ ਹੋਵੇਗਾ ਤੇ ਉਹ ਸਿੱਖ ਪੰਥ ਦੇ ਨਾਮ ਸੰਦੇਸ਼ ਵੀ ਪੜਨਗੇ। ਕਿਤੇ ਨਾ ਕਿਤੇ ਜਥੇਦਾਰ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਆਪਸੀ ਤਕਰਾਰ ਹੋਣ ਦੇ (ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਨੂੰ ਅਪਮਾਨ ਨੋਟਿਸ ਜਾਰੀ

## ਫੂਡ ਸੇਫਟੀ ਐਂਡ ਸਟੈਂਡਰਡ ਐਕਟ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕੀਤੀ ਗਈ: ਹਾਈ ਕੋਰਟ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 5 ਜੂਨ : ਕੇਕ ਖਾਣ ਤੋਂ ਬਾਅਦ ਸ਼ੱਕੀ ਹਾਲਾਤਾਂ ਵਿੱਚ ਲੜਕੀ ਦੀ ਮੌਤ ਦੇ ਮਾਮਲੇ ਵਿੱਚ, ਪੰਜਾਬ-ਹਰਿਆਣਾ ਹਾਈ ਕੋਰਟ ਨੇ ਮਿਲਾਵਟਖੋਰਾਂ ਵਿਰੁੱਧ ਕਾਰਵਾਈ ਕਰਨ ਅਤੇ ਫੂਡ ਸੇਫਟੀ ਐਂਡ ਸਟੈਂਡਰਡ ਐਕਟ ਦੀ ਸਹੀ ਪਾਲਣਾ ਯਕੀਨੀ ਬਣਾਉਣ ਦੀ ਮੰਗ 'ਤੇ 60 ਦਿਨਾਂ ਦੇ ਅੰਦਰ ਫੈਸਲਾ ਨਾ ਲੈਣ 'ਤੇ ਪੰਜਾਬ ਸਰਕਾਰ ਨੂੰ ਅਪਮਾਨ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਨੇ ਮਾਰਚ ਵਿੱਚ ਪੰਜਾਬ ਸਰਕਾਰ ਨੂੰ ਮੰਗ 'ਤੇ ਫੈਸਲਾ ਲੈਣ ਦਾ ਆਦੇਸ਼ ਦਿੱਤਾ ਸੀ। ਪਟੀਸ਼ਨ ਦਾਇਰ ਕਰਦੇ ਹੋਏ, ਮੋਹਾਲੀ ਨਿਵਾਸੀ ਐਡਵੋਕੇਟ ਕੁੰਵਰ ਪਾਹੁਲ ਸਿੰਘ ਨੇ ਹਾਈ ਕੋਰਟ ਨੂੰ ਦੱਸਿਆ ਕਿ 24 ਮਾਰਚ, 2024 ਨੂੰ, 10 ਸਾਲਾ ਲੜਕੀ ਮਾਨਵੀ ਦੀ ਉਸ ਦੇ ਜਨਮਦਿਨ 'ਤੇ ਕੇਕ ਖਾਣ ਤੋਂ ਬਾਅਦ ਮੌਤ ਹੋ ਗਈ ਸੀ। ਪਟੀਸ਼ਨਕਰਤਾ ਨੇ ਦੱਸਿਆ ਕਿ ਹਾਲ ਹੀ ਵਿੱਚ, ਮਿਲਾਵਟਖੋਰੀ ਦਾ ਖੇਡ ਬਹੁਤ ਵਧ ਗਿਆ ਹੈ ਪਰ ਸਮਰੱਥ ਅਧਿਕਾਰੀਆਂ ਵੱਲੋਂ ਇਸਨੂੰ ਰੋਕਣ ਲਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। 2013 ਵਿੱਚ, (ਬਾਕੀ ਸਫਾ 2 'ਤੇ)

# 'ਆਪ' ਵੱਲੋਂ ਉਪ ਚੋਣ ਲਈ ਕੇਜਰੀਵਾਲ, ਮਾਨ, ਸਿਸੋਦੀਆ ਸਮੇਤ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

ਚੰਡੀਗੜ੍ਹ, 5 ਜੂਨ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਨੇ ਵੀਰਵਾਰ ਨੂੰ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ-ਚੋਣ ਲਈ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸਮੇਤ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ। ਕੇਜਰੀਵਾਲ ਅਤੇ ਮਾਨ ਤੋਂ ਇਲਾਵਾ ਸੂਚੀ ਵਿੱਚ ਮਨੀਸ਼ ਸਿਸੋਦੀਆ, ਦਿੱਲੀ ਦੇ ਸਾਬਕਾ ਮੁੱਖ ਮੰਤਰੀ ਆਤਿਸ਼ੀ, ਸੁਨੀਤਾ ਕੇਜਰੀਵਾਲ, ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ, ਰਾਖੀ ਬਿੜਲਾ, 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਨਾਮ ਸ਼ਾਮਲ ਹਨ। ਪਾਰਟੀ ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ, ਡਾ. ਸੰਦੀਪ ਪਾਠਕ, ਰਾਘਵ ਚੱਢਾ, ਹਰਭਜਨ ਸਿੰਘ, ਬਲਬੀਰ ਸਿੰਘ ਸੀਚੇਵਾਲ ਅਤੇ ਅਸ਼ੋਕ ਮਿੱਤਲ ਦੇ ਨਾਮ ਵੀ ਸੂਚੀ ਵਿੱਚ ਸ਼ਾਮਲ ਹਨ। ਇਸ ਦੇ ਨਾਲ ਹੀ ਲੋਕ ਸਭਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਡਾ. ਰਾਜ ਕੁਮਾਰ ਚੱਬੇਵਾਲ ਅਤੇ ਮਾਲਵਿੰਦਰ ਸਿੰਘ ਕੰਗ ਨੂੰ ਵੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਰਜੋਤ ਬੈਂਸ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ, ਬਲਜੀਤ ਕੌਰ, ਡਾ. ਬਲਬੀਰ ਸਿੰਘ, ਲਾਲਜੀਤ ਸਿੰਘ ਭੁੱਲਰ, ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਖੁੱਡੀਆਂ, ਹਰਦੀਪ ਸਿੰਘ ਮੁੰਡੀਆਂ, ਬਰਿੰਦਰ ਗੋਇਲ, ਤਰੁਨਪ੍ਰੀਤ ਸਿੰਘ ਸੌਂਦ, ਮਹਿੰਦਰ ਭਗਤ, ਡਾ. ਰਵਜੋਤ, ਹਰਦੀਪ ਮੁੰਡੀਆਂ ਵੀ ਸਟਾਰ ਪ੍ਰਚਾਰਕਾਂ ਵਿੱਚ ਸ਼ਾਮਲ ਹਨ। ਪਾਰਟੀ ਵਿਧਾਇਕ ਤੇ ਚੀਫ਼ ਵ੍ਹਿਪ ਬਲਜਿੰਦਰ ਕੌਰ, ਜੀਵਨ ਸਿੰਘ ਸੰਗੋਵਾਲ, ਅਸ਼ੋਕ ਪਰਾਸ਼ਰ ਪੱਪੀ, ਕੁਲਵੰਤ ਸਿੰਘ ਸਿੱਧੂ, ਦਲਜੀਤ ਸਿੰਘ ਗਰੇਵਾਲ, ਮਦਨ ਲਾਲ ਬੱਗਾ, ਰਜਿੰਦਰ ਪਾਲ ਕੌਰ ਛੀਨਾ ਅਤੇ 'ਆਪ' ਆਗੂ ਸਨੀਆ ਮਾਨ ਨੂੰ ਵੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਲੁਧਿਆਣਾ ਪੱਛਮੀ ਵਿੱਚ ਕਾਂਗਰਸ ਨੂੰ ਵੱਡਾ ਝਟਕਾ !

# ਕਾਂਗਰਸ ਛੱਡ ਕੇ ਦਰਜਨਾਂ ਪਰਿਵਾਰ 'ਆਪ' ਵਿੱਚ ਸ਼ਾਮਲ



ਲੁਧਿਆਣਾ/ਚੰਡੀਗੜ੍ਹ, 5 ਜੂਨ (ਅੰਮ੍ਰਿਤਪਾਲ ਸਿੰਘ) : ਲੁਧਿਆਣਾ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਅੱਜ ਫਿਰ ਵੱਡੀ ਕਾਮਯਾਬੀ ਮਿਲੀ ਹੈ। ਇਸ ਦੇ ਨਾਲ ਹੀ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਵੀਰਵਾਰ ਨੂੰ, ਜ਼ਿਮਨੀ ਚੋਣ ਲੜ ਰਹੇ ਆਜ਼ਾਦ ਉਮੀਦਵਾਰ ਚੰਦਨ ਚਨਾਲੀਆ ਸਮੇਤ ਲਗਭਗ ਦੋ ਦਰਜਨ ਕਾਂਗਰਸੀ ਪਰਿਵਾਰ 'ਆਪ' ਵਿੱਚ ਸ਼ਾਮਲ ਹੋ ਗਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਪੱਛਮੀ ਤੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਅਤੇ ਪਾਰਟੀ ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੀ ਮੌਜੂਦਗੀ ਵਿੱਚ ਸਾਰੇ ਆਗੂਆਂ ਅਤੇ ਪਰਿਵਾਰਾਂ ਦਾ ਰਸਮੀ ਤੌਰ 'ਤੇ ਪਾਰਟੀ ਵਿੱਚ ਸਵਾਗਤ ਕੀਤਾ।

ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸਿੱਖਿਆ ਸ਼ਾਸਤਰੀ ਸਿੰਮੀ ਚੋਪੜਾ ਪਸ਼ਾਨ, ਵਿਨਾਇਕ ਪਸ਼ਾਨ, ਚੰਦਰਜੀਤ ਕਰਨ, ਰਣਬੀਰ ਸਿੰਘ (ਸੇਵਾਮੁਕਤ ਪੁਲਿਸ ਅਧਿਕਾਰੀ ਅਤੇ ਸਾਬਕਾ ਅੰਤਰਰਾਸ਼ਟਰੀ ਵਾਲੀਬਾਲ ਖਿਡਾਰੀ), ਐਡਵੋਕੇਟ ਜੀਵਨਜੋਤ, ਐਡਵੋਕੇਟ ਮਮਤ ਅਰੋੜਾ ਅਤੇ ਮਨੀਸ਼ ਅਗਰਵਾਲ ਸ਼ਾਮਲ ਹਨ।

ਕਾਂਗਰਸ ਤੋਂ ਆਏ ਲੋਕਾਂ ਵਿਚ ਵਰੁਣ ਸ਼ਰਮਾ (ਵਾਰਡ ਨੰ. 60), ਪ੍ਰਿਅੰਕਾ ਸ਼ਰਮਾ (ਵਾਰਡ ਨੰ. 60), ਸੌਰਵ ਅਰੋੜਾ (ਵਾਰਡ ਨੰ. 57), ਰਾਜਾ ਸਿੰਘ (ਵਾਰਡ ਨੰ. 73), ਰਾਜੇਸ਼ ਬਿੰਦਰਾ (ਵਾਰਡ ਨੰ. 73), ਅਸ਼ਵਨੀ ਭਾਰਦਵਾਜ (ਵਾਰਡ ਨੰ. 73), ਵਿੱਕੀ ਗੌਰਵ (ਵਾਰਡ ਨੰ. 73), ਯਸ਼ਪਾਲ ਸ਼ਰਮਾ (ਵਾਰਡ ਨੰ. 73), (ਵਾਰਡ ਨੰ. 73), ਰਵੀ ਬਾਲੀ, ਰਜਿੰਦਰ ਕੌਰ, ਪਿਤੂ ਗਿੱਲ, ਕਮਲ ਧੀਰ, ਰੁਪਿੰਦਰ ਸਿੰਘ, ਨੀਨਾ ਭੱਠਲ, ਕੁੱਕੂ ਗਰੇਵਾਲ, ਮਮਤਾ ਮਹਿਤਾ, ਅਨੂ ਕਾਲੀਆ, ਮਨਿੰਦਰ ਬੱਗਾ, ਜਸਲੀਨ ਕੌਰ, ਸਮਰ ਬਜਾਜ, ਗੀਤੂ ਕਪੂਰ ਅਤੇ ਮਧੂ ਥਾਪਰ ਸ਼ਾਮਿਲ ਹਨ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਬਿਜਲੀ, ਸਿੱਖਿਆ ਅਤੇ ਸਿਹਤ ਸੇਵਾਵਾਂ ਤੋਂ ਬਹੁਤ ਖੁਸ਼ ਹਨ। ਹਰ ਵਰਗ ਅਤੇ ਸਮਾਜ ਦੇ ਲੋਕ ਸਰਕਾਰ ਦਾ ਸਮਰਥਨ ਕਰ ਰਹੇ ਹਨ ਅਤੇ ਲਗਾਤਾਰ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

ਪਾਰਟੀ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਦੇ ਸ਼ਾਮਲ ਹੋਣ ਦੀ ਪ੍ਰਸ਼ੰਸਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਔਰਤਾਂ ਦੇ ਸ਼ਾਮਲ ਹੋਣ ਤੋਂ ਬਹੁਤ ਪ੍ਰਭਾਵਿਤ ਹਾਂ। ਪਾਰਟੀ ਸੰਗਠਨ ਅਤੇ ਸਰਕਾਰ ਵਿੱਚ ਸਾਰਿਆਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਸਿੱਖਿਆ ਪ੍ਰਣਾਲੀ ਵਿੱਚ ਸੁਧਾਰ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਾਲ ਪੰਜਾਬ ਦੇ ਸਰਕਾਰੀ ਸਕੂਲਾਂ ਦੇ 44 ਵਿਦਿਆਰਥੀਆਂ ਨੇ ਜੇਈਈ ਐਡਵਾਂਸਡ ਦਾ ਪੇਪਰ ਪਾਸ ਕੀਤਾ ਹੈ। ਹੁਣ ਉਨ੍ਹਾਂ ਨੂੰ ਦੇਸ਼ ਦੇ ਸਭ ਤੋਂ ਵੱਕਾਰੀ ਇੰਜੀਨੀਅਰਿੰਗ ਸੰਸਥਾ, ਆਈਆਈਟੀ ਵਿੱਚ ਦਾਖਲਾ ਮਿਲੇਗਾ। ਅਸੀਂ ਅੱਜ ਉਨ੍ਹਾਂ ਨੂੰ ਸਨਮਾਨਿਤ ਕੀਤਾ ਹੈ। ਉਨ੍ਹਾਂ ਨੇ ਕੋਚਿੰਗ 'ਤੇ ਕੋਈ ਪੈਸਾ ਖ਼ਰਚ ਨਹੀਂ ਕੀਤਾ। ਸਾਰਿਆਂ ਨੂੰ ਮੁਫ਼ਤ ਕੋਚਿੰਗ ਅਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ।

## ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ

ਦੱਸ ਦੇਈਏ ਕਿ ਪੰਜਾਬ ਕੈਬਨਿਟ ਵੱਲੋਂ ਅੱਜ ਲੈਂਡ ਪੂਲਿੰਗ ਪਾਲਿਸੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਦੀ ਮੀਟਿੰਗ ਵਿਚ ਇਸ ਪਾਲਿਸੀ ਨੂੰ ਪਾਸ ਕਰ ਦਿੱਤਾ ਗਿਆ ਹੈ। ਜਾਣੋ ਜ਼ਮੀਨ ਮਾਲਕਾਂ ਨੂੰ ਕਿਵੇਂ ਫਾਇਦਾ ਹੋਵੇਗਾ।

## ਸ਼ਿਵਰਾਜ ਸਿੰਘ ਚੌਹਾਨ ਕਿਸਾਨਾਂ ਨਾਲ

ਥਾਂ ਮੱਕੀ, ਦਾਲਾਂ ਤੇ ਤੇਲ ਬੀਜਾਂ ਹੇਠ ਰਕਬਾ ਵਧਾਉਣ ਲਈ ਕੇਂਦਰੀ ਸਹਾਇਤਾ ਵੀ ਮੰਗੀ ਅਤੇ ਨਰਮੇ ਦੀ ਫ਼ਸਲ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਝੋਨੇ ਦੀ ਫ਼ਸਲ ਦੀ ਖਰੀਦ 'ਚ ਐਫ.ਸੀ.ਆਈ. ਵੱਲੋਂ ਅੜਿੱਕੇ ਡਾਹੁਣ ਦਾ ਮਸਲਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ। ਇਸ ਦੌਰਾਨ ਰਾਜਪੁਰਾ ਬਲਾਕ ਦੇ ਪਿੰਡ ਖੇੜੀ ਗੰਢਿਆਂ ਵਿਖੇ ਕਿਸਾਨ ਗੁਰਪ੍ਰੀਤ ਸਿੰਘ ਦੇ ਖੇਤਾਂ ਵਿੱਚ ਖੁੰਭ ਚਰਚਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ ਵਿਖੇ ਕਿਸਾਨਾਂ ਨਾਲ ਖੁੱਲ੍ਹਾ ਵਿਚਾਰ ਵਟਾਂਦਰਾ ਕਰਦਿਆਂ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨਾਂ ਦੀ ਤਰੱਕੀ ਤੋਂ ਬਗੈਰ ਦੇਸ਼ ਦਾ ਵਿਕਾਸ ਨਹੀਂ ਹੋ ਸਕਦਾ। ਉਨ੍ਹਾਂ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਦਾ ਸੱਦਾ ਦਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਇਸ ਨਿਰਾਲੀ ਤਕਨੀਕ ਨੂੰ ਕੁਦਰਤੀ ਸਰੋਤਾਂ ਲਈ ਸੰਜੀਵਨੀ ਕਰਾਰ ਦਿੱਤਾ। ਕਿਸਾਨਾਂ ਨਾਲ ਗੱਲਬਾਤ ਦੌਰਾਨ ਸ਼ਿਵਰਾਜ ਸਿੰਘ ਚੌਹਾਨ ਨੇ ਸੂਬੇ ਦੇ ਕਿਸਾਨਾਂ ਵੱਲੋਂ ਦੇਸ਼ ਦੇ ਅੰਨ ਭੰਡਾਰ 'ਚ ਪਾਏ ਯੋਗਦਾਨ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਪੰਜਾਬ ਦੀ ਭੂਮੀ, ਜਜ਼ਬੇ, ਕਿਸਾਨਾਂ ਦੀ ਮਿਹਨਤ ਤੇ ਜਨੂੰਨ ਨੂੰ ਪ੍ਰਣਾਮ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਬਦੌਲਤ ਹੀ ਅੱਜ ਦੇਸ਼ 'ਚ ਕਣਕ, ਚਾਵਲ ਸਮੇਤ ਮੱਕੀ, ਸੋਇਆਬੀਨ ਦੇ ਉਤਪਾਦਨ ਦੇ ਰਿਕਾਰਡ ਟੁੱਟੇ ਹਨ, ਪਰੰਤੂ ਹੁਣ ਦਾਲਾਂ ਤੇ ਤੇਲ ਬੀਜਾਂ ਦੀ ਕਮੀ ਵੀ ਪੰਜਾਬ ਦੇ ਕਿਸਾਨਾਂ ਦੀ ਮੱਦਦ ਨਾਲ ਪੂਰੀ ਕੀਤੀ ਜਾਵੇਗੀ। ਇਸ ਦੌਰਾਨ ਵੱਖ-ਵੱਖ ਕਿਸਾਨਾਂ ਨੇ ਝੋਨੇ ਦੀ ਪਰਾਲੀ ਦਾ ਬਿਨ੍ਹਾਂ ਅੱਗ ਲਗਾਏ ਨਿਪਟਾਰਾ ਕਰਨ, ਫ਼ਸਲੀ ਵਿਭਿੰਨਤਾ ਦੌਰਾਨ ਮੁਸ਼ਕਿਲਾਂ, ਪਾਣੀ ਬਚਾਉਣ ਲਈ ਝੋਨੇ ਦੀ ਸਿੱਧੀ ਬਿਜਾਈ, ਡੇਅਰੀ ਧੰਦੇ ਤੇ ਖੇਤੀਬਾੜੀ ਸਬੰਧੀ ਹੋਰ ਦਿੱਕਤਾਂ ਸਮੇਤ ਆਪਣੀ ਸਫ਼ਲ ਖੇਤੀ ਦੇ ਤਜ਼ਰਬੇ ਕੇਂਦਰੀ ਮੰਤਰੀ ਨਾਲ ਸਾਂਝੇ ਕੀਤੇ। ਕੇ.ਵੀ.ਕੇ. ਰੌਣੀ ਵਿਖੇ ਕੇਂਦਰੀ ਮੰਤਰੀ ਅਤੇ ਪੰਜਾਬ ਦੇ ਮੰਤਰੀ ਨੇ ਵਿਸ਼ਵ ਵਾਤਾਵਰਣ ਦਿਵਸ ਦੇ ਮੱਦੇਨਜ਼ਰ ਬੂਟੇ ਵੀ ਲਗਾਏ। ਸਮਾਰੋਹ ਮੌਕੇ ਭਾਰਤ ਦੇ ਖੇਤੀਬਾੜੀ ਕਮਿਸ਼ਨਰ ਪੀ.ਕੇ. ਸਿੰਘ, ਆਈ.ਸੀ.ਏ.ਆਰ ਦੇ ਡਾਇਰੈਕਟਰ ਜਨਰਲ ਡਾ. ਐਮ.ਐਲ. ਜਾਟ, ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਸਕੱਤਰ ਡਾ. ਬਸੰਤ ਗਰਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ.ਐਸ. ਗੋਸਲ, ਆਈ.ਸੀ.ਏ.ਆਰ ਦੇ ਡਿਪਟੀ ਡਾਇਰੈਕਟਰ ਜਨਰਲ ਡਾ. ਰਾਜਬੀਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਅਟਾਰੀ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ਼ ਵੈਟਰਨਰੀ ਸਾਇੰਸਿਜ਼ ਦੇ ਵੀ.ਸੀ. ਡਾ. ਜਤਿੰਦਰਪਾਲ ਸਿੰਘ ਗਿੱਲ, ਐਸ.ਐਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ, ਅਟਾਰੀ ਦੇ ਨਿਰਦੇਸ਼ਕ ਡਾ. ਨੰਦੀਕੇਸ਼ ਕੰਬਾਵਾਲੀਵਾਲੇ, ਡਾ. ਪਰਮਿੰਦਰ ਸ਼ੇਰੋਂ, ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ, ਏ.ਡੀ.ਸੀ. ਇਸ਼ਾ ਸਿੰਗਲ, ਐਸ.ਡੀ.ਐਮ. ਰਾਜਪੁਰਾ ਅਵਿਕੇਸ਼ ਗੁਪਤਾ, ਵਣ ਮੰਡਲ ਅਫ਼ਸਰ ਗੁਰਅਮਨਪ੍ਰੀਤ ਸਿੰਘ ਸਮੇਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਕਿਸਾਨ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪਹਿਲੇ ਸਫ਼ੇ ਦੀ ਬਾਕੀ

## ਆਰ.ਸੀ.ਬੀ. 'ਤੇ ਮਾਮਲਾ

ਕਰਾਂਗਾ। ਮੈਂ ਕੇ.ਐਸ.ਸੀ.ਏ., ਆਰ.ਸੀ.ਬੀ. ਪ੍ਰਬੰਧਨ, ਇਵੈਂਟ ਮੈਨੇਜਰ ਅਤੇ ਪੁਲਿਸ ਕਮਿਸ਼ਨਰ ਨੂੰ ਨੋਟਿਸ ਜਾਰੀ ਕਰਾਂਗਾ। ਮੈਂ ਇਸ ਨੂੰ ਸੁਣਵਾਈ ਲਈ ਕੱਲ੍ਹ ਕਰਾਂਗਾ। ਇਸ ਦੁਖਾਂਤ ਲਈ ਕੌਣ ਜ਼ਿੰਮੇਵਾਰ ਹੈ, ਇਸ ਸਵਾਲ ਦਾ ਜਵਾਬ ਦਿੰਦੇ ਹੋਏ, ਉਨ੍ਹਾਂ ਕਿਹਾ, ਮੈਂ ਸਿਰਫ਼ ਜਾਂਚ ਸ਼ੁਰੂ ਕਰ ਰਿਹਾ ਹਾਂ। ਮੈਂ ਇਸ ਨੂੰ ਹੁਣੇ ਖਤਮ ਨਹੀਂ ਕਰਾਂਗਾ। ਉਨ੍ਹਾਂ ਕਿਹਾ, ਮੈਨੂੰ ਜਾਂਚ ਕਰਨੀ ਹੈ ਅਤੇ ਸਰਕਾਰ ਨੂੰ ਰਿਪੋਰਟ ਸੌਂਪਣੀ ਹੈ। ਕਰਨਾਟਕ ਸਰਕਾਰ ਨੇ ਅਦਾਲਤ ਨੂੰ ਦੱਸਿਆ- 2.5 ਲੱਖ ਲੋਕ ਮੁਫ਼ਤ ਪ੍ਰਵੇਸ਼ ਸੋਚ ਕੇ ਆਏ ਸਨ। ਇਸ ਮਾਮਲੇ ਵਿੱਚ ਅਦਾਲਤ ਵਿੱਚ ਵੀ ਸੁਣਵਾਈ ਚੱਲ ਰਹੀ ਹੈ। ਵੀਰਵਾਰ ਨੂੰ ਕਰਨਾਟਕ ਹਾਈ ਕੋਰਟ ਨੇ ਚਿੰਨਾਸਵਾਮੀ ਕ੍ਰਿਕਟ ਸਟੇਡੀਅਮ ਨੇੜੇ ਭਗਦੜ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਕੀਤੀ। ਅਦਾਲਤ ਨੇ ਕਿਹਾ ਕਿ ਅਸੀਂ ਆਪਣਾ ਪੱਖ ਐਡਵੋਕੇਟ ਜਨਰਲ ਦੇ ਸਾਹਮਣੇ ਰੱਖਿਆ ਹੈ। ਉਨ੍ਹਾਂ ਨੇ ਇੱਕ ਸਟੇਟਸ ਰਿਪੋਰਟ ਦਾਇਰ ਕੀਤੀ ਹੈ, ਜਿਸ ਨੂੰ ਰਿਕਾਰਡ 'ਤੇ ਲਿਆ ਗਿਆ ਹੈ। ਰਜਿਸਟਰੀ ਨੂੰ ਇਸ ਸੂਓ ਮੋਟੂ ਨੋਟਿਸ ਨੂੰ ਸੂਓ ਮੋਟੂ ਰਿੱਟ ਪਟੀਸ਼ਨ ਵਜੋਂ ਦਰਜ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਅਦਾਲਤ ਨੇ ਮੰਗਲਵਾਰ, 10 ਜੂਨ ਨੂੰ ਪਟੀਸ਼ਨ ਨੂੰ ਦੁਬਾਰਾ ਸੂਚੀਬੱਧ ਕਰਨ ਲਈ ਕਿਹਾ। ਸੁਣਵਾਈ ਦੌਰਾਨ, ਸੀਨੀਅਰ ਪੁਲਿਸ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਕਿ ਅਸੀਂ ਪਹਿਲਾਂ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਕੋਈ ਦੋਸ਼ ਨਾ ਲੱਗੇ। ਅਸੀਂ ਸਿਰਫ਼ ਤੱਥਾਂ ਨੂੰ ਉਸੇ ਤਰ੍ਹਾਂ ਪੇਸ਼ ਕਰਨਾ ਚਾਹੁੰਦੇ ਹਾਂ ਜਿਵੇਂ ਉਹ ਵਾਪਰੇ ਸਨ। ਅਸੀਂ ਕੋਈ ਪ੍ਰਤੀਕੂਲ ਵਿਚਾਰ ਨਹੀਂ ਲੈ ਰਹੇ ਹਾਂ। ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ 1000 ਤੋਂ ਵੱਧ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਸਟੇਡੀਅਮ ਦੀ ਸਮਰੱਥਾ 35,000 ਹੈ। ਆਮ ਤੌਰ 'ਤੇ ਸਿਰਫ਼ 30,000 ਟਿਕਟਾਂ ਹੀ ਵੇਚੀਆਂ ਜਾਂਦੀਆਂ ਹਨ। ਇਸ ਵਾਰ ਲਗਭਗ 2.5 ਲੱਖ ਲੋਕ ਇਹ ਸੋਚ ਕੇ ਆਏ ਕਿ ਪ੍ਰਵੇਸ਼ ਮੁਫ਼ਤ ਹੈ। ਸੁਣਵਾਈ ਦੌਰਾਨ, ਐਡਵੋਕੇਟ ਜਨਰਲ ਸ਼ਸ਼ੀ ਕਿਰਨ ਸ਼ੈੱਟੀ ਨੇ ਕਿਹਾ ਕਿ ਸਮਾਰੋਹ ਵਿੱਚ ਮੁਫ਼ਤ ਪ੍ਰਵੇਸ਼ ਦੇ ਐਲਾਨ ਕਰਕੇ, ਇੱਕ ਵੱਡੀ ਭੀੜ ਇਕੱਠੀ ਹੋ ਗਈ, ਜਿਸ ਕਾਰਨ ਭਗਦੜ ਵਰਗੀ ਸਥਿਤੀ ਪੈਦਾ ਹੋ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਇਸ ਮਾਮਲੇ ਨੂੰ ਟਕਰਾਅ ਦੇ ਰੂਪ ਨਾਲ ਦੇਖਣ ਦਾ ਇਰਾਦਾ ਨਹੀਂ ਰੱਖਦੀ, ਪਰ ਇਹ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਗਲਤੀਆਂ ਕਿੱਥੇ ਹੋਈਆਂ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਦੁਖਾਂਤਾਂ ਦੁਹਰਾਈਆਂ ਨਾ ਜਾਣ। ਐਡਵੋਕੇਟ ਜਨਰਲ ਨੇ ਕਿਹਾ ਕਿ ਪੂਰੇ ਸ਼ਹਿਰ ਵਿੱਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ, ਪਰ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਸਥਿਤੀ ਬੇਕਾਬੂ ਹੋ ਗਈ। ਹਰ ਵਿਅਕਤੀ ਸੋਚ ਰਿਹਾ ਸੀ ਕਿ ਉਹ ਸਿਰਫ਼ ਇੱਕ ਹੋਰ ਵਿਅਕਤੀ ਹੈ ਜੋ ਅੰਦਰ ਜਾ ਰਿਹਾ ਹੈ, ਜਦੋਂ ਕਿ ਅਸਲ ਵਿੱਚ ਉਹੀ ਇੱਕ ਵੱਡੀ ਭੀੜ ਸੀ।

## ਮੋਦੀ ਦੇ ਦੌਰੇ ਤੋਂ ਪਹਿਲਾਂ ਜੰਮੂ-ਕਸ਼ਮੀਰ 'ਚ ਸੁਰੱਖਿਆ

ਕਰਨ ਵਾਲੇ ਹਨ, ਜੋ ਕਸ਼ਮੀਰ ਵਾਦੀ ਨੂੰ ਸਿੱਧਾ ਰੇਲ ਸੰਪਰਕ ਮੁਹੱਈਆ ਕਰਵਾਏਗਾ। ਮੋਦੀ ਹੋਰ ਵੀ ਬਹੁਤ ਸਾਰੇ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣਗੇ ਜਾਂ ਉਨ੍ਹਾਂ ਦੇ ਉਦਘਾਟਨ ਕਰਨਗੇ। ਇਨ੍ਹਾਂ ਵਿਚ ਰਿਆਸੀ ਜ਼ਿਲ੍ਹੇ ਵਿਚ ਤ੍ਰਿਕੁਟਾ ਪਹਾੜੀਆਂ ਦੇ ਉੱਪਰ ਵੈਸ਼ਨੋ ਦੇਵੀ ਤੀਰਥ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਲਈ ਅਧਾਰ ਕੈਂਪ, ਕਟੜਾ ਵਿਖੇ 46,000 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰਾਜੈਕਟ ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਮੋਦੀ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਸ੍ਰੀਨਗਰ ਅਤੇ ਵਾਪਸ ਜਾਣ ਵਾਲਿਆਂ ਦੇ ਵੰਦੇ ਭਾਰਤ ਐਕਸਪ੍ਰੈਸ ਟ੍ਰੇਨਾਂ ਨੂੰ ਵੀ ਹਰੀ ਝੰਡੀ ਦਿਖਾਉਣਗੇ। ਇਹ ਨਿਵਾਸੀਆਂ, ਸੈਲਾਨੀਆਂ, ਸ਼ਰਧਾਲੂਆਂ ਸਮੇਤ ਹੋਰਾਂ ਲਈ ਇੱਕ ਤੇਜ਼, ਆਰਾਮਦਾਇਕ ਅਤੇ ਭਰੋਸੇਮੰਦ ਯਾਤਰਾ ਵਿਕਲਪ ਪੇਸ਼ ਕਰਨਗੇ।

## ਵਿਸ਼ਵ ਵਾਤਾਵਰਨ ਦਿਵਸ ਮੌਕੇ ਪ੍ਰਧਾਨ

ਪੌਦਾ ਲਗਾਇਆ। ਇਹ ਪੌਦਾ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਕੱਛ ਦੌਰੇ ਦੌਰਾਨ ਔਰਤਾਂ ਦੁਆਰਾ ਭੇਟ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਇੰਸਟਾਗ੍ਰਾਮ 'ਤੇ ਲਿਖਿਆ,'ਕੱਛ ਦੀਆਂ ਬਹਾਦਰ ਮਾਵਾਂ ਅਤੇ ਭੈਣਾਂ, ਜਿਨ੍ਹਾਂ ਨੇ 1971 ਦੀ ਜੰਗ ਵਿੱਚ ਹਿੰਮਤ ਅਤੇ ਬਹਾਦਰੀ ਦੀ ਇੱਕ ਸ਼ਾਨਦਾਰ ਉਦਾਹਰਣ ਕਾਇਮ ਕੀਤੀ, ਨੇ ਮੇਰੀ ਹਾਲੀਆ ਗੁਜਰਾਤ ਫੇਰੀ ਦੌਰਾਨ ਮੈਨੂੰ ਇੱਕ ਸਿੰਦੂਰ ਦਾ ਪੌਦਾ ਭੇਟ ਕੀਤਾ ਸੀ। ਅੱਜ, ਵਿਸ਼ਵ ਵਾਤਾਵਰਨ ਦਿਵਸ 'ਤੇ, ਮੈਨੂੰ ਨਵੀਂ ਦਿੱਲੀ ਸਥਿਤ ਪ੍ਰਧਾਨ ਮੰਤਰੀ ਨਿਵਾਸ 'ਤੇ ਉਹ ਪੌਦਾ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਪੌਦਾ ਸਾਡੇ ਦੇਸ਼ ਦੀ ਨਾਰੀ ਸ਼ਕਤੀ ਦੀ ਬਹਾਦਰੀ ਅਤੇ ਪ੍ਰੇਰਨਾ ਦਾ ਇੱਕ ਮਜ਼ਬੂਤ ਪ੍ਰਤੀਕ ਬਣਿਆ ਰਹੇਗਾ।

## ਮਾਨ ਨੇ ਨੌਜਵਾਨ ਅਫ਼ਸਰਾਂ ਨੂੰ ਦੇਸ਼ 'ਚ

ਜਿਸ ਨਾਲ ਦੇਸ ਦੇ ਵਿਕਾਸ ਨੂੰ ਹੁਲਾਰਾ ਮਿਲੇਗਾ।

ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਨਵ-ਨਿਯੁਕਤ ਅਧਿਕਾਰੀ ਦੇਸ ਨੂੰ ਆਪਣੀ ਸਾਨ ਦੇ ਸਿਖਰ 'ਤੇ ਲੈ ਜਾਣਗੇ। ਯੂਪੀਐਸਸੀ ਪ੍ਰੀਖਿਆ ਨੂੰ ਸਫਲਤਾਪੂਰਵਕ ਪਾਸ ਕਰਨ ਲਈ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ 5 ਲੱਖ ਤੋਂ ਵੱਧ ਉਮੀਦਵਾਰਾਂ ਨੇ ਇਹ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ 14,627 ਮੇਨਸ ਦੀ ਪ੍ਰੀਖਿਆ ਲਈ ਜਦਕਿ 2845 ਇੰਟਰਵਿਊ ਲਈ ਚੁਣੇ ਗਏ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਖੀਰ ਵਿੱਚ 1009 ਉਮੀਦਵਾਰਾਂ ਦੀ ਅਫ਼ਸਰ ਵਜੋਂ ਚੋਣ ਹੋਈ ਹੈ, ਜਿਨ੍ਹਾਂ ਵਿੱਚੋਂ 26 ਸੂਬੇ ਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਮੈਰਿਟ ਦੇ ਆਧਾਰ 'ਤੇ ਚੁਣਿਆ ਗਿਆ ਹੈ ਕਿਉਂਕਿ ਪ੍ਰੀਖਿਆ ਕਰਵਾਉਣ ਤੋਂ ਲੈ ਕੇ ਨਿਯੁਕਤੀਆਂ ਤੱਕ ਦੀ ਸਮੁੱਚੀ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ ਅਤੇ ਪਾਰਦਰਸੀ ਢੰਗ ਨਾਲ ਕੀਤੀ ਗਈ ਸੀ। ਨੌਜਵਾਨ ਅਧਿਕਾਰੀਆਂ ਦੇ ਸਾਨਦਾਰ ਕਰੀਅਰ ਅਤੇ ਸੁਨਿਹਰੀ ਭਵਿੱਖ ਦੀ ਕਾਮਨਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਕੇ ਪੂਰੇ ਉਤਸਾਹ ਅਤੇ ਲਗਨ ਨਾਲ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਨਵੇਂ ਭਰਤੀ ਹੋਏ ਅਧਿਕਾਰੀਆਂ ਨੂੰ ਨੇੜਲੇ ਭਵਿੱਖ ਵਿੱਚ ਪੂਰੇ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤਾਂ ਜੋ ਉਹ ਵਧੇਰੇ ਕੁਸ਼ਲਤਾ ਨਾਲ ਆਪਣੀ ਡਿਊਟੀ ਨਿਭਾ ਸਕਣ।

ਇਸ ਮੌਕੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਮੁੱਖ ਮੰਤਰੀ ਦੇ ਵਿਸੇਸ ਪ੍ਰਮੁੱਖ ਸਕੱਤਰ ਕੁਮਾਰ ਅਮਿਤ ਅਤੇ ਹੋਰ ਵੀ ਮੌਜੂਦ ਸਨ।

## ਦੇਸ਼ 'ਚ ਵਧੀ ਕੋਰੋਨਾ ਦੀ ਰਫ਼ਤਾਰ

ਮਿਆਦ ਦੌਰਾਨ 7 ਹੋਰ ਮਰੀਜ਼ਾਂ ਦੀ ਜਾਨ ਚਲੀ ਗਈ। ਜਿਹੜੇ 7 ਮਰੀਜ਼ਾਂ ਦੀ ਮੌਤ ਹੋਈ ਹੈ, ਉਨ੍ਹਾਂ 'ਚ ਰਾਸ਼ਟਰੀ ਰਾਜਧਾਨੀ ਅਤੇ ਕਰਨਾਟਕ ਦੇ 2-2 ਅਤੇ ਮਹਾਰਾਸ਼ਟਰ 'ਚ ਤਿੰਨ ਮਰੀਜ਼ ਸ਼ਾਮਲ ਹਨ।

ਸਿਹਤ ਮੰਤਰਾਲਾ ਨੇ ਕਿਹਾ ਕਿ ਕੋਰੋਨਾ ਦੀ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਮੰਤਰਾਲਾ ਨੇ ਲੋਕਾਂ ਨੂੰ ਕੋਰੋਨਾ ਪ੍ਰੋਟੋਕਾਲ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ ਅਤੇ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ। ਲੋਕਾਂ ਨੂੰ ਭੀੜ ਵਾਲੇ ਇਲਾਕਿਆਂ 'ਚ ਜਾਣ ਤੋਂ ਬਚਣਾ ਚਾਹੀਦਾ, ਮਾਸਕ ਦਾ ਇਸਤੇਮਾਲ ਕਰਨਾ ਚਾਹੀਦਾ। ਸਥਾਨਕ ਪ੍ਰਸ਼ਾਸਨ ਨੂੰ ਸਾਰੇ ਤਰ੍ਹਾਂ ਦੀ ਸਿਹਤ ਸੇਵਾਵਾਂ ਦੀ ਤਿਆਰੀ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੀ ਤਿਆਰੀ ਪਰਖਣ ਲਈ ਕੱਲ੍ਹ ਮੌਕ ਡਰਿੱਲ ਦੀ ਯੋਜਨਾ ਬਣਾਈ ਗਈ ਹੈ। ਦੇਸ਼ ਦੇ ਕੁੱਲ ਸਰਗਰਮ ਮਾਮਲਿਆਂ 'ਚੋਂ ਸਭ ਤੋਂ ਵੱਧ 1487 ਕੇਰਲ ਦੇ ਹਨ ਅਤੇ ਦਿੱਲੀ 'ਚ 562 ਮਾਮਲੇ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ, ਮਹਾਰਾਸ਼ਟਰ 'ਚ 526, ਗੁਜਰਾਤ 'ਚ 508, ਪੱਛਮੀ ਬੰਗਾਲ 'ਚ 538, ਕਰਨਾਟਕ 'ਚ 436, ਤਾਮਿਲਨਾਡੂ 'ਚ 213, ਉੱਤਰ ਪ੍ਰਦੇਸ਼ 'ਚ 198, ਰਾਜਸਥਾਨ 'ਚ 103, ਹਰਿਆਣਾ 'ਚ 63, ਆਂਧਰਾ ਪ੍ਰਦੇਸ਼ 'ਚ 50, ਪੁਡੂਚੇਰੀ 'ਚ 17, ਮੱਧ ਪ੍ਰਦੇਸ਼ 'ਚ 30, ਝਾਰਖੰਡ 'ਚ 8, ਛੱਤੀਸਗੜ੍ਹ 'ਚ 19, ਬਿਹਾਰ 'ਚ 31, ਓਡੀਸ਼ਾ 'ਚ 18, ਜੰਮੂ ਅਤੇ ਕਸ਼ਮੀਰ 'ਚ ਪੰਜ, ਪੰਜਾਬ 'ਚ 16, ਗੋਆ ਅਤੇ ਆਸਾਮ 'ਚ 8-8, ਸਿੱਕਮ 'ਚ 9, ਤੇਲੰਗਾਨਾ 'ਚ ਤਿੰਨ, ਉਤਰਾਖੰਡ 'ਚ 6, ਚੰਡੀਗੜ੍ਹ 'ਚ 2 ਅਤੇ ਹਿਮਾਚਲ ਪ੍ਰਦੇਸ਼ ਅਤੇ ਮਿਜ਼ੋਰਮ 'ਚ ਇਕ-ਇਕ ਸਰਗਰਮ ਮਾਮਲੇ ਹਨ।

## ਪੰਜਾਬ 'ਚ ਚੱਲਦੀ ਰੇਲ ਗੱਡੀ

ਦਿੱਤਾ, ਉਸ ਸਮੇਂ ਰੌਲਾ ਪੈ ਗਿਆ ਕਿ ਇਕ ਇਲੈਕਟਰਿਕ ਮਾਲ ਗੱਡੀ ਦਾ ਇੰਜਣ ਫੇਲ੍ਹ ਹੋ ਗਿਆ ਹੈ ਅਤੇ ਉਸ ਦੇ ਡੱਬੇ ਵਾਪਸ ਅਨੰਦਪੁਰ ਸਾਹਿਬ ਵੱਲ ਨੂੰ ਤੇਜੀ ਨਾਲ ਮੁੜ ਰਹੇ ਹਨ ਅਤੇ ਰੇਲਵੇ ਦੇ ਕਈ ਮੁਲਾਜ਼ਮ ਡੱਬਿਆਂ ਨੂੰ ਉਡੀਕਦੇ ਬੈਟਰੀਆਂ ਮਾਰ ਕੇ ਆਪਣੀ ਡਿਊਟੀ ਸੁਚੱਜੇ ਢੰਗ ਨਾਲ ਨਿਭਾਅ ਰਹੇ ਸਨ ਅਤੇ ਉਨ੍ਹਾਂ ਨੇ ਤੁਰੰਤ ਹੀ ਫਾਟਕ ਦੇ ਆਲੇ ਦੁਆਲੇ ਖੜ੍ਹੇ ਵਾਹਨ ਵਾਲਿਆਂ ਨੂੰ ਸੰਜਮ ਵਰਤਣ ਵਾਲੀ ਕਿਹਾ ਅਤੇ ਦੱਸਿਆ ਕਿ ਸੰਜਮ ਵਰਤੋਂ ਰੇਲ ਗੱਡੀ ਜੋ ਕੋਲੇ ਨਾਲ ਲੱਦੀ ਹੋਈ ਹੈ, ਜੋ ਐੱਨ. ਐੱਫ਼. ਐੱਲ. ਫੈਕਟਰੀ ਨੂੰ ਜਾ ਰਹੀ ਸੀ, ਉਸ ਦਾ ਇੰਜਣ ਫੇਲ੍ਹ ਹੋ ਗਿਆ ਹੈ, ਉਹ ਵਾਪਸ ਆ ਰਹੀ ਹੈ। ਇਸ ਪ੍ਰਤੀਨਿਧੀ ਦੇ ਵੇਖਦੇ-ਵੇਖਦੇ ਮਾਲ ਗੱਡੀ ਦਾ ਇੰਜਣ ਦੇ ਆਖਰੀ ਗਾਰਡ ਵਾਲਾ ਡੱਬਾ ਵਾਪਸ ਆਇਆ ਅਤੇ ਇੰਝ ਹੌਲੀ-ਹੌਲੀ ਕਰਦਿਆਂ ਅੱਧੇ ਘੰਟੇ ਦੇ ਕਰੀਬ ਸਮਾਂ ਲੱਗਿਆ ਕਿ ਸਾਰੀ ਮਾਲ ਗੱਡੀ ਦੇ ਡੱਬੇ ਹੌਲੀ-ਹੌਲੀ ਆਨੰਦਪੁਰ ਸਾਹਿਬ ਵੱਲ ਨੂੰ ਵਾਪਸ ਆ ਗਏ। ਇਸ ਸਮੇਂ ਅਨੰਦਪੁਰ ਸਾਹਿਬ ਦੇ ਬੱਸ ਸਟੈਂਡ ਦੇ ਸਾਹਮਣੇ ਇਸ ਮਾਲ ਗੱਡੀ ਦਾ ਇਲੈਕਟਰਿਕ ਇੰਜਣ ਖੜ੍ਹਾ ਹੈ ਅਤੇ ਉਸ ਦੇ ਪਿੱਛੇ ਕਿਲੋਮੀਟਰ ਦੇ ਕਰੀਬ ਭਰੀ ਹੋਈ ਕੋਲੇ ਨਾਲ ਲੱਦੀ ਰੇਲ ਗੱਡੀ ਦੇ ਡੱਬੇ ਖੜ੍ਹੇ ਹਨ ਅਤੇ ਇਕ ਮਾਲ ਗੱਡੀ ਵੀਰ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ 'ਤੇ ਖੜ੍ਹੀ ਹੈ।

## ਪੁਤਿਨ-ਟਰੰਪ ਗੱਲਬਾਤ ਦੌਰਾਨ ਭਾਰਤ

ਦਿੱਤਾ ਹੈ ਕਿ ਪਾਕਿਸਤਾਨ ਨਾਲ ਫੌਜੀ ਟਕਰਾਅ ਨੂੰ ਰੋਕਣ ਲਈ ਸਮਝੌਤਾ ਦੋਵਾਂ ਫੌਜਾਂ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ ਵਿਚਕਾਰ ਸਿੱਧੀ ਗੱਲਬਾਤ ਤੋਂ ਬਾਅਦ ਹੋਇਆ ਸੀ। ਇਸ ਦੌਰਾਨ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਵਿਸ਼ੇਸ਼ ਸਹਾਇਕ ਸਈਦ ਤਾਰਿਕ ਫਾਤਮੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਪੁਤਿਨ ਨੂੰ ਭਾਰਤ ਨਾਲ ਟਕਰਾਅ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਨ ਦੀ ਅਪੀਲ ਕੀਤੀ ਹੈ। ਫਾਤਮੀ ਨੇ ਮੰਗਲਵਾਰ ਨੂੰ ਮਾਸਕੋ ਵਿੱਚ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਮੁਲਾਕਾਤ ਕੀਤੀ ਅਤੇ ਸ਼ਰੀਫ ਦਾ ਪੁਤਿਨ ਨੂੰ ਇੱਕ ਪੱਤਰ ਸੌਂਪਿਆ। ਫਾਤਮੀ ਨੇ ਕਿਹਾ,'ਮੈਂ ਰੂਸੀ ਵਿਦੇਸ਼ ਮੰਤਰੀ ਲਾਵਰੋਵ ਨਾਲ ਮੁਲਾਕਾਤ ਕੀਤੀ। ਮੈਂ ਉਨ੍ਹਾਂ ਨੂੰ ਸਾਡੇ ਪ੍ਰਧਾਨ ਮੰਤਰੀ ਵੱਲੋਂ ਪੁਤਿਨ ਨੂੰ ਲਿਖਿਆ ਇੱਕ ਪੱਤਰ ਸੌਂਪਿਆ। ਅਸੀਂ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਇਹ ਯਕੀਨੀ ਬਣਾਉਣ ਕਿ ਭਾਰਤ ਅਤੇ ਪਾਕਿਸਤਾਨ ਗੱਲਬਾਤ ਦੀ ਮੇਜ਼ 'ਤੇ ਬੈਠਣ ਅਤੇ ਇੱਕ ਕੂਟਨੀਤਕ ਹੱਲ ਤੱਕ ਪਹੁੰਚਣ।' 'ਤਾਸ' ਦੀ ਖ਼ਬਰ ਅਨੁਸਾਰ ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਪਾਕਿਸਤਾਨ ਰੂਸ ਤੋਂ ਕਿਸੇ ਵੀ ਪਹਿਲਕਦਮੀ ਦੀ ਉਡੀਕ ਕਰ ਰਿਹਾ ਹੈ, ਜੋ ਭਾਰਤ ਨਾਲ ਤਣਾਅ ਘਟਾਉਣ ਵਿੱਚ ਮੱਦਦ ਕਰੇਗਾ।

## ਟਰੰਪ ਨਾਲ ਗੱਲਬਾਤ ਤੋਂ ਘੰਟੇ ਮਗਰੋਂ ਰੂਸ ਦਾ

ਬੱਚਾ (1) ਇੱਕ ਐਮਰਜੈਂਸੀ ਰਿਸਪਾਂਸ ਸੇਵਾ ਕਰਮਚਾਰੀ ਦਾ ਪੋਤਾ ਸੀ। ਇੱਕ ਬਚਾਅ ਕਰਮਚਾਰੀ ਹੁਣੇ ਆਪਣੇ ਘਰ ਪਹੁੰਚਿਆ ਸੀ ਜਦੋਂ ਉਸਨੂੰ ਪਤਾ ਲੱਗਾ ਕਿ ਉਸਦੇ ਘਰ 'ਤੇ ਸ਼ਾਹਿਦ ਡਰੋਨ ਨਾਲ ਹਮਲਾ ਕੀਤਾ ਗਿਆ ਹੈ।' ਹਮਲੇ ਤੋਂ ਕੁਝ ਘੰਟੇ ਪਹਿਲਾਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫ਼ੋਨ 'ਤੇ ਗੱਲ ਕੀਤੀ। ਯੂਕਰੇਨ ਦੇ ਕਈ ਇਲਾਕਿਆਂ ਵਿੱਚ ਡਰੋਨ ਹਮਲੇ ਹੋਏ ਹਨ। ਅਧਿਕਾਰੀਆਂ ਨੇ ਕਿਹਾ ਕਿ ਪ੍ਰਿਲੁਕੀ ਵਿੱਚ ਹਮਲੇ ਵਿੱਚ ਛੇ ਲੋਕ ਜ਼ਖਮੀ ਹੋਏ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਹ ਸ਼ਹਿਰ ਰਾਜਧਾਨੀ ਕੀਵ ਤੋਂ 100 ਕਿਲੋਮੀਟਰ ਦੂਰ ਸਥਿਤ ਹੈ। ਇਹ ਸ਼ਹਿਰ ਸਰਹੱਦ ਤੋਂ ਬਹੁਤ ਦੂਰ ਹੈ। ਜ਼ੇਲੇਂਸਕੀ ਨੇ ਕਿਹਾ ਕਿ ਕੱਲ੍ਹ ਰਾਤ ਯੂਕਰੇਨ ਦੇ ਵੱਖ-ਵੱਖ ਖੇਤਰਾਂ, ਜਿਨ੍ਹਾਂ ਵਿੱਚ ਡੋਨੇਟਸਕ, ਖਾਰਕਿਵ,ਓਡੇ, ਸੁਮੀ, ਚੇਰਨੀਹਿਵ, ਡਨੀਪ੍ਰੋ ਅਤੇ ਖੇਰਸਨ ਸ਼ਾਮਲ ਹਨ, ਵਿੱਚ ਕੁੱਲ 103 ਡਰੋਨ ਅਤੇ ਇੱਕ ਬੈਲਿਸਟਿਕ ਮਿਜ਼ਾਈਲ ਹਮਲਾ ਕੀਤਾ ਗਿਆ। ਜ਼ੇਲੇਂਸਕੀ ਨੇ ਕਿਹਾ ਕਿ ਇਹ ਇੱਕ ਹੋਰ ਵੱਡਾ ਹਮਲਾ ਹੈ। ਇਹ ਸਭ ਤੋਂ ਸਖ਼ਤ ਪਾਬੰਦੀਆਂ ਅਤੇ ਸਮੂਹਿਕ ਦਬਾਅ ਪਾਉਣ ਦਾ ਇੱਕ ਹੋਰ ਮੌਕਾ ਹੈ। ਪੁਤਿਨ ਨਾਲ ਫ਼ੋਨ 'ਤੇ ਗੱਲਬਾਤ 'ਚ, ਟਰੰਪ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਨੇ ਬੁੱਧਵਾਰ ਨੂੰ ਉਨ੍ਹਾਂ ਨੂੰ 'ਬਹੁਤ ਦ੍ਰਿੜਤਾ ਨਾਲ' ਕਿਹਾ ਕਿ ਉਹ ਹਫਤੇ ਦੇ ਅੰਤ 'ਚ ਰੂਸੀ ਹਵਾਈ ਅੱਡਿਆਂ 'ਤੇ ਯੂਕਰੇਨ ਦੇ ਡਰੋਨ ਹਮਲਿਆਂ ਦਾ ਜਵਾਬ ਦੇਣਗੇ। ਅਮਰੀਕੀ ਰਾਸ਼ਟਰਪਤੀ ਨੇ ਇੱਕ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਉਨ੍ਹਾਂ ਦੀ ਪੁਤਿਨ ਨਾਲ ਲੰਬੀ ਗੱਲਬਾਤ ਹੋਈ ਅਤੇ'ਇਹ ਇੱਕ ਚੰਗੀ ਗੱਲਬਾਤ ਸੀ, ਪਰ ਇਹ ਅਜਿਹੀ ਗੱਲਬਾਤ ਨਹੀਂ ਸੀ ਜੋ ਤੁਰੰਤ ਸ਼ਾਂਤੀ ਵੱਲ ਲੈ ਜਾਵੇ। ਇਹ ਪਹਿਲੀ ਵਾਰ ਹੈ ਜਦੋਂ ਟਰੰਪ ਨੇ ਰੂਸ ਦੇ ਅੰਦਰ ਯੂਕਰੇਨ ਹਮਲੇ 'ਤੇ ਟਿੱਪਣੀ ਕੀਤੀ ਹੈ।

## ਫੂਡ ਸੇਫਟੀ ਐਂਡ ਸਟੈਂਡਰਡ ਐਕਟ ਦੀ ਸਹੀ ਢੰਗ

ਸੁਪਰੀਮ ਕੋਰਟ ਨੇ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ ਨੂੰ ਮਿਲਾਵਟਖੋਰੀ ਨੂੰ ਰੋਕਣ ਅਤੇ ਮਿਲਾਵਟਖੋਰੀ ਦੇ ਕਾਰੋਬਾਰ ਨੂੰ ਰੋਕਣ ਲਈ ਬਾਜ਼ਾਰਾਂ ਦਾ ਨਿਯਮਿਤ ਤੌਰ 'ਤੇ ਨਿਰੀਖਣ ਕਰਨ ਦਾ ਹੁਕਮ ਦਿੱਤਾ ਸੀ। 2016 ਵਿੱਚ ਇੱਕ ਹੋਰ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਸਾਰੇ ਰਾਜਾਂ ਨੂੰ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਸੀ। 24 ਮਾਰਚ, 2024 ਨੂੰ, ਮੋਹਾਲੀ ਦੀ ਰਹਿਣ ਵਾਲੀ ਮਾਨਵੀ ਵੀ ਅਜਿਹੀ ਮਿਲਾਵਟਖੋਰੀ ਦਾ ਸ਼ਿਕਾਰ ਹੋ ਗਈ ਸੀ। ਸਿਵਲ ਸਰਜਨ ਨੇ ਇਸ ਮਾਮਲੇ ਵਿੱਚ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਹਾਲ ਹੀ ਵਿੱਚ ਸਿਹਤ ਮੰਤਰੀ ਨੇ ਲੜਕੀ ਦੇ ਘਰ ਜਾ ਕੇ ਪਰਿਵਾਰ ਨਾਲ ਮੁਲਾਕਾਤ ਕੀਤੀ ਸੀ ਅਤੇ ਜਾਂਚ ਦੇ ਹੁਕਮ ਦਿੱਤੇ ਸਨ। ਪਟੀਸ਼ਨਕਰਤਾ ਨੇ ਕਿਹਾ ਕਿ ਇੱਕ ਮਜ਼ਬੂਤ ਵਿਧੀ ਵਿਕਸਤ ਕੀਤੇ ਬਿਨਾਂ ਇਸ ਮਿਲਾਵਟਖੋਰੀ ਦੇ ਕਾਰੋਬਾਰ ਨੂੰ ਰੋਕਿਆ ਨਹੀਂ ਜਾ ਸਕਦਾ। ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਅਚਨਚੇਤ ਨਿਰੀਖਣ ਕੀਤੇ ਜਾਣੇ ਚਾਹੀਦੇ ਹਨ।

## ਜਥੇ. ਗਿ. ਗੜਗੱਜ ਅੱਜ ਕੌਮ ਦੇ

ਬਾਵਜੂਦ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਵੀ 6 ਜੂਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰਲੇ ਪੁਖਤਾ ਪ੍ਰਬੰਧ ਕੀਤੇ ਜਾ ਚੁੱਕੇ ਹਨ। ਪ੍ਰਸ਼ਾਸਨ ਵੱਲੋਂ ਵੀ ਵੱਡੇ ਪੱਧਰ 'ਤੇ ਪੁਲਿਸ ਕਰਮਚਾਰੀ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦ ਤਾਇਨਾਤ ਕਰ ਦਿੱਤੇ ਗਏ ਹਨ ਤੇ ਪੁਲਿਸ ਦੇ ਉੱਚ ਅਧਿਕਾਰੀ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਗੜਗੱਜ ਨਾਲ ਮੀਟਿੰਗ ਕਰਕੇ ਆਪਣੇ ਪ੍ਰਬੰਧਾਂ ਬਾਰੇ ਜਾਣੂੰ ਕਰਵਾ ਚੁੱਕੇ ਹਨ। ਇਸ ਵਾਰ ਮਾਹੌਲ ਬਹੁਤ ਹੀ ਗਰਮਾਇਆ ਹੋਇਆ ਹੈ, ਪ੍ਰੰਤੂ ਇੱਥੇ ਜ਼ਿਕਰਯੋਗ ਹੈ ਕਿ ਜੱਥੇਦਾਰ ਗੜਗੱਜ ਵੱਲੋਂ ਜ਼ਮੀਨੀ ਪੱਧਰ 'ਤੇ ਕੀਤੇ ਕਾਰਜ ਨੂੰ ਵੇਖਦਿਆਂ ਜਿਹੜੀਆਂ ਜਥੇਬੰਦੀਆਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰਾਂ ਦਾ ਵਿਰੋਧ ਕਰਦੀਆਂ ਸਨ, ਉਹ ਇਸ ਵਾਰ ਜੱਥੇਦਾਰ ਗੜਗੱਜ ਦਾ ਸਾਥ ਦੇ ਰਹੀਆਂ ਹਨ ਤੇ ਜਿਹੜੀ ਜਥੇਬੰਦੀਆਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਇੱਕਜੁੱਟ ਹੋ ਕੇ ਖੜ੍ਹੀਆਂ ਸਨ, ਉਹ ਇਸ ਵਾਰ ਜੱਥੇਦਾਰ ਗੜਗੱਜ ਦਾ ਵਿਰੋਧ ਕਰ ਰਹੀਆਂ ਹਨ, ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਜੱਥੇਦਾਰ ਗੜਗੱਜ ਪ੍ਰਵਾਨ ਨਹੀਂ ਹੈ। ਦੂਜੇ ਪਾਸੇ ਜੱਥੇਦਾਰ ਗੜਗੱਜ ਦਾ ਕਹਿਣਾ ਹੈ ਕਿ 6 ਜੂਨ ਨੂੰ ਸ਼ਹੀਦੀ ਸਮਾਗਮ ਦੌਰਾਨ ਜੋ ਸ਼ਹੀਦੀ ਪਰਿਵਾਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਨਮਾਨ ਨਹੀਂ ਲੈਣਾ ਚਾਹੁੰਦੇ, ਇਹ ਉਹਨਾਂ ਦੀ ਮਰਜੀ ਹੈ ਤੇ ਜੋ ਲੈਣਾ ਚਾਹੁੰਦੇ ਹਨ ਉਹਨਾਂ ਦਾ ਉਹ ਜਰੂਰ ਸਨਮਾਨ ਕਰਣਗੇ। ਜੱਥੇਦਾਰ ਗੜਗੱਜ ਦਾ ਇਹ ਵੀ ਕਹਿਣਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸਤਾ ਨੂੰ ਬਰਕਰਾਰ ਰੱਖਦੇ ਹੋਏ ਸਾਨੂੰ 6 ਜੂਨ ਵਾਲੇ ਦਿਨ ਇੱਕਜੁੱਟ ਹੋ ਕੇ ਮਿਲ ਬੈਠ ਕੇ ਸ਼ਹੀਦੀ ਸਮਾਗਮ ਮਨਾਉਣੇ ਚਾਹੀਦੇ ਹਨ ਨਾ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆ ਕੇ ਖਲਰ ਪਾਉਣ ਜਾਂ ਵਿਰੋਧ ਕਰਨ ਦੇ ਬਿਆਨ ਜਾਰੀ ਕਰਨੇ ਚਾਹੀਦੇ ਹਨ। ਇਸ ਨਾਲ ਸਿੱਖ ਸੰਗਤ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸਿੱਖ ਪੰਥ ਦੀਆਂ ਕਾਫੀ ਜੱਥੇਬੰਦੀਆਂ ਵੱਲੋਂ ਆਪਸੀ ਟਕਰਾ ਸਬੰਧੀ ਕਿਆਸ ਕੀਤੇ ਜਾ ਰਹੇ ਹਨ ਪ੍ਰੰਤੂ ਜਥੇਦਾਰ ਗੜਗੱਜ ਨੇ ਇਹਨਾਂ ਅਫਵਾਵਾਂ ਨੂੰ ਸਿਰੇ ਤੋਂ ਨਕਾਰਦਿਆਂ ਇਕੱਠੇ ਹੋ ਕੇ ਸ਼ਾਂਤਮਈ ਢੰਗ ਨਾਲ ਸਮਾਗਮ ਮਨਾਉਣ ਦੀ ਅਪੀਲ ਕੀਤੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬਾਬਾ ਹਰਨਾਮ ਸਿੰਘ ਅਤੇ ਉਹਨਾਂ ਦੇ ਜੱਥੇ ਦੇ ਨੁਮਾਇੰਦਿਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਕੱਲ੍ਹ ਦੇ ਸਮਾਗਮ ਵਿੱਚ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਵੇ।ਕਿਤੇ ਨਾ ਕਿਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਦੇ ਧਾਰਮਿਕ ਮਾਮਲਿਆਂ ਵਿੱਚ ਕੀਤੀ ਦਖਲਅੰਦਾਜ਼ੀ ਕਾਰਨ ਹੀ ਅੱਜ ਸ਼੍ਰੋਮਣੀ ਕਮੇਟੀ ਇਸ ਸਮੇਂ ਮੁਸੀਬਤ ਦੀ ਘੜੀ ਵਿੱਚ ਖੜ੍ਹੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਾਬਾ ਹਰਨਾਮ ਸਿੰਘ ਵੱਲੋਂ ਕੀਤੇ ਜਾ ਰਹੇ ਵਿਰੋਧ ਕਾਰਨ ਕੱਲ੍ਹ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜੱਥੇਦਾਰ ਗੜਗੱਜ ਵੱਲੋਂ ਮਹਿਤੇ ਸ਼ਹੀਦੀ ਸਮਾਗਮ ਵਿਖੇ ਜਾਣ ਦੀ ਬਜਾਏ ਬਾਬਾ ਠਾਕਰ ਸਿੰਘ ਵੱਲੋਂ ਦਮਦਮੀ ਟਕਸਾਲ ਦੇ ਥਾਪੇ ਗਏ ਮੁੱਖ ਸੇਵਾਦਾਰ ਬਾਬਾ ਰਾਮ ਜੀ ਦੇ ਸਮਾਗਮ ਸੰਗਰਾਵਾਂ ਵਿਖੇ ਜਾਣ ਦੀਆਂ ਵੀ ਖੂਬ ਚਰਚਾਵਾਂ ਚੱਲ ਰਹੀਆਂ ਹਨ। ਇੱਥੇ ਇਹ ਵੀ ਦੱਸਣਾ ਚਾਹਾਂਗੇ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹੀਦੀ ਤੋਂ ਬਾਅਦ ਦਮਦਮੀ ਟਕਸਾਲ ਦੇ ਮੁਖੀ ਬਾਬਾ ਰਾਮ ਸਿੰਘ ਜੀ ਨੂੰ ਥਾਪਿਆ ਗਿਆ ਸੀ ਪ੍ਰੰਤੂ ਬਾਬਾ ਹਰਨਾਮ ਸਿੰਘ ਨੇ ਸਿਆਸੀ ਦਬਾਅ ਬਣਾ ਕੇ ਟਕਸਾਲ ਦੇ ਮੁੱਖ ਸੇਵਾਦਾਰ ਵਜੋਂ ਅਹੁਦਾ ਸਾਂਭ ਲਿਆ। ਪੰਥਕ ਗਲਿਆਰੇ ਵਿੱਚ ਇਹ ਵੀ ਚਰਚਾਵਾਂ ਚੱਲ ਰਹੀਆਂ ਹਨ ਕਿ 9 ਜੂਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਰੱਖੀ ਗਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਜੱਥੇਦਾਰਾਂ ਸਬੰਧੀ ਕੋਈ ਵੱਡਾ ਫੈਸਲਾ ਵੀ ਲਿਆ ਜਾ ਸਕਦਾ ਹੈ।

## ਸ੍ਰੀਨਗਰ 'ਚ ਨੌਜਵਾਨਾਂ ਤੇ ਸਿੱਖ

ਅਤੇ ਸਥਾਨਕ ਨੌਜਵਾਨਾਂ ਵਿਚਕਾਰ ਝਗੜਾ ਹੋ ਗਿਆ। ਚਸ਼ਮਦੀਦਾਂ ਅਨੁਸਾਰ, ਮਾਮੂਲੀ ਝਗੜੇ ਨੇ ਹਿੰਸਕ ਰੂਪ ਲੈ ਲਿਆ ਅਤੇ ਕੁਝ ਸਿੱਖ ਯਾਤਰੀ ਤਲਵਾਰਾਂ ਲੈ ਕੇ ਨੌਜਵਾਨਾਂ ਦੇ ਪਿੱਛੇ ਭੱਜਣ ਲੱਗ ਪਏ। ਮੌਕੇ 'ਤੇ ਹਫ਼ੜਾ-ਦਫ਼ੜੀ ਮਚ ਗਈ। ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਸਥਿਤੀ ਨੂੰ ਕਾਬੂ ਕਰ ਲਿਆ। ਫਿਲਹਾਲ ਪੁਲਿਸ ਨੇ ਦੋਵਾਂ ਧਿਰਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿਤੀ ਹੈ ਅਤੇ ਘਟਨਾ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ਹਿਰ ਦੇ ਬੱਸ ਸਟੈਂਡ ਇਲਾਕੇ ਵਿਚ ਬੀਤੀ ਰਾਤ ਸਿੱਖ ਸ਼ਰਧਾਲੂਆਂ ਅਤੇ ਸਥਾਨਕ ਨੌਜਵਾਨਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਣ 'ਤੇ ਹੰਗਾਮਾ ਹੋ ਗਿਆ। ਮਾਮਲਾ ਇੰਨਾ ਵਧ ਗਿਆ ਕਿ ਕੁਝ ਸਿੱਖ ਨੌਜਵਾਨ ਤਲਵਾਰਾਂ ਲੈ ਕੇ ਨੌਜਵਾਨਾਂ ਦੇ ਪਿੱਛੇ ਭੱਜਣ ਲੱਗ ਪਏ, ਜਿਸ ਨਾਲ ਇਲਾਕੇ ਵਿਚ ਹਫ਼ੜਾ-ਦਫ਼ੜੀ ਮਚ ਗਈ। ਇਸ ਪੂਰੀ ਘਟਨਾ ਦੀ ਵੀਡੀਉ ਨੇੜੇ ਮੌਜੂਦ ਲੋਕਾਂ ਨੇ ਰਿਕਾਰਡ ਕੀਤੀ ਸੀ, ਜੋ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵਾਇਰਲ ਵੀਡੀਉ ਵਿਚ ਝਗੜੇ ਅਤੇ ਸ਼ਰਧਾਲੂਆਂ ਵਲੋਂ ਤਲਵਾਰਾਂ ਲਹਿਰਾਉਂਦੇ ਸਾਫ਼-ਸਾਫ਼ ਦੇਖੇ ਜਾ ਸਕਦੇ ਹਨ। ਘਟਨਾ ਬਾਰੇ ਸ੍ਰੀਨਗਰ ਦੇ ਏਰੀਆ ਅਫ਼ਸਰ ਅਨੁਜ ਕੁਮਾਰ ਨੇ ਦਸਿਆ ਕਿ ਕਿਸੇ ਗੱਲ ਨੂੰ ਲੈ ਕੇ ਸਿੱਖ ਨੌਜਵਾਨਾਂ ਅਤੇ ਸਥਾਨਕ ਨੌਜਵਾਨਾਂ ਵਿਚਕਾਰ ਝਗੜਾ ਹੋਇਆ ਸੀ, ਜੋ ਬਾਅਦ ਵਿਚ ਲੜਾਈ ਵਿਚ ਬਦਲ ਗਿਆ। ਘਟਨਾ ਦੌਰਾਨ ਹੋਈ ਲੜਾਈ ਵਿੱਚ ਕੁਝ ਸਥਾਨਕ ਨੌਜਵਾਨ ਜ਼ਖਮੀ ਹੋ ਗਏ। ਪੁਲਿਸ ਨੇ ਇਸ ਮਾਮਲੇ ਵਿਚ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ, ਸਾਰੇ ਮੁਲਜ਼ਮਾਂ ਨੂੰ ਰੁਦਰਪ੍ਰਯਾਗ ਨੇੜੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨਾਲ ਹੀ ਘਟਨਾ ਵਿੱਚ ਵਰਤੀ ਗਈ ਸਾਈਕਲ ਵੀ ਜ਼ਬਤ ਕਰ ਲਈ ਗਈ ਹੈ। ਦੋਵਾਂ ਧਿਰਾਂ ਵੱਲੋਂ ਹਲਕੀ ਝੜਪ ਹੋਈ ਸੀ, ਜਿਸ ਨੂੰ ਤੁਰਤ ਕਾਬੂ ਕਰ ਲਿਆ ਗਿਆ। ਇਸ ਵੇਲੇ ਪੁਲਿਸ ਦੋਵਾਂ ਧਿਰਾਂ ਨਾਲ ਗੱਲ ਕਰ ਰਹੀ ਹੈ ਅਤੇ ਸ਼ਾਂਤੀ ਬਣਾਈ ਰੱਖਣ ਲਈ ਇਲਾਕੇ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ।

# ਦਲ ਖ਼ਾਲਸਾ ਵੱਲੋਂ ਅੰਮ੍ਰਿਤਸਰ ਵਿੱਚ ਘੱਲੂਘਾਰਾ ਯਾਦਗਾਰੀ ਮਾਰਚ

## ਜੂਨ 1984 ਦੇ ਸ਼ਹੀਦਾਂ ਨੂੰ ਯਾਦ ਕੀਤਾ; ਅੱਜ ਬੰਦ ਦਾ ਸੱਦਾ




ਅੰਮ੍ਰਿਤਸਰ, 5 ਜੂਨ (ਗੁਰਦਿਆਲ ਸਿੰਘ) : ਦਲ ਖਾਲਸਾ ਵੱਲੋਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੇ 41 ਸਾਲ ਪੂਰੇ ਹੋਣ 'ਤੇ ਅੱਜ ਸ਼ਾਮੀਂ ਸ਼ਹਿਰ ਦੇ ਪ੍ਰਮੁੱਖ ਬਜ਼ਾਰਾਂ ਵਿੱਚ ਘੱਲੂਘਾਰਾ ਯਾਦਗਾਰੀ ਮਾਰਚ ਕੱਢਿਆ ਗਿਆ। ਮਾਰਚ ਵਿਚ ਸ਼ਾਮਲ ਵੱਡੀ ਗਿਣਤੀ ਨੌਜਵਾਨਾਂ ਨੇ ਜੂਨ 1984 ਦੇ ਸ਼ਹੀਦਾਂ ਦੀਆਂ ਤਸਵੀਰਾਂ ਲੈ ਕੇ ਖਾਲਿਸਤਾਨੀ ਪਰਚਮ ਲਹਿਰਾਏ। ਘੱਲੂਘਾਰਾ ਯਾਦਗਾਰੀ ਮਾਰਚ ਬੁਰਜ ਅਕਾਲੀ ਫੂਲਾ ਸਿੰਘ ਤੋਂ ਸ਼ੁਰੂ ਹੋ ਕੇ ਦਰਬਾਰ ਸਾਹਿਬ ਤੱਕ ਪੁੱਜਾ। ਮਾਰਚ ਵਿਚ ਨੌਜਵਾਨਾਂ, ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਨੇ ਹੱਥਾਂ ਵਿੱਚ ਖ਼ਾਲਿਸਤਾਨ ਦੇ ਝੰਡੇ ਅਤੇ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਫੜ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ। ਮਾਰਚ ਵਿੱਚ ਦਲ ਖ਼ਾਲਸਾ ਦੀ ਲੀਡਰਸ਼ਿਪ ਤੋਂ ਇਲਾਵਾ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਅਕਾਲੀ ਦਲ ਅੰਮ੍ਰਿਤਸਰ, ਭਾਈ ਨਰਾਇਣ ਸਿੰਘ ਅਤੇ ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ ਹੇਠ ਪੰਥ ਸੇਵਕ ਜਥਾ ਦੇ ਪ੍ਰਤੀਨਿਧਾਂ ਨੇ ਵੀ ਸ਼ਮੂਲੀਅਤ ਕੀਤੀ। ਜੂਨ 1984 ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਭਾਈ ਅਮਰੀਕ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ, ਜਨਰਲ ਸ਼ੁਬੇਗ ਸਿੰਘ ਦੇ ਭਰਾ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਬੇਅੰਤ ਸਿੰਘ ਮਲੋਆ ਦੀ ਪੁੱਤਰੀ ਬੀਬੀ ਅੰਮ੍ਰਿਤ ਕੌਰ ਵੀ ਸ਼ਾਮਲ ਹੋਏ। ਦਲ ਖ਼ਾਲਸਾ ਦੇ ਬੁਲਾਰਿਆਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਤਣਾਅ ਖ਼ਤਮ ਕਰਨ ਅਤੇ ਟਕਰਾਅ ਨੂੰ ਟਾਲਣ ਲਈ ਪਹਿਲ ਦੇ ਆਧਾਰ 'ਤੇ ਵਾਹਗਾ-ਅਟਾਰੀ ਬਾਰਡਰ ਅਤੇ ਕਰਤਾਰਪੁਰ ਲਾਂਘਾ ਯਾਤਰੀਆਂ ਤੇ ਸ਼ਰਧਾਲੂਆਂ ਲਈ ਖੋਲ੍ਹਣ 'ਤੇ ਜ਼ੋਰ ਦਿੱਤਾ। ਪਾਰਟੀ ਦੇ ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਬੋਲਦਿਆਂ ਅਮਰੀਕਾ ਅਤੇ ਚੀਨ ਨੂੰ ਅਪੀਲ ਕੀਤੀ ਕਿ ਉਹ ਦੱਖਣੀ ਏਸ਼ੀਆ ਦੇ ਦੋਵਾਂ ਪ੍ਰਮਾਣੂ ਦੇਸ਼ਾਂ ਵਿਚਕਾਰ ਟਕਰਾਅ ਨੂੰ ਦੂਰ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ।

ਜਥੇਬੰਦੀ ਨੂੰ ਭਲਕੇ 6 ਜੂਨ ਨੂੰ ਫੌਜੀ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ੇ ਲੋਕਾਂ ਦੇ ਕਤਲੇਆਮ ਅਤੇ ਸਿੱਖ ਰੈਫਰੈਂਸ ਲਾਇਬਰੇਰੀ ਵਿੱਚੋਂ ਲੁੱਟੇ ਵਡਮੁੱਲੇ ਖਜ਼ਾਨੇ ਦੇ ਵਿਰੋਧ ਵਿੱਚ ਅੰਮ੍ਰਿਤਸਰ ਬੰਦ ਦਾ ਸੱਦਾ ਵੀ ਦਿੱਤਾ।

ਹਿਮਾਚਲ ਸਰਕਾਰ ਨੇ ਲਿਆ ਵੱਡਾ ਫ਼ੈਸਲਾ

# ਹੁਣ ਟੋਲ ਪਲਾਜ਼ਿਆਂ ਰਾਹੀਂ ਕੱਟੇ ਜਾਣਗੇ ਚਲਾਨ



ਸ਼ਿਮਲਾ, 5 ਜੂਨ (ਚ.ਨ.ਸ.) : ਗਰਮੀਆਂ 'ਚ ਦੇਸ਼ ਭਰ ਦੇ ਸੈਲਾਨੀ ਰਾਹਤ ਦਾ ਸਾਹ ਲੈਣ ਲਈ ਹਿਮਾਚਲ ਦੀਆਂ ਹਰੀਆਂ-ਭਰੀਆਂ ਵਾਦੀਆਂ ਦਾ ਦੌਰਾ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਹੁਣ ਰਾਜ ਦੇ ਲੋਕਾਂ ਦੇ ਨਾਲ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਇੱਕ ਛੋਟੀ ਜਿਹੀ ਲਾਪਰਵਾਹੀ ਵੀ ਉਨ੍ਹਾਂ ਨੂੰ ਭਾਰੀ ਪੈ ਸਕਦੀ ਹੈ। ਹਿਮਾਚਲ ਆਉਂਦੇ ਸਮੇਂ, ਜੇਕਰ ਕਿਸੇ ਵੀ ਵਾਹਨ ਦੀ ਪਾਸਿੰਗ, ਟੋਕਨ ਟੈਕਸ, ਐਸ.ਆਰ.ਟੀ., ਫਿਟਨੈਸ ਜਾਂ ਬੀਮਾ ਖਤਮ ਹੋ ਜਾਂਦਾ ਹੈ, ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਰਾਜ ਵਿੱਚ ਟੋਲ ਤੋਂ ਲੰਘਦੇ ਸਮੇਂ, ਅਜਿਹੇ ਵਾਹਨਾਂ ਦਾ ਚਲਾਨ ਆਪਣੇ ਆਪ ਜਾਰੀ ਹੋ ਜਾਵੇਗਾ ਅਤੇ ਇਸਦਾ ਸੁਨੇਹਾ ਤੁਹਾਡੇ ਮੋਬਾਈਲ 'ਤੇ ਆ ਜਾਵੇਗਾ। ਚਲਾਨ ਈ-ਡਿਟੈਕਸ਼ਨ ਸਿਸਟਮ ਦੁਆਰਾ ਜਾਰੀ ਕੀਤਾ ਜਾਵੇਗਾ: ਹੁਣ ਹਿਮਾਚਲ ਦੀਆਂ ਸੜਕਾਂ 'ਤੇ, ਨਾ ਤਾਂ ਕੋਈ ਪੁਲਿਸ ਵਾਲਾ ਅਤੇ ਨਾ ਹੀ ਟਰਾਂਸਪੋਰਟ ਵਿਭਾਗ ਦਾ ਅਧਿਕਾਰੀ ਦਸਤਾਵੇਜ਼ਾਂ ਦੀ ਜਾਂਚ ਲਈ ਵਾਹਨ ਨੂੰ ਰੋਕੇਗਾ ਅਤੇ ਨਾ ਹੀ ਦਸਤਾਵੇਜ਼ਾਂ ਦੀ ਘਾਟ ਪਾਏ ਜਾਣ 'ਤੇ ਰਿਸ਼ਵਤ ਲੈਣ ਦੀ ਕੋਈ ਗੁੰਜਾਇਸ਼ ਹੋਵੇਗੀ। ਇਸ ਲਈ, ਹੁਣ ਹਿਮਾਚਲ ਵਿੱਚ ਈ-ਡਿਟੈਕਸ਼ਨ ਸਿਸਟਮ ਲਾਗੂ ਕੀਤਾ ਗਿਆ ਹੈ। ਅਜਿਹੀ ਸਥਿਤੀ ਵਿੱਚ, ਟੋਲ ਪਲਾਜ਼ਾ ਤੋਂ ਲੰਘਣ ਵਾਲੇ ਹਰ ਤਰ੍ਹਾਂ ਦੇ ਨਿੱਜੀ, ਵਪਾਰਕ, ਦੋ ਅਤੇ ਤਿੰਨ ਪਹੀਆ ਵਾਹਨਾਂ ਦੀ ਨੰਬਰ ਪਲੇਟ ਟੋਲ ਪਲਾਜ਼ਾ 'ਤੇ ਲਗਾਏ ਗਏ ਹਾਈ-ਰੈਜ਼ੋਲਿਊਸ਼ਨ ਕੈਮਰਿਆਂ ਅਤੇ ਸਾਫਟਵੇਅਰ ਦੀ ਮੱਦਦ ਨਾਲ ਈ-ਡਿਟੈਕਸ਼ਨ ਸਿਸਟਮ ਦੁਆਰਾ ਸਕੈਨ ਕੀਤੀ ਜਾ ਰਹੀ ਹੈ ਅਤੇ ਇਸ ਦਾ ਡੇਟਾ ਈ-ਵਾਹਨ ਵਿੱਚ ਪਾ ਕੇ ਸਕੈਨ ਕੀਤਾ ਜਾ ਰਿਹਾ ਹੈ। ਇਸ ਦੌਰਾਨ, ਜੇਕਰ ਵਾਹਨ ਦੀ ਪਾਸਿੰਗ, ਬੀਮਾ, ਟੋਕਨ ਟੈਕਸ ਅਤੇ ਫਿਟਨੈਸ ਦੀ ਵੈਧਤਾ ਖਤਮ ਹੋ ਗਈ ਹੈ, ਤਾਂ ਚਲਾਨ ਕੱਟਣ ਤੋਂ ਤੁਰੰਤ ਬਾਅਦ, ਵਾਹਨ ਮਾਲਕ ਦੇ ਮੋਬਾਈਲ 'ਤੇ ਇੱਕ ਸੁਨੇਹਾ ਪਹੁੰਚ ਜਾਵੇਗਾ। ਇਸ ਚਲਾਨ ਦੇ ਵੇਰਵੇ ਸਥਾਨਕ ਆਰਟੀਓ ਦਫਤਰ ਦੇ ਡੇਟਾਬੇਸ ਵਿੱਚ ਵੀ ਉਪਲੱਬਧ ਹੋਣਗੇ। ਹੁਣ ਜਾਂਚ ਲਈ ਵਾਹਨ ਨੂੰ ਰੋਕਣ ਦੀ ਲੋੜ ਨਹੀਂ, ਟਰਾਂਸਪੋਰਟ ਵਿਭਾਗ ਨੇ ਹਿਮਾਚਲ ਵਿੱਚ ਈ-ਡਿਟੈਕਸ਼ਨ ਸਿਸਟਮ ਲਾਗੂ ਕੀਤਾ ਹੈ। ਇਹ ਸਿਸਟਮ ਫਾਸਟ ਟੈਗ ਤੋਂ ਲਏ ਗਏ ਡੇਟਾ ਦੇ ਆਧਾਰ 'ਤੇ ਬਿਨਾਂ ਦਸਤਾਵੇਜ਼ਾਂ ਦੇ ਟੋਲ ਪਲਾਜ਼ਾ ਤੋਂ ਲੰਘਣ ਵਾਲੇ ਵਾਹਨਾਂ ਦੀ ਪਛਾਣ ਕਰਨ ਤੋਂ ਬਾਅਦ ਆਪਣੇ ਆਪ ਈ-ਚਲਾਨ ਜਾਰੀ ਕਰਦਾ ਹੈ। ਇਹ ਸਿਸਟਮ 1 ਮਈ, 2025 ਤੋਂ ਲਾਗੂ ਹੋਇਆ ਹੈ। ਸਰਕਾਰ ਨੂੰ ਟੋਲ ਪਲਾਜ਼ਿਆਂ 'ਤੇ ਨਾਕਾਬੰਦੀ ਦੇ ਨਾਮ 'ਤੇ ਡਰਾਈਵਰਾਂ ਤੋਂ ਗੈਰ-ਕਾਨੂੰਨੀ ਵਸੂਲੀ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਅਜਿਹੀ ਸਥਿਤੀ ਵਿੱਚ, ਗੈਰ-ਕਾਨੂੰਨੀ ਵਸੂਲੀ ਨੂੰ ਰੋਕਣ ਲਈ NHAI ਦੇ ਟੋਲ ਪਲਾਜ਼ਿਆਂ 'ਤੇ ਈ-ਡਿਟੈਕਸ਼ਨ ਸਿਸਟਮ ਲਾਗੂ ਕੀਤਾ ਗਿਆ ਹੈ। ਜਿਸ ਤੋਂ ਬਾਅਦ ਹੁਣ ਵਿਭਾਗ ਦੇ ਅਧਿਕਾਰੀਆਂ ਨੂੰ ਦਸਤਾਵੇਜ਼ਾਂ ਦੀ ਜਾਂਚ ਲਈ ਵਾਹਨਾਂ ਨੂੰ ਰੋਕਣ ਦੀ ਜ਼ਰੂਰਤ ਨਹੀਂ ਹੈ। ਹੁਣ ਈ-ਡਿਟੈਕਸ਼ਨ ਸਿਸਟਮ ਬਿਨਾਂ ਦਸਤਾਵੇਜ਼ਾਂ ਦੇ ਲੰਘਣ ਵਾਲੇ ਵਾਹਨਾਂ ਦੀ ਪਛਾਣ ਕਰੇਗਾ ਅਤੇ ਚਲਾਨ ਆਨਲਾਈਨ ਜਾਰੀ ਕੀਤਾ ਜਾਵੇਗਾ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਿਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਾਪਿਆ ਅਤੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਜੰਮੂ ਅਤੇ ਕਸ਼ਮੀਰ ਵਿਚ ਤਰੱਕੀ ਦਾ ਨਵਾਂ ਦੌਰ








## ਲਗਭਗ ਰੁ. 44,000 ਕਰੋੜ
ਦੀ ਰੇਲ ਪਰਿਯੋਜਨਾਵਾਂ ਦਾ ਉਪਹਾਰ

### ਦਾ ਉਦਘਾਟਨ

**ਚਿਨਾਬ ਬ੍ਰਿਜ**
(ਦੁਨੀਆ ਦਾ ਸਭ ਤੋਂ ਉਚਾ ਰੇਲ ਆਰਚ ਬ੍ਰਿਜ)

359 ਮੀਟਰ, ਉਚਾ, 1,315 ਮੀਟਰ ਲੰਬਾ ਅਤੇ 467 ਮੀਟਰ ਦਾ ਆਚਾਰ ਸਪੈਨ
ਜੰਮੂ ਅਤੇ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦੇ ਕੌਰੀ ਅਤੇ ਬੱਕਲ ਏਰੀਆ ਨੂੰ ਜੋੜਨ ਵਾਲਾ ਬ੍ਰਿਜ

**ਅੰਜੀ ਬ੍ਰਿਜ**
(ਭਾਰਤ ਦਾ ਪਹਿਲਾ ਕੇਬਲ ਸਟੇਡ ਰੇਲ ਬ੍ਰਿਜ)

725 ਮੀਟਰ ਲੰਬਾ, 290 ਮੀਟਰ ਦਾ ਮੁੱਖ ਸਪੈਨ
ਜੰਮੂ ਅਤੇ ਕਸ਼ਮੀਰ ਦੇ ਕਟੜਾ ਅਤੇ ਰਿਆਸੀ ਜ਼ਿਲ੍ਹੇ ਨੂੰ ਜੋੜਨ ਵਾਲਾ ਬ੍ਰਿਜ
193 ਮੀਟਰ ਉਚੇ ਇਕਮਾਤਰ ਵਿਸ਼ਾਲ ਪਾਇਲਨ ਨਾਲ ਜੁੜੀਆਂ 96 ਕੇਬਲਜ਼

### ਰਾਸ਼ਟਰ ਨੂੰ ਸਮਰਪਿਤ

**ਉਧਮਪੁਰ-ਸ੍ਰੀਨਗਰ-ਬਾਰਾਮੁੱਲਾ**
ਰੇਲ ਲਿੰਕ ਪਰਿਯੋਜਨਾ

ਜੰਮੂ ਅਤੇ ਕਸ਼ਮੀਰ ਨੂੰ ਬਾਕੀ ਭਾਰਤ ਨਾਲ ਜੋੜਨ ਵਾਲੀ ਹਰ ਮੌਸਮ ਦੇ ਅਨੁਕੂਲ ਉਨਤ ਰੇਲ ਕਨੈਕਟੀਵਿਟੀ
ਕੁੱਲ ਲੰਬਾਈ 272 ਕਿਮੀ ਜਿਸ ਨਾਲ ਟੀ 50 ਸੁਰੰਗ (ਭਾਰਤ ਦੀ ਸਭ ਤੋਂ ਲੰਬੀ ਸੰਚਾਲਿਤ ਸੁਰੰਗ) ਸਮੇਤ 36 ਸੁਰੰਗਾਂ ਅਤੇ 943 ਪੁੱਲ ਸ਼ਾਮਲ ਹਨ

### ਸ਼ੁਭ ਆਰੰਭ

**2 ਵੰਦੇ ਭਾਰਤ ਟ੍ਰੇਨਾਂ**
ਸ੍ਰੀ ਮਾਤਾ ਵੈਸ਼ਨੋ ਦੇਵੀ ਕੱਟੜਾ-ਅਤੇ
ਸ੍ਰੀ ਨਗਰ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ

ਸ੍ਰੀਨਗਰ ਦੇ ਲਈ ਪਹਿਲੀ ਸੈਮੀ ਹਾਈ ਸਪੀਡ ਟ੍ਰੇਨ
ਸੈਰ ਅਤੇ ਖੇਤਰੀ ਸੰਪਰਕ ਨੂੰ ਵਧਾਵਾ
ਕਟਰਾ ਤੋਂ ਸ੍ਰੀਨਗਰ ਤੱਕ ਦੀ ਯਾਤਰਾ ਲਗਭਗ 3 ਘੰਟੇ ਤੋਂ ਸੰਭਵ

## ਨਰੇਂਦਰ ਮੋਦੀ
ਪ੍ਰਧਾਨਮੰਤਰੀ
ਦੇ ਰਾਹੀਂ

### ਗੌਰਵਮਈ ਹਾਜ਼ਰੀ

**ਨਿਤਿਨ ਜੈਰਾਮ ਗਡਕਰੀ**
ਕੇਂਦਰੀ ਸੜਕ, ਆਵਾਜਾਈ ਅਤੇ ਰਾਜ ਮਾਰਗ ਮੰਤਰੀ

**ਅਸ਼ਵਨੀ ਵੈਸ਼ਨਵ**
ਕੇਂਦਰੀ ਰੇਲ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰਾਨਿਕੀ ਅਤੇ ਸੂਚਨਾ ਤਕਨੀਕੀ ਮੰਤਰੀ

**ਡਾ. ਜਿਤੇਂਦਰ ਸਿੰਘ**
ਕੇਂਦਰੀ ਵਿਗਿਆਨ ਅਤੇ ਤਕਨੀਕੀ ਅਤੇ ਪ੍ਰਿਥਵੀ ਵਿਗਿਆਨ ਰਾਜ ਮੰਤਰੀ (ਆਜ਼ਾਦ ਚਾਰਜ) ਅਤੇ ਪ੍ਰਧਾਨ ਮੰਤਰੀ ਦਫ਼ਤਰ, ਕ੍ਰਾਮਿਕ ਲੋਕ ਸ਼ਿਕਾਇਤ ਅਤੇ ਪੈਨਸ਼ਨ, ਪ੍ਰਮਾਣੂ ਊਰਜਾ ਵਿਭਾਗ ਅਤੇ ਪੁਲਾੜ ਵਿਭਾਗ ਰਾਜ ਮੰਤਰੀ

**ਵੀ. ਸੋਮੰਨਾ**
ਕੇਂਦਰੀ ਰੇਲ ਅਤੇ ਜਲ ਸ਼ਕਤੀ ਰਾਜ ਮੰਤਰੀ

**ਰਵਨੀਤ ਸਿੰਘ**
ਕੇਂਦਰੀ ਰੇਲ ਅਤੇ ਖਾਧ ਪ੍ਰਸੈਸਿੰਗ ਉਦਯੋਗ ਰਾਜ ਮੰਤਰੀ

**ਮਨੋਜ ਸਿਨਹਾ**
ਉਪਰਾਜਪਾਲ, ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਸ਼ਾਇਨ ਬੋਰਡ ਦੇ ਮੈਂਬਰ

**ਉਮਰ ਅਬਦੁੱਲਾ**
ਮੁੱਖ ਮੰਤਰੀ, ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ

**ਸੁਰਿੰਦਰ ਕੁਮਾਰ ਚੌਧਰੀ**
ਉਪ ਮੁੱਖ ਮੰਤਰੀ, ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ

**ਜੁਗਲ ਕਿਸ਼ੋਰ**
ਸਾਂਸਦ (ਲੋਕਸਭਾ) ਜੰਮੂ

**ਆਗਾ ਸੈਯਦ ਰਾਹੁਲੱਹਾ ਮੇਹਦੀ**
ਸਾਂਸਦ (ਲੋਕਸਭਾ) ਸ੍ਰੀਨਗਰ

**ਗੁਲਾਮ ਅਲੀ**
ਸਾਂਸਦ (ਰਾਜਸਭਾ)

ਸ਼ੁੱਕਰਵਾਰ 6 ਜੂਨ, 2025 | ਸਵੇਰੇ 11:00 ਵਜੇ | ਸ੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਇਨ ਬੋਰਡ ਸਪੋਰਟਸ ਕੰਪਲੈਕਸ ਕਟਰਾ (ਸਟੇਡੀਅਮ)

## ਭਾਰਤੀ ਰੇਲ

ਪ੍ਰੋਗਰਾਮ ਦਾ ਸਿਧਾ ਪ੍ਰਸਾਰਣ ਡੀਡੀ ਨਿਊਜ਼ ਤੇ ਦੇਖੋ
www.indianrailways.gov.in
/RailMinIndia

## ਸੰਪਾਦਕੀ

# ਨਿਆਂ ਪਾਲਿਕਾ ਦੀ ਸਾਖ਼ ਦਾ ਸਵਾਲ

ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ, ਸੰਵਿਧਾਨਕ ਸੰਸਥਾਵਾਂ ਦੇ ਕੰਮਕਾਜ ਵਿੱਚ ਸ਼ੁੱਧਤਾ ਅਤੇ ਪਾਰਦਰਸ਼ਤਾ ਮੁੱਢਲੀ ਸ਼ਰਤ ਹੈ। ਪਰ ਰਾਜਨੀਤਿਕ ਲਾਭ ਅਤੇ ਨੁਕਸਾਨ ਦੇ ਹਿਸਾਬ ਵਿੱਚ, ਸਰਕਾਰਾਂ ਨੇ ਇਨ੍ਹਾਂ ਸੰਸਥਾਵਾਂ ਨੂੰ ਸਭ ਤੋਂ ਵੱਧ ਕਮਜ਼ੋਰ ਕੀਤਾ ਹੈ। ਸ਼ਾਇਦ ਹੀ ਕੋਈ ਸੰਵਿਧਾਨਕ ਸੰਸਥਾ ਬਚੀ ਹੈ ਜੋ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਚੁੰਗਲ ਤੋਂ ਮੁਕਤ ਹੋਵੇ। ਫਿਰ ਵੀ ਜਦੋਂ ਇਨ੍ਹਾਂ ਸੰਸਥਾਵਾਂ ਦੇ ਅੰਦਰੋਂ ਸ਼ੁੱਧਤਾ ਲਿਆਉਣ ਦੇ ਸੰਕਲਪ ਉੱਭਰਦੇ ਹਨ, ਤਾਂ ਕੁਦਰਤੀ ਤੌਰ 'ਤੇ ਸੁਧਾਰ ਦੀ ਉਮੀਦ ਹੁੰਦੀ ਹੈ। ਦੇਸ਼ ਦੀ ਨਿਆਂਪਾਲਿਕਾ ਵਿੱਚ ਲੰਬੇ ਸਮੇਂ ਤੋਂ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਜਾਂਦੇ ਰਹੇ ਹਨ। ਹੇਠਲੀਆਂ ਅਦਾਲਤਾਂ 'ਤੇ ਅਜਿਹੇ ਦੋਸ਼ ਆਮ ਹਨ, ਪਰ ਪਿਛਲੇ ਕੁਝ ਸਾਲਾਂ ਵਿੱਚ ਉੱਚ ਅਦਾਲਤਾਂ ਵਿੱਚ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਸ ਕਾਰਨ ਨਿਆਂਪਾਲਿਕਾ ਦੀ ਭਰੋਸੇਯੋਗਤਾ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਅਜਿਹੀ ਸਥਿਤੀ ਵਿੱਚ ਜਦੋਂ ਚੀਫ਼ ਜਸਟਿਸ ਬੀ.ਆਰ. ਗਵਈ ਨੇ ਇਸ ਸਮੱਸਿਆ ਨੂੰ ਖੁੱਲ੍ਹ ਕੇ ਸਵੀਕਾਰ ਕੀਤਾ ਹੈ ਅਤੇ ਇਸਨੂੰ ਦੂਰ ਕਰਨ ਦੇ ਸੰਕਲਪ ਨੂੰ ਦੁਹਰਾਇਆ ਹੈ, ਤਾਂ ਸਕਾਰਾਤਮਕ ਨਤੀਜਿਆਂ ਦੀ ਉਮੀਦ ਹੈ। ਬ੍ਰਿਟੇਨ ਦੀ ਸੁਪਰੀਮ ਕੋਰਟ ਵਿੱਚ ਆਯੋਜਿਤ ਇੱਕ ਗੋਲਮੇਜ ਕਾਨਫਰੰਸ ਵਿੱਚ, ਜਸਟਿਸ ਗਵਈ ਨੇ ਕਿਹਾ ਕਿ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੀਆਂ ਘਟਨਾਵਾਂ ਜਨਤਾ ਦਾ ਵਿਸ਼ਵਾਸ ਤੋੜਦੀਆਂ ਹਨ। ਇਹ ਦੁਖਦਾਈ ਹੈ ਕਿ ਨਿਆਂਪਾਲਿਕਾ ਦੇ ਅੰਦਰ ਵੀ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਇਹ ਗੱਲ ਦਿੱਲੀ ਵਿੱਚ ਜਸਟਿਸ ਯਸ਼ਵੰਤ ਵਰਮਾ ਦੇ ਘਰੋਂ ਬਰਾਮਦ ਹੋਏ ਸੜੇ ਹੋਏ ਨਕਦੀ ਨੋਟਾਂ ਦੇ ਸੰਦਰਭ ਵਿੱਚ ਕਹੀ। ਚੀਫ਼ ਜਸਟਿਸ ਨੇ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਉਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਸਵੀਕਾਰ ਕੀਤਾ ਜੋ ਭਾਰਤੀ ਨਿਆਂਪਾਲਿਕਾ ਵਿੱਚ ਜੜ੍ਹ ਫੜ ਰਹੀਆਂ ਹਨ ਜਾਂ ਜੜ੍ਹ ਫੜ ਚੁੱਕੀਆਂ ਹਨ, ਜਿਨ੍ਹਾਂ ਬਾਰੇ ਉਂਗਲਾਂ ਉੱਠੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ, ਸੁਪਰੀਮ ਕੋਰਟ ਅਤੇ ਕੁਝ ਹਾਈ ਕੋਰਟ ਦੇ ਜੱਜਾਂ ਵੱਲੋਂ ਰਾਜਨੀਤਿਕ ਦਬਾਅ ਹੇਠ ਜਾਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਫੈਸਲੇ ਦੇਣ ਬਾਰੇ ਬਹੁਤ ਜ਼ਿਆਦਾ ਅਸੰਤੁਸ਼ਟੀ ਪ੍ਰਗਟ ਕੀਤੀ ਗਈ ਹੈ। ਕੁਝ ਜੱਜਾਂ ਨੇ ਸੇਵਾਮੁਕਤੀ ਤੋਂ ਤੁਰੰਤ ਬਾਅਦ ਸਰਕਾਰੀ ਅਹੁਦੇ ਸਵੀਕਾਰ ਕੀਤੇ, ਜਦੋਂ ਕਿ ਕੁਝ ਚੋਣ ਮੈਦਾਨ ਵਿੱਚ ਉਤਰੇ। ਇਸ ਨੂੰ ਕਿਸੇ ਵੀ ਤਰ੍ਹਾਂ ਨੈਤਿਕ ਨਹੀਂ ਮੰਨਿਆ ਗਿਆ। ਹਾਲਾਂਕਿ, ਹੁਣ ਸੁਪਰੀਮ ਕੋਰਟ ਦੇ ਜੱਜਾਂ ਨੇ ਸਾਂਝੇ ਤੌਰ 'ਤੇ ਇਹ ਫੈਸਲਾ ਲਿਆ ਹੈ ਕਿ ਉਹ ਸੇਵਾਮੁਕਤੀ ਤੋਂ ਬਾਅਦ ਕੋਈ ਵੀ ਸਰਕਾਰੀ ਅਹੁੱਦਾ ਸਵੀਕਾਰ ਨਹੀਂ ਕਰਨਗੇ, ਨਾ ਹੀ ਅਸਤੀਫ਼ਾ ਦੇਣਗੇ ਅਤੇ ਚੋਣਾਂ ਲੜਨਗੇ। ਇਸ ਨਾਲ ਇੱਕ ਉਮੀਦ ਪੈਦਾ ਹੋਈ ਹੈ ਕਿ ਸੁਪਰੀਮ ਕੋਰਟ ਦੇ ਜੱਜ ਸਰਕਾਰ ਦੇ ਕਿਸੇ ਵੀ ਦਬਾਅ ਹੇਠ ਕੋਈ ਵੀ ਫੈਸਲਾ ਦੇਣ ਤੋਂ ਬਚ ਸਕਣਗੇ। ਰਾਜਨੀਤਿਕ ਲਾਲਚ ਅਤੇ ਦਬਾਅ ਤੋਂ ਮੁਕਤ ਹੋਏ ਬਿਨਾਂ, ਨਿਆਂਪਾਲਿਕਾ ਸਹੀ ਅਰਥਾਂ ਵਿੱਚ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਸਕਦੀ। ਇਸ ਲਈ, ਇਸ ਦਿਸ਼ਾ ਵਿੱਚ ਚੀਫ਼ ਜਸਟਿਸ ਦੇ ਯਤਨ ਸ਼ਲਾਘਾਯੋਗ ਹਨ। ਲੋਕਤੰਤਰ ਵਿੱਚ, ਲੋਕਾਂ ਲਈ ਨਿਆਂਪਾਲਿਕਾ ਵਿੱਚ ਵਿਸ਼ਵਾਸ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਇੱਕੋ ਇੱਕ ਥੰਮ੍ਹ ਹੈ, ਜਿਸ ਕੋਲ ਸੰਵਿਧਾਨ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਹੈ ਅਤੇ ਰਾਜਨੀਤਿਕ ਅਤੇ ਪ੍ਰਣਾਲੀਗਤ ਦੁਰਾਚਾਰ ਨੂੰ ਰੋਕਣ ਦੀ ਅਥਾਹ ਸ਼ਕਤੀ ਹੈ। ਇਹ ਵੀ ਇੱਕ ਜਾਣਿਆ-ਪਛਾਣਿਆ ਤਜਰਬਾ ਹੈ ਕਿ ਜਦੋਂ ਵੀ ਨਿਆਂਪਾਲਿਕਾ ਕਮਜ਼ੋਰ ਦਿਖਾਈ ਦਿੰਦੀ ਹੈ, ਤਾਂ ਸੱਤਾਧਾਰੀ ਪਾਰਟੀ ਦੀ ਮਨਮਾਨੀ ਵੱਧ ਜਾਂਦੀ ਹੈ। ਇਸੇ ਲਈ ਜੱਜਾਂ ਦਾ ਨਿੱਜੀ ਆਚਰਣ ਬਹੁਤ ਮਾਇਨੇ ਰੱਖਦਾ ਹੈ। ਪਰ ਪਿਛਲੇ ਕੁਝ ਸਾਲਾਂ ਵਿੱਚ, ਇਸ ਲੋੜ ਨੂੰ ਭੁੱਲ ਗਿਆ ਹੈ। ਕੁਝ ਜੱਜਾਂ ਦੇ ਸੁਰਖੀਆਂ ਹਾਸਲ ਕਰਨ ਦੇ ਲਾਲਚ ਕਾਰਨ, ਨਿਆਂਇਕ ਸਰਗਰਮੀ ਦਾ ਸਵਾਲ ਵੀ ਉਠਣਾ ਸ਼ੁਰੂ ਹੋ ਗਿਆ ਹੈ। ਕਾਲਜੀਅਮ ਪ੍ਰਣਾਲੀ ਅਤੇ ਜੱਜਾਂ ਦੀ ਨਿਯੁਕਤੀ ਵਿੱਚ ਪੱਖਪਾਤ ਦੇ ਦੋਸ਼ ਵੀ ਉੱਠ ਰਹੇ ਹਨ। ਚੀਫ਼ ਜਸਟਿਸ ਨੇ ਇਨ੍ਹਾਂ ਸਾਰੇ ਪਹਿਲੂਆਂ 'ਤੇ ਬਹੁਤ ਸਪੱਸ਼ਟਤਾ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਠੀਕ ਕਰਨ ਦਾ ਭਰੋਸਾ ਦਿੱਤਾ। ਬਿਨਾਂ ਸ਼ੱਕ, ਇਸ ਨਾਲ ਬਹੁਤ ਸਾਰੇ ਲੋਕਾਂ ਦੀਆਂ ਉਮੀਦਾਂ ਮਜ਼ਬੂਤ ਹੋਣਗੀਆਂ। ਪਰ ਇਹ ਦੇਖਣਾ ਬਾਕੀ ਹੈ ਕਿ ਇਹ ਮਤੇ ਜ਼ਮੀਨੀ ਪੱਧਰ 'ਤੇ ਕਿੰਨੇ ਲਾਗੂ ਹੁੰਦੇ ਹਨ।

**-ਜਗਜੀਤ ਸਿੰਘ ਦਰਦੀ**

## 84 ਦੇ ਜ਼ਖ਼ਮ ਹਮੇਸ਼ਾ ਤਾਜ਼ਾ ਰਹਿਣਗੇ

# ਪੰਜਾਬੀ ਮਾਨਸਿਕਤਾ ਤੇ ਸਿੱਖ ਇਤਿਹਾਸ ਦੇ ਗਹਿਰੇ ਜ਼ਖ਼ਮਾਂ ਦੀ ਦਾਸਤਾਨ ਹੁਣ ਇਤਿਹਾਸ ਦਾ ਪੰਨਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਜਦੋਂ 41ਵੀਂ ਬਰਸੀ ਤੇ 1984 ਤੇ ਉਹਨਾਂ ਜ਼ਖ਼ਮਾਂ ਦੀ ਯਾਦ ਦਾ ਸਪਤਾਹ ਮਨਾਇਆ ਜਾ ਰਿਹਾ ਹੈ ਤਾਂ ਪੂਰੀ ਦੀ ਪੂਰੀ ਪੰਜਾਬੀ ਸੰਗਤ ਤੇ ਸਿੱਖ ਮਾਨਸਿਕਤਾ ਵਾਸਤੇ ਇਹ ਇੱਕ ਅਜਿਹੇ ਦਿਨਾਂ ਦੀ ਦਾਸਤਾਨ ਹੈ ਜਿਹੜੀ ਸਦੀਆਂ ਤੱਕ ਤੇ ਆਉਣ ਵਾਲੇ ਸਮਿਆਂ ਤੱਕ ਪੰਜਾਬੀ ਮਾਨਸਿਕਤਾ ਅਤੇ ਪੰਜਾਬ ਦੇ ਇਸ ਦੁਖਾਂਤਕ ਪਹਿਲੂ ਤੋਂ ਕਦੇ ਵੀ ਨਜ਼ਰਅੰਦਾਜ਼ ਨਹੀਂ ਹੋ ਸਕਦੀ ਹੈ।

ਅਸਲ ਵਿੱਚ ਪੰਜਾਬ ਦਾ ਹੋਣੀਆਂ ਭਰਿਆ ਅਤੇ ਸ਼ਹਾਦਤਾਂ ਦਾ ਇਤਿਹਾਸ ਇਤਨਾ ਲਾਸਾਨੀ ਅਤੇ ਅਜ਼ੀਮ ਇਤਿਹਾਸ ਹੈ, ਜਿਸ ਦੀ ਦੁਨੀਆਂ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਪੰਜਾਬ ਦੀ ਧਰਤੀ ਨੇ ਹਮੇਸ਼ਾ ਜਰਵਾਣਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ ਅਤੇ ਭਾਰਤ 'ਤੇ ਹੋਏ ਸਾਰੇ ਹਮਲਿਆਂ ਦੀ ਇਹ ਗਵਾਹੀ ਹੈ ਕਿ ਜੇ ਕਿਸੇ ਧਰਤੀ ਸਭ ਤੋਂ ਵੱਧ ਹਮਲੇ ਤੇ ਲੁੱਟ-ਖਸੁੱਟ ਹੋਈ ਹੈ ਉਹ ਪੰਜਾਬ ਦੀ ਧਰਤੀ ਹੈ। ਪੰਜਾਬ ਦੀ ਧਰਤੀ ਨੇ ਹਮੇਸ਼ਾ ਕੁਰਬਾਨੀ ਦਿੱਤੀ ਹੈ ਪ੍ਰੰਤੂ ਪੰਜਾਬ ਦਾ ਉਜਾੜਾ ਹਰ ਵਾਰ ਹੋਇਆ ਹੈ ਤੇ 1947 ਤੋਂ ਲੈ ਕੇ ਆਜ਼ਾਦ ਭਾਰਤ ਦੇ ਦਿਨਾਂ ਵਿੱਚ ਕਿੰਨੀ ਵਾਰ ਭਾਰਤ ਪਾਕਿ ਯੁੱਧ ਅਤੇ ਉਸ ਤੋਂ ਬਾਅਦ ਆਪਣੀ ਹੀ ਸਰਕਾਰ ਦੇ ਨਾਲ ਜਿਸ ਤਰ੍ਹਾਂ ਦੀ ਮਾਨਸਿਕਤਾ ਅਤੇ ਜਿਸ ਤਰ੍ਹਾਂ ਦਾ ਘੱਲੂਘਾਰਾ ਆਪਰੇਸ਼ਨ ਬਲਿਊ ਸਟਾਰ ਦੇ ਨਾਮ 'ਤੇ 1984 ਵਿੱਚ ਹੋਇਆ, ਉਸਨੇ ਪੰਜਾਬ ਦੀ ਮਾਨਸਿਕਤਾ ਵਿਸ਼ੇਸ਼ਕਰ ਸਿੱਖ ਮਾਨਸਿਕਤਾ ਦੇ ਧਾਰਮਿਕ ਅਤੇ ਸਿਆਸਤ ਨਾਲ ਜੁੜੇ ਹੋਏ ਮੁੱਦਿਆਂ ਨੂੰ ਜਿਸ ਤਰ੍ਹਾਂ ਮਨਾਂ ਵਿੱਚ ਉਬਾਲ ਲਿਆ ਦਿੱਤਾ ਸੀ ਉਹ ਆਪਣੀ ਮਿਸਾਲ ਆਪ ਹੈ। ਇਹ ਸੱਚ ਹੈ ਕਿ ਆਪਰੇਸ਼ਨ ਬਲਿਊ ਸਟਾਰ ਕਦੀ ਵੀ ਨਾ ਭੁੱਲਣ ਵਾਲਾ ਇੱਕ ਅਜਿਹਾ ਜ਼ਖ਼ਮ ਹੈ ਜੋ ਪੰਜਾਬ ਦੀ ਮਾਨਸਿਕਤਾ ਵਿਸ਼ੇਸ਼ ਕਰਕੇ ਸਿੱਖ ਸਮੁਦਾਇ ਦੀ ਬਹੁਸੰਖਿਅਕ ਪੰਜਾਬੀ ਵਸੋਂ ਵਿੱਚ ਸਦੀਆਂ ਤੱਕ ਉਵੇਂ ਹੀ ਤਾਜ਼ਾ ਰਹੇਗਾ ਜਿਵੇਂ ਅਜੇ ਕੱਲ੍ਹ ਦੀ ਹੀ ਗੱਲ ਹੋਵੇ। ਹੁਣ ਜਦੋਂ ਕਿ ਇਸ ਬਲਿਊ ਸਟਾਰ ਆਪਰੇਸ਼ਨ ਨੂੰ ਹੋਏ 40 ਸਾਲ ਹੋ ਚੁੱਕੇ ਹਨ ਅਤੇ 41ਵੀਂ ਬਰਸੀ ਦੇ ਇਸ ਮੌਕੇ 'ਤੇ ਇਹਨਾਂ ਦਿਨਾਂ ਵਿੱਚ ਜਿਸ ਤਰ੍ਹਾਂ ਦੇ ਵਿਚਾਰ ਅਤੇ ਮਾਨਸਿਕਤਾ ਅਤੇ ਧਾਰਮਿਕ ਵਿਚਾਰ ਉਭਰ ਰਹੇ ਹਨ ਉਹ ਵੀ ਰਾਜਨੀਤਿਕ ਵਿਭਿੰਨਤਾ ਦੇ ਨਾਲ ਉਸ ਮਾਨਸਿਕਤਾ ਨੂੰ ਵੀ ਦਿਖਾਉਂਦੇ ਹਨ ਕਿ ਇਹ ਜ਼ਖ਼ਮ ਅਜੇ ਵੀ ਅੱਲੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿੱਚ ਵੀ ਇਹ ਹੋਰ ਕੱਟੜਤਾ ਭਰਦੇ ਜਾ ਰਹੇ ਹਨ ਕਿਉਂਕਿ ਵਿਦੇਸ਼ਾਂ ਵਿੱਚ ਬੈਠੇ ਹੋਏ ਸਿੱਖ ਮਾਨਸਿਕਤਾ ਦੇ ਕੁੱਝ ਲੋਕ ਅਜੇ ਵੀ ਖ਼ੂਨ ਦੇ ਉਬਾਲ ਨੂੰ ਅਤੇ ਉਹ ਉਨ੍ਹਾਂ ਗਰਮ ਖਿਆਲੀ ਨਾਅਰਿਆਂ ਦੇ ਨਾਲ ਪੰਜਾਬ ਦੀ ਮਾਨਸਿਕਤਾ ਨੂੰ ਸਮਝ ਨਹੀਂ ਰਹੇ ਹਨ, ਜਿਹੜੀ ਕਿ ਸੁੱਖ ਸ਼ਾਂਤੀ ਨਾਲ ਅਤੇ ਆਰਾਮ ਨਾਲ ਇਸ ਸੰਵਿਧਾਨਿਕ ਢੰਗ ਵਾਲੇ ਦੇਸ਼ ਦੇ ਵਿੱਚ ਜੀਣਾ ਚਾਹੁੰਦੀ ਹੈ। ਭਾਰਤ ਵਰਗੇ ਇੱਕ ਲੋਕਤੰਤਰਿਕ ਅਤੇ ਵਿਰਾਸਤੀ ਆਧੁਨਿਕ ਦੇਸ਼ ਵਿੱਚ ਜਿਸ ਤਰ੍ਹਾਂ ਦਾ ਸੈਕੂਲਰ ਸਰਬ ਧਰਮ ਸਦਭਾਵ ਅਤੇ ਮਨੁੱਖ ਨੂੰ ਮੁੱਢਲੇ ਅਧਿਕਾਰਾਂ ਦੀ ਪਰਤਾਂ ਨੂੰ ਸੁਰੱਖਿਅਤ ਰੱਖਣ ਵਾਲਾ ਸੰਵਿਧਾਨ ਲਾਗੂ ਹੈ, ਉਹ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਬਹੁਤ ਸਾਰੇ ਦੇਸ਼ਾਂ ਨਾਲੋਂ ਬੇਨਜ਼ੀਰ ਹੈ ਅਤੇ ਉਸ ਦੀਆਂ ਪਰਤਾਂ ਵਿੱਚ ਅਸੀਂ ਆਪਣੇ ਵਿਚਾਰ ਪ੍ਰਗਟਾਅ ਸਕਦੇ ਹਾਂ ਪਰੰਤੂ ਵਖਰੇਂਵਾਂ ਤੇ ਆਤੰਕਵਾਦੀ ਘਟਨਾਵਾਂ ਨੂੰ ਕੋਈ ਵੀ ਦੇਸ਼ ਕੋਈ ਵੀ ਰਾਜਨੀਤਿਕ ਪਾਰਟੀ ਤੇ ਲੋਕ ਸਵੀਕਾਰ ਨਹੀਂ ਕਰਦੇ। ਪੰਜਾਬ ਦੀ ਧਰਤੀ ਵਿੱਚ ਇਹ ਪਤਾ ਨਹੀਂ ਕਿੱਥੋਂ ਕਿਸ ਤਰ੍ਹਾਂ ਦਾ ਇਹ ਵਿਚਾਰ ਆ ਗਿਆ ਹੈ ਕਿ ਇਸ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਡਰੱਗਸ ਅਤੇ ਪੰਜਾਬ ਤੋਂ ਪਲਾਇਨ ਕਰਨ ਦਾ ਇੱਕ ਐਸਾ ਨਸ਼ਾ ਦਿੱਤਾ ਹੈ ਕਿ ਹਰ ਸਾਲ ਸਾਢੇ ਤਿੰਨ ਲੱਖ ਨੌਜਵਾਨ ਜਿਹੜੇ ਪੰਜਾਬ ਤੋਂ ਬਾਹਰ ਚਲੇ ਜਾਂਦੇ ਹਨ। ਵਰ੍ਹਿਆਂ ਤੋਂ ਪੰਜਾਬ ਤੋਂ ਬਾਹਰ ਚੱਲਦਿਆਂ ਤੇ ਹੁਣ ਹਰ ਦੁਨੀਆਂ ਦੇ ਹਰ ਦੇਸ਼ ਦੇ ਵਿੱਚ ਇੱਕ ਮਿੰਨੀ ਪੰਜਾਬ ਪੈਦਾ ਹੋ ਗਿਆ ਹੈ। ਜਿੱਥੇ ਪੰਜਾਬੀ ਅਲੱਗ ਅਲੱਗ ਖਿਆਲਾਂ ਵਿੱਚ ਤੇ ਉੱਥੇ ਦੀ ਮਾਨਸਿਕਤਾ ਤੇ ਉਸ ਦੇਸ਼ ਤੋਂ ਸਿੱਖਣ ਦੀ ਬਜਾਏ ਕੱਟੜਤਾ ਦਾ ਪਾਠ ਵੀ ਸਿੱਖ ਰਹੇ ਹਨ ਜੋ ਨਹੀਂ ਹੋਣਾ ਚਾਹੀਦਾ ਹੈ। ਇਹ ਗੁਰੂਆਂ ਦੀ ਧਰਤੀ ਅਤੇ ਗੁਰੂਆਂ ਦੇ ਅਸ਼ੀਰਵਾਦ ਨਾਲ ਵਰੋਸਾਇਆ ਹੋਇਆ ਪੰਜਾਬ ਅਜੇ ਵੀ ਦੁਨੀਆਂ ਦਾ ਉਹ ਜਰਖੇਜ਼ ਹਿੱਸਾ ਹੈ ਤੇ ਉੱਥੇ ਰਾਜਨੀਤਿਕ ਸਥਿਰਤਾ ਅਤੇ ਸਹੀ ਦਿਸ਼ਾ ਨਿਰਦੇਸ਼ ਵਿੱਚ ਰਹਿਨੁਮਾਈ ਮਿਲ ਜਾਏ ਤਾਂ ਅਜੇ ਵੀ ਕੁੱਝ ਨਹੀਂ ਵਿਗੜਿਆ ਹੈ। ਅਜੇ ਵੀ ਜਾਗਣ ਦਾ ਵੇਲਾ ਹੈ ਕਿ ਅਸੀਂ ਅੱਜ ਦੇ ਇਹਨਾਂ ਦੇ ਨਾਂ ਵਿੱਚ ਚੰਗੇ ਸੁਰੱਖਿਅਤ ਪੰਜਾਬ ਦੀ ਭਾਵਨਾ ਨਾਲ ਕੰਮ ਕਰਦੇ ਹੋਏ ਇੱਕ ਨਵੇਂ ਭਵਿੱਖ ਵੱਲ ਨਵੀਂ ਸੋਚ ਨਾਲ ਨਹੀਂ ਅੱਗੇ ਵੱਧ ਸਕਦੇ।

ਧਰਮ ਤੇ ਰਾਜਨੀਤੀ ਜੋ ਕੁੱਝ ਵੀ ਹੈ ਉਹ ਸਾਡੇ ਸਾਹਮਣੇ ਹੈ। ਸਾਡਾ ਅਤੀਤ ਤੇ ਭਵਿੱਖ ਵੀ ਸਾਡੇ ਸਾਹਮਣੇ ਹੈ। ਹੁਣ ਵੇਲਾ ਹੈ ਜਾਗਣ ਦਾ, ਅੱਜ ਦੇ ਇਸ ਦਿਨ 'ਤੇ ਭਾਵੇਂ ਇਹ ਜ਼ਖ਼ਮ ਹਰੇ ਹਨ, ਜੋ ਕਦੀ ਵੀ ਭਰੇ ਨੇ ਜਾ ਸਕਦੇ ਕਿਉਂਕਿ ਇਹ ਮਸਲਾ ਹੀ ਧਾਰਮਿਕ ਸਹਿਣਸ਼ੀਲਤਾ ਦੇ ਨਾਲ ਜੁੜਿਆ ਹੋਇਆ ਹੈ। ਅੱਜ ਤੋਂ 40 ਸਾਲ ਪਹਿਲਾਂ 1984 ਵਿੱਚ ਕਿਸ ਤਰ੍ਹਾਂ ਦਾ ਵਾਕਿਆ ਸੀ, ਉਸਦੀਆਂ ਯਾਦਾਂ ਦੇ ਝਰੋਖੇ ਦੇ ਵਿੱਚੋਂ ਅੱਜ ਇਸ ਲੇਖ ਵਿੱਚ ਉਹਨਾਂ ਕੁੱਝ ਲੋਕਾਂ ਦੀ ਉਸ ਰਿਪੋਰਟਿੰਗ ਦੇ ਅੰਸ਼ ਦਿੱਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੀਬੀਸੀ ਦੇ ਉਸ ਵੇਲੇ ਦੇ ਸੰਵਾਦਦਾਤਾ ਜਿਨ੍ਹਾਂ ਨੇ ਲਗਾਤਾਰ ਉਸ ਦੀ ਕਵਰੇਜ ਕੀਤੀ ਸੀ। ਪਾਠਕਾਂ ਦੀ ਦਿਲਚਸਪੀ ਲਈ ਉਸ ਨੂੰ ਉਸੇ ਰਿਪੋਰਟ ਨੂੰ ਹੇਠਾਂ ਦਿੱਤਾ ਜਾ ਰਿਹਾ ਕਿ ਤਾਂ ਕਿ ਪਤਾ ਚੱਲ ਸਕੇ ਕਿ ਉਸ ਵਕਤ ਕਿਸ ਤਰ੍ਹਾਂ ਦਾ ਮਾਹੌਲ ਸੀ, ਜਿਸਦੀ ਜ਼ਖ਼ਮਾਂ ਦੀ ਤਾਬ ਅਤੇ ਜਿਸ ਦੇ ਜ਼ਖ਼ਮ ਅਜੇ ਵੀ ਅੱਲੇ ਹਨ।

ਕਾਸ਼ ਪੰਜਾਬ ਵਿੱਚ ਆਉਣ ਵਾਲੇ ਸਾਲਾਂ ਵਿੱਚ ਅਮਨ ਚੈਨ ਬਹਾਲ ਹੋ ਸਕੇ। ਦੇਖਦੇ ਹਾਂ ਹੇਠਾਂ ਉਹ ਰਿਪੋਰਟਾਂ ਜਿਨ੍ਹਾਂ ਵਿੱਚ 1984 ਦੇ ਸਟਾਰ ਆਪਰੇਸ਼ਨ ਦੀਆਂ ਯਾਦਾਂ ਵਿੱਚ ਜੁੜੀਆਂ ਹੋਈਆਂ, ਉਹਨਾਂ ਯਾਦਾਂ ਨੂੰ ਪਰੋਇਆ ਗਿਆ ਹੈ ਜੋ ਉਹਨਾਂ ਦੇ ਦਿਲ 'ਤੇ ਵਲ ਵਲਿਆਂ ਵਿੱਚੋਂ ਨਿਕਲੀਆਂ ਹਨ।

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦੇ ਤਜਰਬੇ ਅਨੁਸਾਰ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸੀ ਜਦੋਂ ਆਪ੍ਰੇਸ਼ਨ ਬਲੂਸਟਾਰ ਹੋਇਆ ਸੀ। 3 ਜੂਨ ਨੂੰ ਹਰਿਮੰਦਰ ਸਾਹਿਬ ਵਿਖੇ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਸੇਵਾਦਾਰਾਂ ਦੀ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਨਾਲ ਝੜਪ ਹੋ ਗਈ। ਸ਼ਾਮ ਨੂੰ ਕਰਫਿਊ ਲਗਾਇਆ ਗਿਆ ਸੀ, ਪਰ ਉਨ੍ਹਾਂ ਦਿਨਾਂ ਵਿੱਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਸਨ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਬਹੁਤ ਸਾਰੇ ਸ਼ਰਧਾਲੂ, ਲਗਭਗ ਪੰਜ ਹਜ਼ਾਰ ਲੋਕ, ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ। 4 ਜੂਨ ਨੂੰ, ਮੈਂ ਸਵੇਰੇ ਜਲਦੀ ਹੀ ਪਰਿਸਰ ਵਿੱਚ ਦਾਖਲ ਹੋਇਆ। ਭਾਈ ਅਮਰੀਕ ਸਿੰਘ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰ ਰਹੇ ਸਨ। ਸਵੇਰੇ ਚਾਰ ਵਜੇ ਦੇ ਕਰੀਬ, ਅਕਾਲ ਤਖ਼ਤ ਦੇ ਨੇੜੇ ਸਥਿਤ ਸਿੰਧੀ ਧਰਮਸ਼ਾਲਾ 'ਤੇ ਇੱਕ ਬਹੁਤ ਹੀ ਜ਼ੋਰਦਾਰ ਗੋਲਾ ਡਿੱਗਿਆ।

ਭਾਰੀ ਕਿਲਾਬੰਦੀ, ਭਾਰੀ ਗੋਲੀਬਾਰੀ ਚਾਰੇ ਪਾਸਿਓਂ ਗੋਲੀਆਂ ਦੀ ਬਾਰਿਸ਼ ਹੋ ਰਹੀ ਸੀ। ਉਸ ਸਮੇਂ ਤੱਕ, ਬਹੁਤ ਸਾਰੀਆਂ ਇਮਾਰਤਾਂ ਹਰਿਮੰਦਰ ਸਾਹਿਬ ਕੰਪਲੈਕਸ ਨਾਲ ਜੁੜੀਆਂ ਹੋਈਆਂ ਸਨ ਅਤੇ ਫੌਜ ਦੇ ਸਿਪਾਹੀ ਆਲੇ-ਦੁਆਲੇ ਦੇ ਸਾਰੇ ਘਰਾਂ 'ਤੇ ਪੁਜੀਸ਼ਨਾਂ ਲੈ ਚੁੱਕੇ ਸਨ। ਇਨ੍ਹਾਂ ਘਰਾਂ ਦੀਆਂ ਛੱਤਾਂ 'ਤੇ ਮਸ਼ੀਨ ਗੰਨਾਂ ਲਗਾਈਆਂ ਗਈਆਂ ਸਨ। ਉਸ ਤੋਂ ਬਾਅਦ 5 ਤਰੀਕ ਦੀ ਰਾਤ ਨੂੰ, ਟੈਂਕਾਂ ਅਤੇ ਬਖਤਰਬੰਦ ਵਾਹਨਾਂ ਤੋਂ ਭਿਆਨਕ ਗੋਲਾਬਾਰੀ ਅਤੇ ਗੋਲੀਬਾਰੀ ਹੋਈ। ਫਿਰ ਟੈਂਕ ਵੀ ਕੰਪਲੈਕਸ ਦੇ ਵਿਚਕਾਰ ਆ ਗਏ, ਮੈਂ ਚਾਰ ਟੈਂਕ ਵੇਖੇ। ਲੜਾਕਿਆਂ ਨੇ ਇੱਕ ਟੈਂਕ 'ਤੇ ਰਾਕੇਟ ਦਾਗਿਆ ਅਤੇ ਇਸਨੂੰ ਉਡਾ ਦਿੱਤਾ। 6 ਤਰੀਕ ਨੂੰ ਸਵੇਰੇ 8 ਵਜੇ ਤੱਕ, ਫੌਜ ਪੂਰੀ ਤਰ੍ਹਾਂ ਕੰਪਲੈਕਸ ਵਿੱਚ ਦਾਖਲ ਹੋ ਗਈ ਸੀ। ਉਨ੍ਹਾਂ ਨੇ ਹਰੇਕ ਕਮਰੇ ਵਿੱਚ ਬੰਬ ਸੁੱਟੇ ਅਤੇ ਉੱਥੇ ਮੌਜੂਦ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਇਸ ਕਾਰਵਾਈ ਦੌਰਾਨ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਕਈ ਥਾਵਾਂ 'ਤੇ ਅੱਗ ਲੱਗ ਗਈ ਸੀ।

ਸਿੱਧੇ ਟਕਰਾਅ ਦੀਆਂ ਯਾਦਾਂ ਵਿੱਚ ਇਹ ਵੀ ਇਤਿਹਾਸਿਕ ਜ਼ਿਕਰ ਹੈ ਕਿ 6 ਜੂਨ ਦੀ ਸਵੇਰ ਨੂੰ ਅਕਾਲ ਤਖ਼ਤ 'ਤੇ ਸੰਤ ਜਰਨੈਲ ਸਿੰਘ ਨਾਲ ਲਗਭਗ 15-20 ਲੋਕ ਹੋਣਗੇ। ਇਸ ਤੋਂ ਇਲਾਵਾ, ਅਕਾਲ ਤਖ਼ਤ ਦੇ ਸੇਵਾਦਾਰ ਅਤੇ ਹੈੱਡ ਗ੍ਰੰਥੀ ਭਾਈ ਪ੍ਰੀਤਮ ਸਿੰਘ ਅਤੇ ਕੁਝ ਹੋਰ ਲੋਕ ਵੀ ਉੱਥੇ ਸਨ। ਬਾਕੀ ਸਾਰੇ ਲੋਕ ਸਮੇਂ-ਸਮੇਂ 'ਤੇ ਅਕਾਲ ਤਖ਼ਤ ਤੋਂ ਚਲੇ ਗਏ ਸਨ। 6 ਤਰੀਕ ਦੀ ਸਵੇਰ ਨੂੰ, ਸੰਤ ਜਰਨੈਲ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਭਾਈ ਅਮਰੀਕ ਸਿੰਘ ਅਤੇ ਉਨ੍ਹਾਂ ਦੇ 13-14 ਸਾਥੀਆਂ ਦਾ ਫੌਜ ਨਾਲ ਸਿੱਧਾ ਟਕਰਾਅ ਹੋਇਆ। ਇਹ ਝੰਡਾ ਬੁੰਗਾ ਵਿਖੇ ਹੋਇਆ, ਭਾਵ ਉਹ ਜਗ੍ਹਾ ਜਿੱਥੇ ਤੁਸੀਂ ਦੋ ਨਿਸ਼ਾਨ ਸਾਹਿਬ ਦੇਖ ਸਕਦੇ ਹੋ।

6 ਤਰੀਕ ਨੂੰ ਸ਼ਾਮ 5 ਵਜੇ ਗੋਲੀਬਾਰੀ ਬੰਦ ਹੋ ਗਈ। ਪਰਿਕਰਮਾ ਵਿੱਚ ਸਾਰੇ ਫਰਸ਼ 'ਤੇ ਗੋਲੀਆਂ ਤੇ ਗੋਲੇ ਖਿੰਡੇ ਹੋਏ ਸਨ। ਕਈ ਥਾਵਾਂ 'ਤੇ ਲਾਸ਼ਾਂ ਪਈਆਂ ਸਨ ਅਤੇ ਖ਼ੂਨ ਖਿੰਡਿਆ ਹੋਇਆ ਸੀ। ਫਿਰ ਮੈਨੂੰ ਅਤੇ ਲਗਭਗ 50 ਸੇਵਾਦਾਰਾਂ ਅਤੇ 250-300 ਹੋਰ ਲੋਕਾਂ ਨੂੰ ਕੈਂਪਸ ਦੇ ਆਟਾ ਮੰਡੀ ਦੇ ਨੇੜੇ ਦੇ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ। ਕਈ ਕਮਰਿਆਂ ਵਿੱਚੋਂ ਅੱਗ ਨਿਕਲ ਰਹੀ ਸੀ। ਫੌਜ ਜਿਸ ਵੀ ਨੌਜਵਾਨ ਨੂੰ ਦੇਖਦੀ, ਉਹ ਉਸਨੂੰ ਵੱਖ ਕਰ ਕੇ ਕਿਸੇ ਹੋਰ ਜਗ੍ਹਾ ਲੈ ਜਾਂਦੇ।

ਹਰਿਮੰਦਰ ਸਾਹਿਬ ਵਿਖੇ (ਪਾਠ) ਪਹਿਲਾਂ ਹੀ ਬੰਦ ਹੋ ਗਿਆ ਸੀ। ਅਸੀਂ 5 ਜੂਨ ਤੱਕ ਆਪਣੀ ਡਿਊਟੀ ਕਰਦੇ ਰਹੇ ਪਰ ਉਸ ਤੋਂ ਬਾਅਦ, 6, 7 ਅਤੇ 8 ਤਰੀਕ ਨੂੰ, ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕੀਤਾ ਗਿਆ। ਫਿਰ ਫੌਜ ਆਪਣੀ ਗ੍ਰੰਥੀ ਲੈ ਕੇ ਆਈ ਅਤੇ ਇਸਨੂੰ ਪੜ੍ਹਿਆ। ਸਾਨੂੰ ਇੱਕ ਸਕੂਲ ਵਿੱਚ ਰੱਖਿਆ ਗਿਆ, ਜਿੱਥੇ ਲਗਭਗ 4000 ਹੋਰ ਲੋਕ ਸਨ, ਫਿਰ ਸਾਨੂੰ 19 ਜੂਨ ਨੂੰ ਰਿਹਾਅ ਕਰ ਦਿੱਤਾ ਗਿਆ।

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਰਚਨਾਤਮਕ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

**ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।**

**ਵਿਕਰੀ 27.06.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ ਸ੍ਰੀ ਅਜੇ ਪਾਲ ਸਿੰਘ (ਸੀਨੀਅਰ ਮੈਨੇਜਰ), 9803313208, ਸ੍ਰੀ ਸੁਰੇਂਦਰ ਜਾਂਗਰਾ (ਮੁੱਖ ਪ੍ਰਬੰਧਕ) 9466264524

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਲੜੀ ਨੰ. | ਖਾਤੇ ਦਾ ਨਾਮ | ਸ਼ਾਖਾ ਦਾ ਨਾਮ | ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ; ਅ) ਬਕਾਇਆ ਰਕਮ ਦੀ ਮਿਤੀ; ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ; ਸ) ਕਬਜ਼ੇ ਦਾ ਸਰੂਪ | ਰਾਖਵੀਂ ਕੀਮਤ; ਬਿਆਨਾ ਰਕਮ; ਬੋਲੀ ਵਾਧਾ ਰਕਮ |
|---|---|---|---|---|---|
| PROPERTY : 1. PROPERTY ID : PUNB088A63419774; PROPERTY : 2. PROPERTY ID : PUNB088A63420291; PROPERTY : 3. PROPERTY ID : PUNB088A52802298; PROPERTY : 4. PROPERTY ID : PUNB088A52822221; PROPERTY : 5. PROPERTY ID : PUNB088A52822221A; PROPERTY : 6. PROPERTY ID : PUNB088A52822221B; PROPERTY : 7. PROPERTY ID : PUNB088A63420338 | | | | | |
| 1. | I) ਮੈਸਰਜ਼ ਬੈਸਟ ਸੀਡਜ਼ ਕਮਲ ਰਜਿਸਟਰਡ ਦਫ਼ਤਰ ਦਾ ਪਤਾ: 4, ਫੇਜ਼ 2, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ-143001 ii) ਮੈਸ. ਬੈਸਟ ਸੀਡਜ਼ ਕਮਲ, ਫੈਕਟਰੀ ਪਤਾ: ਪਿੰਡ ਅਤੇ ਡਾਕਖਾਨਾ ਨਵਾਂ ਪਿੰਡ, ਰਾਮਦਾਸ ਰੋਡ, ਤਹਿਸੀਲ ਅਜਨਾਲਾ, ਅੰਮ੍ਰਿਤਸਰ-143001। iii) ਸ੍ਰੀ ਚੰਦਦੇਵ ਜੀਤ ਸਿੰਘ ਪੁੱਤਰ ਸ੍ਰੀ ਰਣਜੀਤ ਸਿੰਘ (ਭਾਈਵਾਲ/ਜ਼ਾਮਨ), ਪਿੰਡ ਨੰਗਲ ਸੋਹਲ, ਅੰਮ੍ਰਿਤਸਰ, ਰਮਦਾਸ, ਪੰਜਾਬ-143603। iv) ਸ੍ਰੀ ਲਖਵਿੰਦਰ ਸਿੰਘ ਰੰਧਾਵਾ ਪੁੱਤਰ ਸ੍ਰੀ ਦਰਸ਼ਨ ਸਿੰਘ, (ਜ਼ਾਮਨ/ਗਿਰਵੀਕਾਰ), ਮਕਾਨ ਨੰ. 4, ਚੰਦ ਐਵੇਨਿਊ, ਅੰਮ੍ਰਿਤਸਰ-143001। v) ਸ਼੍ਰੀਮਤੀ ਜਸਵਿੰਦਰ ਕੌਰ ਸ੍ਰੀ ਲਖਵਿੰਦਰ ਸਿੰਘ (ਜ਼ਾਮਨ/ਗਿਰਵੀਕਾਰ), ਪਿੰਡ ਨੰਗਲ ਸੋਹਲ, ਅੰਮ੍ਰਿਤਸਰ, ਪੰਜਾਬ-143603। vi) ਸ੍ਰੀ ਚੰਦਦੇਵ ਜੀਤ ਸਿੰਘ ਪੁੱਤਰ ਸ੍ਰੀ ਰਣਜੀਤ ਸਿੰਘ, (ਭਾਗੀਦਾਰ/ਜ਼ਾਮਨ), ਪਲਾਟ ਪ੍ਰਾਈਵੇਟ ਨੰਬਰ 86-87, ਵ੍ਰਿੰਦਾਵਨ ਗਾਰਡਨ ਐਕਸਟੈਂਸ਼ਨ, ਮਾਰਵਾੜੀ ਮੰਦਰ ਦੇ ਨੇੜੇ, ਫਤਿਹਗੜ੍ਹ ਚੂੜੀਆਂ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-143001। vii) ਸ਼੍ਰੀਮਤੀ ਅਮਰਦੀਪ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ (ਭਾਈਵਾਲ/ਜ਼ਾਮਨ/ਗਿਰਵੀਕਾਰ), ਮਕਾਨ ਨੰਬਰ 15-ਬੀ, ਫਤਿਹਗੜ੍ਹ ਚੂੜੀਆਂ ਰੋਡ, ਚਾਂਦ ਐਵੇਨਿਊ, ਅੰਮ੍ਰਿਤਸਰ, ਪੰਜਾਬ-143001। viii) ਸ਼੍ਰੀਮਤੀ ਕਲਵਿੰਦਰ ਕੌਰ ਪਤਨੀ ਸ੍ਰੀ ਮਨਜਿੰਦਰ ਸਿੰਘ, (ਜ਼ਾਮਨ/ਗਿਰਵੀਕਾਰ), ਮਕਾਨ ਨੰਬਰ 19-ਏ, ਚਾਂਦ ਐਵੇਨਿਊ, ਗੁਰੂ ਰਾਮ ਦਾਸ ਸੈਨੇਟਰੀ ਸਟੋਰ ਦੇ ਨੇੜੇ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ-143001। | ਆਈਬੀਬੀ ਲਾਰੈਂਸ ਰੋਡ, ਅੰਮ੍ਰਿਤਸਰ | ਜਾਇਦਾਦ: 1. ਹਾਊਸਿੰਗ ਪਲਾਟ ਨੰਬਰ 16, ਖਸਰਾ ਨੰਬਰ 112/6, 112/7 ਮਿੰਨ, 200 ਵਰਗ ਗਜ਼ ਦਾ ਮਾਪ, ਚਾਂਦ ਐਵੇਨਿਊ, ਫੇਜ਼ 2, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਵਿਖੇ ਸਥਿਤ, ਜਿਸਦਾ ਮਾਲਕੀ ਪੱਤਰ ਨੰਬਰ 2582 ਮਿਤੀ 27.05.2004 ਹੈ, ਸ੍ਰੀ ਲਖਵਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਦੇ ਨਾਮ 'ਤੇ। | 12.04.2024; ਰੁ. 4,82,17,527.27, ਦੇ ਤੌਰ ਤੇ 11.04.2024 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ; 27.06.2024; ਸੰਕੇਤਕ ਕਬਜ਼ਾ | PROPERTY: 1; Rs. 26,00,000/-; Rs. 2,60,000/-; Rs. 20,000/- |
| | | | ਜਾਇਦਾਦ: 2. ਦੋ ਮੰਜ਼ਿਲਾ ਰਿਹਾਇਸ਼ੀ ਪਲਾਟ ਨੰਬਰ 4 ਅਤੇ 3 ਮਿੰਨ, ਖਸਰਾ ਨੰਬਰ 112/6 ਮਿੰਨ, 202.66 ਵਰਗ ਗਜ਼ 'ਤੇ ਬਣਿਆ ਘਰ, ਨੰਗਲੀ ਬਾਈਪਾਸ, ਆਬਾਦੀ ਪ੍ਰੀਤ ਐਵੇਨਿਊ (ਚਾਂਦ ਐਵੇਨਿਊ) ਦੇ ਬਾਹਰ, ਫਤਿਹਗੜ੍ਹ ਚੂੜੀਆਂ ਰੋਡ 'ਤੇ ਸਥਿਤ, ਰਜਿਸਟਰਡ ਟਾਈਟਲ ਡੀਡ ਨੰਬਰ 9565 ਮਿਤੀ 10.10.2008, ਸ੍ਰੀ ਲਖਵਿੰਦਰ ਸਿੰਘ ਪੁੱਤਰ ਸ. ਦਰਸ਼ਨ ਸਿੰਘ ਦੇ ਨਾਮ 'ਤੇ। | ਸੰਕੇਤਕ ਕਬਜ਼ਾ | PROPERTY: 2; Rs. 45,00,000/-; Rs. 4,50,000/-; Rs. 20,000/- |
| | | | ਜਾਇਦਾਦ: 3. ਪਲਾਟ ਨੰ. 134, ਖਸਰਾ ਨੰ. 40//8 ਘੱਟੋ-ਘੱਟ, ਆਬਾਦੀ ਸੂਰਜ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ, 386.66 ਵਰਗ ਗਜ਼ ਦਾ ਆਕਾਰ, ਜਿਸਦੀ ਰਜਿਸਟਰਡ ਟਾਈਟਲ ਡੀਡ ਨੰਬਰ 2280 ਮਿਤੀ 30.04.2013 ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਸ੍ਰੀ ਲਖਵਿੰਦਰ ਸਿੰਘ ਦੇ ਨਾਮ 'ਤੇ ਹੈ। | ਸੰਕੇਤਕ ਬਜ਼ਾ | PROPERTY : 3; Rs. 50,00,000/-; Rs. 5,00,000/-; Rs. 20,000/- |
| | | | ਜਾਇਦਾਦ: 4. ਖਸਰਾ ਨੰਬਰ 406 ਮਿੰਨ ਵਾਲਾ ਪਲਾਟ, ਰਕਬਾ ਸੁਲਤਾਨਵਿੰਡ ਸਬ ਅਰਬਨ ਸਾਈਡ ਬਹਿਨੀਵਾਲ ਵਿਖੇ ਸਥਿਤ, ਆਬਾਦੀ ਜਵਾਹਰ ਨਗਰ ਦੇ ਨੇੜੇ, ਵੱਲਾਹ ਮਹਿਤਾ ਰੋਡ, ਅੰਮ੍ਰਿਤਸਰ, ਟਾਈਟਲ ਡੀਡ ਨੰਬਰ 686 ਮਿਤੀ 20.04.2018 ਦੁਆਰਾ, ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਸ੍ਰੀ ਲਖਵਿੰਦਰ ਸਿੰਘ ਦੇ ਨਾਮ 'ਤੇ 207.30 ਵਰਗ ਗਜ਼। | ਸੰਕੇਤਕ ਕਬਜ਼ਾ | PROPERTY : 4; Rs. 32,00,000/-; Rs. 3,20,000/-; Rs. 20,000/- |
| | | | ਜਾਇਦਾਦ: 5. ਖਸਰਾ ਨੰਬਰ 406 ਮਿੰਨ ਵਾਲਾ ਪਲਾਟ, ਰਕਬਾ ਸੁਲਤਾਨਵਿੰਡ ਸਬ ਅਰਬਨ ਸਾਈਡ ਬਹਿਨੀਵਾਲ ਵਿਖੇ ਸਥਿਤ, ਆਬਾਦੀ ਜਵਾਹਰ ਨਗਰ ਦੇ ਨੇੜੇ, ਵੱਲਾਹ ਮਹਿਤਾ ਰੋਡ, ਅੰਮ੍ਰਿਤਸਰ, ਟਾਈਟਲ ਡੀਡ ਨੰਬਰ 687 ਮਿਤੀ 20.04.2018 ਅਨੁਸਾਰ, ਸ੍ਰੀ ਲਖਵਿੰਦਰ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ ਦੇ ਨਾਮ 'ਤੇ 207.30 ਵਰਗ ਗਜ਼। | ਸੰਕੇਤਕ ਕਬਜ਼ਾ | PROPERTY : 5; Rs. 37,00,000/-; Rs. 3,70,000/-; Rs. 20,000/- |
| | | | ਜਾਇਦਾਦ: 6. ਖਸਰਾ ਨੰਬਰ 406 ਮਿੰਨ ਵਾਲਾ ਪਲਾਟ, ਰਕਬਾ ਸੁਲਤਾਨਵਿੰਡ ਸਬ ਅਰਬਨ ਸਾਈਡ ਬਹਿਨੀਵਾਲ ਵਿਖੇ ਸਥਿਤ, ਆਬਾਦੀ ਜਵਾਹਰ ਨਗਰ ਦੇ ਨੇੜੇ, ਵੱਲਾਹ ਮਹਿਤਾ ਰੋਡ, ਅੰਮ੍ਰਿਤਸਰ, ਟਾਈਟਲ ਡੀਡ ਨੰਬਰ 689 ਮਿਤੀ 20.04.2018 ਅਨੁਸਾਰ, ਸ਼੍ਰੀਮਤੀ ਅਮਰਦੀਪ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ ਦੇ ਨਾਮ 'ਤੇ 207.30 ਵਰਗ ਗਜ਼ ਮਾਪਿਆ ਗਿਆ (ਕੁੱਲ ਖੇਤਰਫਲ 621.90 ਵਰਗ ਗਜ਼ ਮਾਪਿਆ ਗਿਆ)। | ਸੰਕੇਤਕ ਕਬਜ਼ਾ | PROPERTY : 6; Rs. 31,00,000/-; Rs. 3,10,000/-; Rs. 20,000/- |
| | | | ਜਾਇਦਾਦ: 7. ਰਿਹਾਇਸ਼ੀ ਇਮਾਰਤ ਜਿਸ 'ਤੇ ਬਣੀ ਹੋਈ ਹੈ ਪਲਾਟ ਨੰਬਰ 86-87 ਮਿੰਨ, ਖਸਰਾ ਨੰਬਰ 64//3/2, 64//13, 64//18/2/6 ਮਿੰਨ, ਭੱਲਾ ਕਲੋਨੀ ਵਿਖੇ ਸਥਿਤ, ਵਰਤਮਾਨ ਵਿੱਚ ਵਰਿੰਦਾਵਨ ਗਾਰਡਨ ਐਕਸਟੈਂਸ਼ਨ ਵਜੋਂ ਜਾਣਿਆ ਜਾਂਦਾ ਹੈ, ਮਾਰਵਾੜੀ ਮੰਦਰ ਦੇ ਨੇੜੇ, ਫਤਿਹਗੜ੍ਹ ਚੂੜੀਆਂ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਰਜਿਸਟਰਡ ਟਾਈਟਲ ਡੀਡ ਨੰਬਰ 2019-20/93/1/15279 ਮਿਤੀ 17.02.2020 ਦੁਆਰਾ, ਕੁਲਵਿੰਦਰ ਕੌਰ ਪਤਨੀ ਸ੍ਰੀ ਮਨਜਿੰਦਰ ਸਿੰਘ ਦੇ ਨਾਮ 'ਤੇ 214.91 ਵਰਗ ਗਜ਼ ਮਾਪਿਆ ਜਾਂਦਾ ਹੈ। | ਸੰਕੇਤਕ ਕਬਜ਼ਾ | PROPERTY : 7; Rs. 97,00,000/-; Rs. 9,70,000/-; Rs. 50,000/- |
| 2. ਸੰਪੱਤੀ ਆਈਡੀ : PUNB818601336 | (I) ਮੈਸਰਜ਼ ਆਰਆਰ ਓਵਰਸੀਜ਼, ਰਜਿਸਟਰਡ ਦਫ਼ਤਰ: ਪਿੰਡ ਅਤੇ ਡਾਕਖਾਨਾ ਥਰੂ, ਤਰਨਤਾਰਨ-143401. ਹੋਰ ਦਫ਼ਤਰ ਦਾ ਪਤਾ: 1/189, ਐਸਐਸਪੀ ਦਫ਼ਤਰ ਦੇ ਸਾਹਮਣੇ, (ਪਾਵਰ ਹਾਊਸ), ਤਰਨਤਾਰਨ, ਪੰਜਾਬ-143401। (ii) ਸ਼੍ਰੀਮਤੀ ਡਿੰਪਲ ਓਹਰੀ ਪਤਨੀ ਸ੍ਰੀ ਪੰਕਜ ਓਹਰੀ (ਸਾਥੀ)। (iii) ਸ਼੍ਰੀਮਤੀ ਕਵਿਤਾ ਓਹਰੀ ਪਤਨੀ ਸ੍ਰੀ ਸੁਰਿੰਦਰ ਮੋਹਨ ਓਹਰੀ (ਸਾਥੀ)। (iv) ਸ਼੍ਰੀਮਤੀ ਰੁਚਿਕਾ ਓਹਰੀ ਪਤਨੀ ਸ੍ਰੀ ਨੀਰਜ ਓਹਰੀ (ਸਾਥੀ)। (v) ਸ਼੍ਰੀਮਤੀ ਸਮੀਕਸ਼ਾ ਓਹਰੀ ਪਤਨੀ ਸ੍ਰੀ ਅੰਸ਼ੁਲ ਓਹਰੀ। (vi) ਸ਼੍ਰੀਮਤੀ ਸ਼ਵੇਤਾ ਓਹਰੀ ਪਤਨੀ ਸ੍ਰੀ ਸਾਲੀਨ ਦੇਵਸਰ (ਸਾਥੀ)। (vii) ਸ਼੍ਰੀਮਤੀ ਸੁਨੀਤਾ ਰਾਣੀ ਨੇ ਸ੍ਰੀ ਭੀਸ਼ਮ ਕੁਮਾਰ (ਸਾਥੀ)। (viii) ਸ੍ਰੀ ਪੰਕਜ ਓਹਰੀ ਪੁੱਤਰ ਸ. ਸੁਦੇਸ਼ ਕੁਮਾਰ (ix) ਸ੍ਰੀ ਨੀਰਜ ਓਹਰੀ ਪੁੱਤਰ ਸ੍ਰੀ ਸੁਦੇਸ਼ ਕੁਮਾਰ (x) ਸ੍ਰੀ ਅੰਸ਼ੁਲ ਓਹਰੀ ਪੁੱਤਰ ਸ. ਸੁਰਿੰਦਰ ਮੋਹਨ। xi) ਮੈਸਰਜ਼ ਬੀਪੀ ਐਗਰੋ ਇੰਡਸਟਰੀਜ਼। (xii) ਮੈਸਰਜ਼ ਬੀਪੀਏ ਫੂਡਜ਼ ਪ੍ਰਾਈਵੇਟ ਲਿਮਿਟੇਡ। (xiii) ਸ੍ਰੀ ਸਲੀਨ ਦਵੇਸਰ ਪੁੱਤਰ ਸ਼. ਭੀਸ਼ਮ ਕੁਮਾਰ | ਆਈਬੀਬੀ ਲਾਰੈਂਸ ਰੋਡ, ਅੰਮ੍ਰਿਤਸਰ | ਇੱਕ ਮੰਜ਼ਿਲਾ ਗੋਦਾਮ ਇਮਾਰਤ ਅਤੇ ਖੁੱਲ੍ਹੀ ਜ਼ਮੀਨ, ਕੁੱਲ ਰਕਬਾ 37 ਕਨਾਲ 19/1/4 ਮਰਲੇ। ਲਿੰਕ ਰੋਡ, ਥਾਰੂ ਰੋਡ ਤੋਂ ਮਮਤਾ ਨਿਕੇਤਨ, ਹੋਟਲ ਸੈਵਨ ਸਟਾਰ ਦੇ ਨੇੜੇ, ਥਾਰੂ ਤਰਨ ਤਾਰਨ ਵਿਖੇ ਸਥਿਤ, ਰਜਿਸਟਰਡ ਟਾਈਟਲ ਡੀਡ ਵੇਰਵੇ ਜਿਵੇਂ ਕਿ (i) ਰਜਿਸਟਰਡ ਟਾਈਟਲ ਡੀਡ ਨੰਬਰ 1900 ਮਿਤੀ 05.07.2011, ਖੇਤਰਫਲ 1 ਕਨਾਲ 5 ਮਰਲੇ ਜਿਸ ਵਿੱਚ ਹਰੇਕ ਦਾ 1/6 ਹਿੱਸਾ ਹੈ ਯਾਨੀ ਸ਼੍ਰੀਮਤੀ ਡਿੰਪਲ ਓਹਰੀ ਪਤਨੀ ਸ੍ਰੀ ਪੰਕਜ ਓਹਰੀ, ਸ਼੍ਰੀਮਤੀ ਰੁਚਿਕਾ ਓਹਰੀ ਪਤਨੀ ਸ੍ਰੀ ਨੀਰਜ ਓਹਰੀ, ਸ਼੍ਰੀਮਤੀ ਸਮੀਖਿਆ ਓਹਰੀ ਪਤਨੀ ਸ੍ਰੀ ਅੰਸ਼ੁਲ ਓਹਰੀ, ਸ਼੍ਰੀਮਤੀ ਕਵਿਤਾ ਓਹਰੀ ਪਤਨੀ ਸੁਰਿੰਦਰ ਮੋਹਨ ਓਹਰੀ, ਸ਼੍ਰੀਮਤੀ ਸੁਨੀਤਾ ਓਹਰੀ ਪਤਨੀ ਸ੍ਰੀ ਬਿਸ਼ਮ ਕੁਮਾਰ ਅਤੇ ਸ਼੍ਰੀਮਤੀ ਸ਼ਵੇਤਾ ਪਤਨੀ ਸ੍ਰੀ ਸਲਿਨ ਦੇਵਸਰ। (ii) ਰਜਿਸਟਰਡ ਮਾਲਕੀ ਡੀਡ ਨੰਬਰ 4407 ਮਿਤੀ 08.12.2011, 1 ਕਨਾਲ 5 ਮਰਲੇ ਦਾ ਖੇਤਰਫਲ ਜਿਸ ਵਿੱਚ ਹਰੇਕ ਦਾ 1/6 ਹਿੱਸਾ ਹੈ ਯਾਨੀ ਸ਼੍ਰੀਮਤੀ ਡਿੰਪਲ ਓਹਰੀ ਪਤਨੀ ਸ੍ਰੀ ਪੰਕਜ ਓਹਰੀ, ਸ਼੍ਰੀਮਤੀ ਰੁਚਿਕਾ ਓਹਰੀ ਪਤਨੀ ਸ੍ਰੀ ਨੀਰਜ ਓਹਰੀ, ਸ਼੍ਰੀਮਤੀ ਸਮੀਖਿਆ ਓਹਰੀ ਪਤਨੀ ਸ੍ਰੀ ਅੰਸ਼ੁਲ ਓਹਰੀ, ਸ਼੍ਰੀਮਤੀ ਕਵਿਤਾ ਓਹਰੀ ਪਤਨੀ ਸੁਰਿੰਦਰ ਮੋਹਨ ਓਹਰੀ, ਸ਼੍ਰੀਮਤੀ ਸੁਨੀਤਾ ਓਹਰੀ ਪਤਨੀ ਸ੍ਰੀ ਬਿਸ਼ਮ ਕੁਮਾਰ ਅਤੇ ਸ਼੍ਰੀਮਤੀ ਸ਼ਵੇਤਾ ਪਤਨੀ ਸ੍ਰੀ ਸਲਿਨ ਦੇਵਸਰ। (iii) ਰਜਿਸਟਰਡ ਮਾਲਕੀ ਡੀਡ ਨੰਬਰ 5324 ਮਿਤੀ 08.12.2012 ਜਿਸ ਵਿੱਚ 7 ਕਨਾਲ ਦਾ ਖੇਤਰਫਲ ਹੈ, ਜਿਸ ਵਿੱਚ ਹਰੇਕ ਦਾ 1/6 ਹਿੱਸਾ ਹੈ - ਸ਼੍ਰੀਮਤੀ ਡਿੰਪਲ ਓਹਰੀ ਪਤਨੀ ਸ੍ਰੀ ਪੰਕਜ ਓਹਰੀ, ਸ਼੍ਰੀਮਤੀ ਰੁਚਿਕਾ ਓਹਰੀ ਪਤਨੀ ਸ੍ਰੀ ਨੀਰਜ ਓਹਰੀ, ਸ਼੍ਰੀਮਤੀ ਸਮੀਖਿਆ ਓਹਰੀ ਪਤਨੀ ਸ੍ਰੀ ਅੰਸ਼ੁਲ ਓਹਰੀ, ਸ਼੍ਰੀਮਤੀ ਕਵਿਤਾ ਓਹਰੀ ਪਤਨੀ ਸੁਰਿੰਦਰ ਮੋਹਨ ਓਹਰੀ, ਸ਼੍ਰੀਮਤੀ ਸੁਨੀਤਾ ਓਹਰੀ ਪਤਨੀ ਸ੍ਰੀ ਬਿਸ਼ਮ ਕੁਮਾਰ ਅਤੇ ਸ਼੍ਰੀਮਤੀ ਸ਼ਵੇਤਾ ਪਤਨੀ ਸ੍ਰੀ ਸਲਿਨ ਦੇਵਸਰ। (iv) ਰਜਿਸਟਰਡ ਟਾਈਟਲ ਡੀਡ ਨੰਬਰ 5325 ਮਿਤੀ 20.01.2012, 8 ਕਨਾਲ ਖੇਤਰਫਲ ਜਿਸ ਵਿੱਚ ਹਰੇਕ ਦਾ 1/6 ਹਿੱਸਾ ਹੈ ਯਾਨੀ ਸ਼੍ਰੀਮਤੀ ਡਿੰਪਲ ਓਹਰੀ ਪਤਨੀ ਸ੍ਰੀ ਪੰਕਜ ਓਹਰੀ, ਸ਼੍ਰੀਮਤੀ ਰੁਚਿਕਾ ਓਹਰੀ ਪਤਨੀ ਸ੍ਰੀ ਨੀਰਜ ਓਹਰੀ, ਸ਼੍ਰੀਮਤੀ ਸਮੀਖਿਆ ਓਹਰੀ ਪਤਨੀ ਸ੍ਰੀ ਅੰਸ਼ੁਲ ਓਹਰੀ, ਸ਼੍ਰੀਮਤੀ ਕਵਿਤਾ ਓਹਰੀ ਪਤਨੀ ਸੁਰਿੰਦਰ ਮੋਹਨ ਓਹਰੀ, ਸ਼੍ਰੀਮਤੀ ਸੁਨੀਤਾ ਓਹਰੀ ਪਤਨੀ ਸ੍ਰੀ ਬਿਸ਼ਮ ਕੁਮਾਰ ਅਤੇ ਸ਼੍ਰੀਮਤੀ ਸ਼ਵੇਤਾ ਪਤਨੀ ਸ੍ਰੀ ਸਲਿਨ ਦੇਵਸਰ। (v) ਰਜਿਸਟਰਡ ਟਾਈਟਲ ਡੀਡ ਨੰਬਰ 4890 ਮਿਤੀ 14.01.2014, ਮੈਸਰਜ਼ ਬੀਪੀ ਐਗਰੋ ਦੇ ਹੱਕ ਵਿੱਚ 2 ਕਨਾਲ ਦਾ ਖੇਤਰਫਲ। (vi) ਰਜਿਸਟਰਡ ਟਾਈਟਲ ਡੀਡ ਨੰ. 1613 ਮਿਤੀ 17.06.2013, ਰਕਬਾ ਮਾਪਿਆ 7 ਕਨਾਲ 16 ਮਰਲੇ ਜਿਸ ਵਿੱਚ 1/3 ਹਿੱਸਾ ਸ੍ਰੀ ਪੰਕਜ ਓਹਰੀ ਪੁੱਤਰ ਸ੍ਰੀ ਸੁਦੇਸ਼ ਕੁਮਾਰ ਅਤੇ ਸ਼. ਨੀਰਜ ਓਹਰੀ ਪੁੱਤਰ ਸ. ਸੁਦੇਸ਼ ਕੁਮਾਰ, 1/3 ਸ਼ੇਅਰ ਸ੍ਰੀ ਅੰਸ਼ੁਲ ਓਹਰੀ ਪੁੱਤਰ ਸ੍ਰੀ ਸੁਰਿੰਦਰ ਮੋਹਨ ਓਹਰੀ ਅਤੇ 1/3 ਸ਼ੇਅਰ ਸ੍ਰੀ ਸਲੀਨ ਦਵੇਸਰ ਪੁੱਤਰ ਸ੍ਰੀ ਭੀਸ਼ਮ ਕੁਮਾਰ (vii) ਰਜਿਸਟਰਡ ਟਾਈਟਲ ਡੀਡ ਨੰਬਰ 4942 ਮਿਤੀ 16.01.2014, ਮੈਸਰਜ਼ ਬੀਪੀਏ ਫੂਡਜ਼ ਪ੍ਰਾਈਵੇਟ ਲਿਮਟਿਡ ਦੇ ਹੱਕ ਵਿੱਚ 3 ਕਨਾਲ 18 ਮਰਲੇ ਦਾ ਖੇਤਰਫਲ। (viii) ਰਜਿਸਟਰਡ ਟਾਈਟਲ ਡੀਡ ਨੰਬਰ 1688 ਮਿਤੀ 01.09.2015, ਮੈਸਰਜ਼ ਬੀਪੀਏ ਫੂਡਜ਼ ਪ੍ਰਾਈਵੇਟ ਲਿਮਟਿਡ ਦੇ ਹੱਕ ਵਿੱਚ 2 ਕਨਾਲ 1/2 ਮਰਲੇ ਦਾ ਖੇਤਰਫਲ। (ix) ਰਜਿਸਟਰਡ ਟਾਈਟਲ ਡੀਡ ਨੰਬਰ 4941 ਮਿਤੀ 16.01.2014, ਮੈਸਰਜ਼ ਬੀਪੀਏ ਫੂਡਜ਼ ਪ੍ਰਾਈਵੇਟ ਲਿਮਟਿਡ ਦੇ ਹੱਕ ਵਿੱਚ 4 ਕਨਾਲ ਖੇਤਰਫਲ। (x) ਰਜਿਸਟਰਡ ਟਾਈਟਲ ਡੀਡ ਨੰਬਰ 2192 ਮਿਤੀ 14.08.2014, ਮੈਸਰਜ਼ ਬੀਪੀਏ ਫੂਡਜ਼ ਪ੍ਰਾਈਵੇਟ ਲਿਮਟਿਡ ਦੇ ਹੱਕ ਵਿੱਚ 15 ਮਰਲੇ ਦਾ ਖੇਤਰਫਲ। | 22.11.2022; ਰੁ. 4,64,09,808.65, 01.09.2022 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ; 26.07.2023; ਭੌਤਿਕ ਕਬਜ਼ਾ | Rs. 3,44,70,000/-; Rs. 34,47,000/-; Rs. 1,00,000/- |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.06.2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕਾਲਮ ਨੰਬਰ 6 ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://eprocure.gov.in/epublish/app ਅਤੇ www.pnbindia.in ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 05.06.2025 | ਸਥਾਨ : ਅੰਮ੍ਰਿਤਸਰ | ਅਧਿਕਾਰਤ ਅਧਿਕਾਰੀ

# ਐਕਰੋਬੈਟਿਕ ਰੌਕ ਐਂਡ ਰੋਲ ਅਤੇ ਐਕਰੋ ਸਵਿੰਗ ਦੇਸ਼ ਦਾ ਪਹਿਲਾ ਕੋਚ ਸਰਟੀਫਾਈਡ ਪ੍ਰੋਗਰਾਮ ਬਣਿਆ



ਚੰਡੀਗੜ੍ਹ, 5 ਜੂਨ (ਅੰਮ੍ਰਿਤਪਾਲ ਸਿੰਘ) : ਨੈਸ਼ਨਲ ਫੈਡਰੇਸ਼ਨ ਆਫ਼ ਐਕਰੋਬੈਟਿਕ ਐਂਡ ਡਾਂਸ ਸਪੋਰਟਸ ਆਫ਼ ਇੰਡੀਆ (ਐਨਐਫਏਡੀਆਈ) ਨੇ ਵਰਲਡ ਫੈਡਰੇਸ਼ਨ ਆਫ਼ ਐਕਰੋਬੈਟਿਕ ਐਂਡ ਡਾਂਸ ਸਪੋਰਟਸ (ਡਬਲਯੂਐਫਏਡੀਐਸ) ਦੇ ਸਹਿਯੋਗ ਨਾਲ 31 ਮਈ ਤੋਂ 5 ਜੂਨ ਤੱਕ ਸੈਕਟਰ 34, ਚੰਡੀਗੜ੍ਹ ਦੇ ਸਪੋਰਟਸ ਕੰਪਲੈਕਸ ਵਿਖੇ ਦੇਸ਼ ਦਾ ਪਹਿਲਾ ਕੋਚ ਸਰਟੀਫਾਈਡ ਪ੍ਰੋਗਰਾਮ ਆਯੋਜਿਤ ਕੀਤਾ। ਰੂਸ ਤੋਂ ਮਸ਼ਹੂਰ ਮਾਸਟਰ ਟ੍ਰੇਨਰ ਅਲੈਕਸੀ ਅਤੇ ਸਵੇਤਲਾਨਾ ਗੋਵਰੀਲੋਵਾ ਅਤੇ ਐਕਰੋਬੈਟਿਕ ਰੌਕ ਐਂਡ ਰੋਲ ਲਈ ਦਮਿਤਰੀ ਲੋਨੋਵ ਅਤੇ ਡਾਰੀਆ ਜ਼ਿਊਰਨੀਆਏਵਾ ਨੇ ਜੰਮੂ, ਅੰਮ੍ਰਿਤਸਰ, ਦਿੱਲੀ, ਜੈਪੁਰ, ਲੁਧਿਆਣਾ, ਹੈਦਰਾਬਾਦ, ਮੁੰਬਈ, ਝਾਰਖੰਡ ਅਤੇ ਆਸਾਮ ਦੇ ਸੱਠ ਤੋਂ ਵੱਧ ਕੋਚਾਂ ਅਤੇ ਕਲਾਕਾਰਾਂ ਨੂੰ ਵਿਸ਼ਵ ਪੱਧਰੀ ਪੰਜ ਦਿਨਾਂ ਦੀ ਰਜਿਸਟ੍ਰੇਸ਼ਨ ਟ੍ਰੇਨਿੰਗ ਪ੍ਰਦਾਨ ਕੀਤੀ।ਇਸ ਮੌਕੇ ਮੁੱਖ ਮਹਿਮਾਨ ਚੰਡੀਗੜ੍ਹ ਦੀ ਮੇਅਰ ਹਰਪ੍ਰੀਤ ਕੌਰ ਬਬਲਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਖੁਸ਼ੀ ਪ੍ਰਗਟ ਕੀਤੀ ਕਿ ਚੰਡੀਗੜ੍ਹ ਇਸ ਦਿਸ਼ਾ ਵਿੱਚ ਪਹਿਲੇ ਅਜਿਹੇ ਪ੍ਰੋਗਰਾਮ ਦੀ ਮੇਜ਼ਬਾਨੀ ਕਰ ਰਿਹਾ ਹੈ। ਉਨ੍ਹਾਂ ਨੇ ਆਯੋਜਕਾਂ ਨੂੰ ਇਸ ਡਾਂਸ ਸਪੋਰਟ ਨੂੰ ਅਗਲੇ ਪੱਧਰ 'ਤੇ ਲੈ ਜਾਣ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਹ ਪ੍ਰੋਗਰਾਮ ਨੌਜਵਾਨਾਂ ਲਈ ਭਵਿੱਖ ਵਿੱਚ ਕਲਾਕਾਰਾਂ ਲਈ ਦਿਲਚਸਪ ਮੌਕਿਆਂ ਦੇ ਦਰਵਾਜ਼ੇ ਖੋਲ੍ਹੇਗਾ।ਇਸ ਟ੍ਰੇਨਿੰਗ ਦੀ ਮੁੱਖ ਗੱਲ ਦੋ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਜੋੜੀਆਂ (ਹਰੇਕ ਸ਼੍ਰੇਣੀ ਵਿੱਚ - ਐਕਰੋਬੈਟਿਕ ਐਕਰੋ ਰੌਕ ਅਤੇ ਰੋਲ ਅਤੇ ਐਕਰੋ ਸਵਿੰਗ) ਲਈ ਪੁਰਸਕਾਰਾਂ ਦਾ ਐਲਾਨ ਸੀ ਜਿਨ੍ਹਾਂ ਨੂੰ ਡਬਲਯੂਐਫਏਡੀਐਸ ਦੁਆਰਾ ਮਾਸਕੋ ਦੀ 15 ਦਿਨਾਂ ਦੀ ਟ੍ਰੇਨਿੰਗ ਟ੍ਰਿਪ ਲਈ ਸਪਾਂਸਰ ਕੀਤਾ ਜਾਵੇਗਾ।ਡਬਲਯੂਐਫਏਡੀਐਸ ਦੇ ਪ੍ਰਧਾਨ ਓਮੀ ਸੇਨੇ, ਜਿਨ੍ਹਾਂ ਨੇ ਚੰਡੀਗੜ੍ਹ ਵਿੱਚ ਸਿਖਲਾਈ ਵਿੱਚ ਹਿੱਸਾ ਲਿਆ, ਨੇ ਭਾਰਤ ਵਿੱਚ ਇਸ ਖੇਡ ਦੀ ਅਥਾਹ ਸੰਭਾਵਨਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੇ ਅਨੁਸਾਰ, ਭਾਰਤ ਵਿੱਚ ਇੱਕ ਡੂੰਘੀ ਸੱਭਿਆਚਾਰਕ ਵਿਭਿੰਨਤਾ ਹੈ ਅਤੇ ਰਾਜਾਂ ਦੇ 62 ਭਾਗੀਦਾਰ ਇਸਦਾ ਸਬੂਤ ਹਨ। ਉਨ੍ਹਾਂ ਕਿਹਾ ਕਿ ਡਬਲਯੂਐਫਏਡੀਐਸ ਭਾਰਤ ਨੂੰ ਐਕਰੋਬੈਟਿਕ ਸਪੋਰਟਸ ਡਾਂਸ ਵਿੱਚ ਵਿਸ਼ਵ ਲੀਡਰ ਬਣਾਉਣ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰ ਰਿਹਾ ਹੈ।ਐਨਐਫਏਡੀਆਈ ਪ੍ਰਧਾਨ ਜਸਮੀਤ ਕੌਰ ਸ਼ਾਨ ਨੇ ਇਸ ਖੇਡ ਲਈ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ ਅਤੇ ਕਿਹਾ ਕਿ ਡਾਂਸ, ਐਕਰੋਬੈਟਿਕਸ ਅਤੇ ਫਿਟਨੈਸ ਦਾ ਸੁਮੇਲ ਸਿਰਫ਼ ਇੱਕ ਕਲਾ ਨਹੀਂ ਹੈ ਸਗੋਂ ਓਲੰਪਿਕ ਸੰਭਾਵਨਾਵਾਂ ਵਾਲਾ ਇੱਕ ਖੇਡ ਹੈ। ਭਾਰਤੀ ਡਾਂਸਰ, ਜਿਮਨਾਸਟ ਅਤੇ ਫਿਟਨੈਸ ਪ੍ਰੇਮੀ ਹੁਣ ਇਸ ਖੇਡ ਵਿੱਚ ਇੱਕ ਦਿਸ਼ਾ ਲੱਭ ਸਕਦੇ ਹਨ, ਜਿਸ ਰਾਹੀਂ ਉਹ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਦੇ ਹਨ। ਇਹ ਸਰਟੀਫਿਕੇਟ ਟ੍ਰੇਨਿੰਗ ਸਿਰਫ਼ ਇੱਕ ਸ਼ੁਰੂਆਤ ਸੀ, ਜੋ ਸਫਲ ਰਹੀ।ਐਨਐਫਏਡੀਆਈ ਦੇ ਜਨਰਲ ਸਕੱਤਰ ਗੁਰਜੀਤ ਬਾਜਵਾ ਨੇ ਕਿਹਾ ਕਿ ਇੱਕ ਅਜਿਹੀ ਖੇਡ ਦਾ ਹਿੱਸਾ ਬਣਨਾ ਜੋ ਜੀਵੰਤ, ਅਨੁਸ਼ਾਸਿਤ ਅਤੇ ਦੂਰਦਰਸ਼ੀ ਹੈ, ਯਕੀਨੀ ਤੌਰ 'ਤੇ ਸੰਤੁਸ਼ਟੀਜਨਕ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਪ੍ਰੋਗਰਾਮ ਭਾਰਤੀ ਡਾਂਸ ਅਤੇ ਫਿਟਨੈੱਸ ਭਾਈਚਾਰੇ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

# ਭਾਰਤ ਇੱਕ ਨਿਰਪੱਖ ਅਤੇ ਨਿਆਂਪੂਰਨ ਵਿਸ਼ਵ ਵਪਾਰ ਪ੍ਰਣਾਲੀ ਦਾ ਸਮਰਥਨ ਕਰਦੈ: ਓਮ ਬਿਰਲਾ

ਬ੍ਰਾਸੀਲੀਆ (ਬ੍ਰਾਜ਼ੀਲ), 5 ਜੂਨ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ, ਸ਼੍ਰੀ ਓਮ ਬਿਰਲਾ ਨੇ ਕਿਹਾ, ਭਾਰਤ ਇੱਕ ਨਿਰਪੱਖ ਅਤੇ ਨਿਆਂਪੂਰਨ ਵਿਸ਼ਵ ਵਪਾਰ ਪ੍ਰਣਾਲੀ ਦਾ ਸਮਰਥਨ ਕਰਦਾ ਹੈ, ਜੋ ਗਲੋਬਲ ਸਾਊਥ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਢੁਕਵੇਂ ਰੂਪ ਵਿੱਚ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ, ਭਾਰਤ ਬ੍ਰਿਕਸ ਸੰਸਦੀ ਫੋਰਮ ਨੂੰ ਇੱਕ ਮਹੱਤਵਪੂਰਨ ਪਲੇਟਫਾਰਮ ਮੰਨਦਾ ਹੈ, ਜਿੱਥੇ ਅਸੀਂ ਸਮੂਹਿਕ ਯਤਨਾਂ ਅਤੇ ਗੱਲਬਾਤ ਰਾਹੀਂ ਆਰਥਿਕ ਵਿਕਾਸ ਦੇ ਰੂਪਾਂ ਨੂੰ ਮੁੜ ਪਰਿਭਾਸ਼ਿਤ ਕਰ ਸਕਦੇ ਹਾਂ। ਇਹ ਪਲੇਟਫਾਰਮ ਆਪਸੀ ਸਹਿਯੋਗ, ਏਕਤਾ ਅਤੇ ਸਾਡੇ ਨਾਗਰਿਕਾਂ ਦੀ ਭਲਾਈ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ, ਵਿਸ਼ਵਵਿਆਪੀ ਚੁਣੌਤੀਆਂ ਦੇ ਬਾਵਜੂਦ, ਬ੍ਰਿਕਸ ਦੇਸ਼ਾਂ ਨੇ ਆਰਥਿਕ ਵਿਕਾਸ ਦੇ ਖੇਤਰ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਭਾਰਤ ਦਾ ਮੰਨਣਾ ਹੈ ਕਿ ਇਸਨੂੰ ਹੋਰ ਮਜ਼ਬੂਤ ਕਰਨ ਲਈ, ਸਾਨੂੰ ਬ੍ਰਿਕਸ ਦੇਸ਼ਾਂ ਵਿੱਚ ਵਪਾਰ, ਨਿਵੇਸ਼ ਅਤੇ ਵਿੱਤੀ ਸਹਿਯੋਗ ਨੂੰ ਵਧਾਉਣਾ ਚਾਹੀਦਾ ਹੈ। ਸ਼੍ਰੀ ਬਿਰਲਾ ਨੇ ਕਿਹਾ, ਪਿਛਲੇ ਦਹਾਕੇ ਵਿੱਚ ਭਾਰਤ ਦੀ ਆਰਥਿਕ ਤਰੱਕੀ ਸ਼ਾਨਦਾਰ ਰਹੀ ਹੈ। ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਅਤੇ ਘਰੇਲੂ ਚੁਣੌਤੀਆਂ ਦੇ ਬਾਵਜੂਦ, ਭਾਰਤ ਨੇ ਲਗਾਤਾਰ ਵਿਸ਼ਵਵਿਆਪੀ ਔਸਤ ਵਿਕਾਸ ਨੂੰ ਪਛਾੜ ਦਿੱਤਾ ਹੈ। 2014 ਵਿੱਚ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਤੋਂ ਅੱਜ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਤੱਕ ਭਾਰਤ ਦੀ ਵਿਕਾਸ ਦਰ ਭਾਰਤ ਦੀਆਂ ਮਜ਼ਬੂਤ ਨੀਤੀਆਂ ਅਤੇ ਭਾਰਤ ਦੇ ਲੋਕਾਂ ਦੇ ਦ੍ਰਿੜ੍ਹ ਇਰਾਦੇ ਦਾ ਪ੍ਰਮਾਣ ਹੈ। 2014-15 ਤੋਂ 2024-25 ਤੱਕ, ਭਾਰਤ ਦੀ ਔਸਤਨ 7% ਤੋਂ ਵੱਧ ਦੀ ਦਰ ਨਾਲ ਵਧੀ ਹੈ, ਜਿਸ ਨਾਲ ਇਹ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਬਣ ਗਈ ਹੈ। ਸ਼੍ਰੀ ਬਿਰਲਾ ਨੇ ਇਹ ਵੀ ਕਿਹਾ ਕਿ ਭਾਰਤ ਨਾ ਸਿਰਫ਼ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਜੀਵੰਤ ਲੋਕਤੰਤਰ ਹੈ, ਸਗੋਂ ਸਥਿਰ ਸ਼ਾਸਨ, ਮਜ਼ਬੂਤ ਸੰਵਿਧਾਨਕ ਸੰਸਥਾਵਾਂ, ਕਾਨੂੰਨ ਦਾ ਰਾਜ, ਪਾਰਦਰਸ਼ੀ ਅਤੇ ਜਵਾਬਦੇਹ ਟੈਕਸ ਪ੍ਰਣਾਲੀ ਅਤੇ ਫੈਸਲਾਕੁੰਨ ਲੀਡਰਸ਼ਿਪ ਵਾਲਾ ਦੇਸ਼ ਵੀ ਹੈ, ਜਿਸ ਵਿੱਚ ਦੁਨੀਆ ਭਰ ਦੇ ਨਿਵੇਸ਼ਕਾਂ ਨੇ ਭਰੋਸਾ ਪ੍ਰਗਟ ਕੀਤਾ ਹੈ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਦੇਸ਼ ਨੇ ਬੁਨਿਆਦੀ ਢਾਂਚੇ ਦੇ ਵਿਕਾਸ - ਪਾਣੀ, ਬਿਜਲੀ, ਸੜਕ ਅਤੇ ਰੇਲ ਸੰਪਰਕ, ਬੰਦਰਗਾਹਾਂ, ਹਵਾਈ ਅੱਡਿਆਂ, ਉਦਯੋਗਿਕ ਗਲਿਆਰਿਆਂ ਅਤੇ ਲੌਜਿਸਟਿਕਸ ਹੱਬਾਂ - ਵਿੱਚ ਬੇਮਿਸਾਲ ਤਰੱਕੀ ਦੇਖੀ ਹੈ ਜਿਸਨੇ ਭਾਰਤ ਵਿੱਚ ਨਵੀਂ ਊਰਜਾ ਭਰੀ ਹੈ।ਉਨ੍ਹਾਂ ਕਿਹਾ, "COVID-A9 ਮਹਾਂਮਾਰੀ ਵਰਗੇ ਗਲੋਬਲ ਸੰਕਟਾਂ ਨੇ ਗਲੋਬਲ ਸਾਊਥ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਸਿਹਤ, ਭੋਜਨ ਅਤੇ ਊਰਜਾ ਸੁਰੱਖਿਆ ਨਾਲ ਸਬੰਧਤ ਚੁਣੌਤੀਆਂ ਵੀ ਵਧੀਆਂ ਹਨ। ਠੋਸ ਅਤੇ ਤਾਲਮੇਲ ਵਾਲੀ ਕਾਰਵਾਈ ਤੋਂ ਬਿਨਾਂ, ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨਾ ਮੁਸ਼ਕਲ ਹੋਵੇਗਾ। ਬ੍ਰਿਕਸ ਸੰਸਦੀ ਫੋਰਮ ਦੀ ਮੀਟਿੰਗ ਦੇ ਪਹਿਲੇ ਦਿਨ, ਲੋਕ ਸਭਾ ਸਪੀਕਰ ਨੇ ਬ੍ਰਾਜ਼ੀਲ ਦੀ ਸੰਘੀ ਸੈਨੇਟ ਦੇ ਪ੍ਰਧਾਨ, ਮਹਾਮਹਿਮ ਡੇਵੀ ਅਲਕੋਲੰਬਰ ਨਾਲ ਦੁਵੱਲੀ ਮੀਟਿੰਗ ਕੀਤੀ। ਉਨ੍ਹਾਂ ਕਿਹਾ, ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਭਾਈਵਾਲ ਰਹੇ ਹਨ। ਸਾਡੇ ਦੁਵੱਲੇ ਸਬੰਧ ਸਾਂਝੇ ਲੋਕਤੰਤਰੀ ਮੁੱਲਾਂ, ਸ਼ਾਂਤੀ, ਸਹਿਯੋਗ, ਟਿਕਾਊ ਵਿਕਾਸ ਅਤੇ ਸਾਂਝੇ ਉਦੇਸ਼ਾਂ 'ਤੇ ਅਧਾਰਤ ਹਨ।



# 158 ਅਗਨੀਵੀਰ 14 ਗੋਰਖਾ ਸਿਖਲਾਈ ਕੇਂਦਰ ਸੁਬਾਥੂ ਤੋਂ ਇੱਕ ਸ਼ਾਨਦਾਰ ਸਮਾਰੋਹ ਵਿੱਚ ਪਾਸ ਆਊਟ

ਸੁਬਾਥੂ/ਚੰਡੀਗੜ੍ਹ, 5 ਜੂਨ (ਅੰਮ੍ਰਿਤਪਾਲ ਸਿੰਘ) : ਸੁਬਾਥੂ ਸਥਿਤ 14 ਗੋਰਖਾ ਸਿਖਲਾਈ ਕੇਂਦਰ ਦੇ ਇਤਿਹਾਸਕ ਸਲਾਰੀਆ ਸਟੇਡੀਅਮ ਵਿੱਚ ਇੱਕ ਸ਼ਾਨਦਾਰ ਪਾਸਿੰਗ ਆਊਟ ਪਰੇਡ ਵਿੱਚ 158 ਅਗਨੀਵੀਰ ਪਾਸ ਆਊਟ ਹੋਏ। ਭਾਰਤੀ ਗਣਰਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਣ ਵਾਲੇ ਰੰਗਰੂਟਾਂ ਨੇ ਸਰੀਰਕ ਤੰਦਰੁਸਤੀ, ਯੁੱਧ ਅਤੇ ਫੀਲਡ ਕ੍ਰਾਫਟ, ਹਥਿਆਰਾਂ ਅਤੇ ਰਣਨੀਤੀਆਂ ਦੇ ਵੱਖ-ਵੱਖ ਪਹਿਲੂਆਂ ਵਿੱਚ 31 ਹਫ਼ਤਿਆਂ ਤੋਂ ਵੱਧ ਦੀ ਸਖ਼ਤ ਸਿਖਲਾਈ ਲਈ ਹੈ। ਅਗਨੀਵੀਰ ਹੁਣ ਭਾਰਤੀ ਫੌਜ ਦੀ ਪਹਿਲੀ ਅਤੇ ਚੌਥੀ ਗੋਰਖਾ ਰਾਈਫਲਜ਼ ਦੀ ਗੋਰਖਾ ਬਟਾਲੀਅਨ ਵਿੱਚ ਸ਼ਾਮਲ ਹੋਣਗੇ, ਜਿਨ੍ਹਾਂ ਦਾ 200 ਸਾਲਾਂ ਤੋਂ ਵੱਧ ਬਹਾਦਰੀ ਅਤੇ ਕੁਰਬਾਨੀ ਦਾ ਸਮਰਿੱਧ ਅਤੇ ਸ਼ਾਨਦਾਰ ਫੌਜੀ ਇਤਿਹਾਸ ਹੈ।14 ਗੋਰਖਾ ਸਿਖਲਾਈ ਕੇਂਦਰ ਦੇ ਕਮਾਂਡੈਂਟ ਬ੍ਰਿਗੇਡੀਅਰ ਪੁਨੀਤ ਸ਼ਰਮਾ ਨੇ ਪਰੇਡ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਪਰੇਡ ਨੂੰ ਸੰਬੋਧਨ ਵੀ ਕੀਤਾ। ਉਨ੍ਹਾਂ ਨੇ ਸਾਰੇ ਰੰਗਰੂਟਾਂ ਨੂੰ ਦੇਸ਼ ਦੀਆਂ ਸਾਰੀਆਂ ਸਰਹੱਦਾਂ 'ਤੇ ਰਾਸ਼ਟਰੀ ਅਤੇ ਭਾਰਤੀ ਫੌਜ ਦੇ ਝੰਡੇ ਨੂੰ ਉੱਚਾ ਰੱਖਣ ਲਈ ਪ੍ਰੇਰਿਤ ਕੀਤਾ। ਪਰੇਡ ਤੋਂ ਬਾਅਦ ਮਾਰਸ਼ਲ ਆਰਟ ਦੇ ਨਾਲ ਨਾਲ ਪਾਈਪ ਬੈਂਡ ਦਾ ਪ੍ਰਦਰਸ਼ਨ ਕੀਤਾ ਗਿਆ।



ਸਮਾਗਮ ਦਾ ਅੰਤ ਇੱਕ ਸਰੀਰਕ ਕੌਸ਼ਲ ਪ੍ਰਦਰਸ਼ਨ ਨਾਲ ਹੋਇਆ, ਜਿਸਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਇਸ ਸਮਾਗਮ ਵਿੱਚ 300 ਤੋਂ ਵੱਧ ਸੇਵਾ ਕਰ ਰਹੇ ਅਤੇ ਸਾਬਕਾ ਸੈਨਿਕ, ਅਗਨੀਵੀਰਾਂ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੇ ਸ਼ਿਰਕਤ ਕੀਤੀ।

# ਹਾਰਕੋ ਬੈਂਕ ਨੇ ਵਿਸ਼ਵ ਵਾਤਾਵਰਨ ਦਿਵਸ 'ਤੇ ਇਲੈਕਟ੍ਰਿਕ ਰਿਕਸ਼ਾ/ਇਲੈਕਟ੍ਰਿਕ ਲੋਡਰ ਲੋਨ ਸਕੀਮ ਕੀਤੀ ਲਾਂਚ

ਚੰਡੀਗੜ੍ਹ , 5 ਜੂਨ (ਅੰਮ੍ਰਿਤਪਾਲ ਸਿੰਘ) : ਡਾ. ਪ੍ਰਫੁੱਲ ਰੰਜਨ, ਪ੍ਰਬੰਧ ਨਿਰਦੇਸ਼ਕ, ਹਰਿਆਣਾ ਰਾਜ ਸਹਿਕਾਰੀ ਐਪੈਕਸ ਬੈਂਕ ਲਿਮਿਟਿਡ (ਹਾਰਕੋ ਬੈਂਕ), ਚੰਡੀਗੜ੍ਹ ਨੇ 5 ਜੂਨ 2025 ਨੂੰ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਇਲੈਕਟ੍ਰਿਕ ਰਿਕਸ਼ਾ / ਇਲੈਕਟ੍ਰਿਕ ਲੋਡਰ ਲੋਨ ਸਕੀਮ ਲਾਂਚ ਕੀਤੀ।



ਇਹ ਸਕੀਮ ਅੰਤਰਰਾਸ਼ਟਰੀ ਸਹਿਕਾਰੀ ਸਾਲ-2025 ਮੁਹਿੰਮ ਦੇ ਤਹਿਤ ਸ਼ੁਰੂ ਕੀਤੀ ਗਈ ਹੈ।ਇਸ ਸਕੀਮ ਦੇ ਤਹਿਤ, ਬੈਂਕ ਗਾਹਕਾਂ ਨੂੰ ਈ-ਰਿਕਸ਼ਾ ਜਾਂ ਈ-ਲੋਡਰ ਖਰੀਦਣ ਲਈ 85% ਤੱਕ ਦਾ ਕਰਜ਼ਾ ਪ੍ਰਦਾਨ ਕਰੇਗਾ। ਕਰਜ਼ੇ 'ਤੇ ਵਿਆਜ ਦਰ ਸਿਰਫ਼ 10.75% ਤੋਂ ਸ਼ੁਰੂ ਹੋਵੇਗੀ, ਜੋ ਕਿ ਬਹੁਤ ਹੀ ਕਿਫਾਇਤੀ ਹੈ। ਗਾਹਕਾਂ ਲਈ 36 ਆਸਾਨ ਮਾਸਿਕ ਕਿਸ਼ਤਾਂ ਤੱਕ ਦੀ ਮੁੜ ਅਦਾਇਗੀ ਦੀ ਸਹੂਲਤ ਉਪਲੱਬਧ ਹੋਵੇਗੀ।ਹਾਰਕੋ ਬੈਂਕ ਦੀ ਇਹ ਸਕੀਮ ਘੱਟੋ-ਘੱਟ ਦਸਤਾਵੇਜ਼ਾਂ ਦੇ ਨਾਲ ਉਪਲੱਬਧ ਹੈ, ਜਿਸਦੀ ਪ੍ਰਕਿਰਿਆ ਬਹੁਤ ਸਰਲ ਅਤੇ ਤੇਜ਼ ਹੈ। ਬੈਂਕ ਦਾ ਉਦੇਸ਼ ਇਸ ਯੋਜਨਾ ਰਾਹੀਂ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਅਤੇ ਸਾਫ਼ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੈ।ਇਸ ਮੌਕੇ 'ਤੇ ਬੈਂਕ ਦੇ ਪ੍ਰਬੰਧ ਨਿਰਦੇਸ਼ਕ ਡਾ. ਪ੍ਰਫੁੱਲ ਰੰਜਨ ਨੇ ਕਿਹਾ, ਸਾਡੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਲੋਕ ਇਸ ਯੋਜਨਾ ਦਾ ਲਾਭ ਉਠਾਉਣ ਅਤੇ ਵਾਤਾਵਰਣ ਸੁਰੱਖਿਆ ਵਿੱਚ ਆਪਣਾ ਸਰਗਰਮ ਯੋਗਦਾਨ ਪਾਉਣ।

# ਕੇ.ਵੀ.ਆਈ.ਸੀ. ਨੇ ਪੀ.ਐਮ.ਈ.ਜੀ.ਪੀ. ਦੇ ਤਹਿਤ 8794 ਲਾਭਪਾਤਰੀਆਂ ਨੂੰ 300 ਕਰੋੜ ਦੀ ਮਾਰਜਿਨ ਮਨੀ ਸਬਸਿਡੀ ਵੰਡੀ

ਚੰਡੀਗੜ੍ਹ , 5 ਜੂਨ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਸੂਖਮ, ਲਘੂ ਅਤੇ ਦਰਮਿਆਨੇ ਉੱਦਮ ਮੰਤਰਾਲੇ ਦੇ ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਪ੍ਰੋਗਰਾਮ ਦੇ ਤਹਿਤ ਇੱਕ ਔਨਲਾਈਨ ਪ੍ਰੋਗਰਾਮ ਰਾਹੀਂ ਦੇਸ਼ ਭਰ ਦੇ 8794 ਲਾਭਪਾਤਰੀਆਂ ਨੂੰ 300 ਕਰੋੜ ਰੁਪਏ ਦੀ ਮਾਰਜਿਨ ਮਨੀ ਸਬਸਿਡੀ ਵੰਡੀ। ਇਹ ਵੰਡ ਲੱਗਭੱਗ 884 ਕਰੋੜ ਰੁਪਏ ਦੇ ਕਰਜ਼ੇ ਦੀ ਪ੍ਰਵਾਨਗੀ ਦੇ ਵਿਰੁੱਧ ਕੀਤੀ ਗਈ ਸੀ। ਇਹ ਸਮਾਗਮ ਕੇ.ਵਾਈ.ਆਈ.ਸੀ. ਦੁਆਰਾ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਕੇ.ਵਾਈ.ਆਈ.ਸੀ. ਦੇ ਚੇਅਰਮੈਨ ਸ਼੍ਰੀ ਮਨੋਜ ਕੁਮਾਰ ਨੇ ਲਾਭਪਾਤਰੀਆਂ ਨੂੰ ਔਨਲਾਈਨ ਮਾਧਿਅਮ ਰਾਹੀਂ ਸਬਸਿਡੀ ਜਾਰੀ ਕੀਤੀ। ਇਸ ਮੌਕੇ ਕੇ.ਵਾਈ.ਆਈ.ਸੀ. ਦੇ ਸੀਈਓ ਸ਼੍ਰੀਮਤੀ ਰੂਪ ਰਾਸ਼ੀ ਅਤੇ ਕੇਂਦਰੀ ਦਫਤਰ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।ਦੇਸ਼ ਦੇ ਸਾਰੇ ਛੇ ਜ਼ੋਨਾਂ ਨੇ ਇਸ ਵੰਡ ਵਿੱਚ ਹਿੱਸਾ ਲਿਆ। ਦੱਖਣੀ ਜ਼ੋਨ ਵਿੱਚ ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਤਾਮਿਲਨਾਡੂ, ਕੇਰਲ, ਪੁਡੂਚੇਰੀ ਲਈ 2445 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜਿਸ ਲਈ 80.26 ਕਰੋੜ ਰੁਪਏ ਦੀ ਸਬਸਿਡੀ ਵੰਡੀ ਗਈ ਸੀ। ਕੇਂਦਰੀ ਜ਼ੋਨ ਵਿੱਚ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਉੱਤਰਾਖੰਡ ਵਿੱਚ 2366 ਪ੍ਰੋਜੈਕਟਾਂ ਲਈ 91.13 ਕਰੋੜ ਰੁਪਏ ਦੀ ਸਬਸਿਡੀ ਵੰਡੀ ਗਈ ਸੀ। ਪੂਰਬੀ ਭਾਰਤ ਵਿੱਚ ਬਿਹਾਰ, ਝਾਰਖੰਡ, ਓਡੀਸ਼ਾ, ਪੱਛਮੀ ਬੰਗਾਲ ਅਤੇ ਅੰਡੇਮਾਨ ਨਿਕੋਬਾਰ ਅਤੇ ਉੱਤਰ-ਪੂਰਬ ਵਿੱਚ ਅਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ ਅਤੇ ਤ੍ਰਿਪੁਰਾ ਲਈ 2167 ਪ੍ਰੋਜੈਕਟਾਂ ਲਈ ਕੁੱਲ 62.68 ਕਰੋੜ ਰੁਪਏ ਦੀ ਸਬਸਿਡੀ ਪ੍ਰਦਾਨ ਕੀਤੀ ਗਈ। ਉੱਤਰੀ ਖੇਤਰ ਵਿੱਚ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਲੱਦਾਖ, ਪੰਜਾਬ, ਰਾਜਸਥਾਨ ਵਿੱਚ 1320 ਪ੍ਰੋਜੈਕਟਾਂ ਲਈ 41.80 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ। ਇਸ ਦੇ ਨਾਲ ਹੀ, ਪੱਛਮੀ ਖੇਤਰ ਵਿੱਚ ਗੁਜਰਾਤ, ਮਹਾਰਾਸ਼ਟਰ, ਗੋਆ ਵਿੱਚ 496 ਪ੍ਰੋਜੈਕਟਾਂ ਨੂੰ 24.12 ਕਰੋੜ ਰੁਪਏ ਦੀ ਸਬਸਿਡੀ ਪ੍ਰਾਪਤ ਹੋਈ। ਇਸ ਤਰ੍ਹਾਂ, ਇਹ ਦੇਸ਼ ਭਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸਵੈ-ਰੁਜ਼ਗਾਰ ਨੂੰ ਸਸ਼ਕਤ ਬਣਾਉਣ ਲਈ ਇੱਕ ਵਿਆਪਕ ਅਤੇ ਪ੍ਰਭਾਵਸ਼ਾਲੀ ਮੁਹਿੰਮ ਸਾਬਤ ਹੋਇਆ।



# ਜੰਮੂ-ਕਸ਼ਮੀਰ: ਵੰਦੇ ਭਾਰਤ ਟ੍ਰੇਨ ਦੇ ਸਮੇਂ ਦਾ ਐਲਾਨ

ਸ਼੍ਰੀਨਗਰ, 5 ਜੂਨ (ਚ.ਨ.ਸ.) : ਰੇਲਵੇ ਮੰਤਰਾਲੇ ਨੇ ਜੰਮੂ-ਤਵੀ ਅਤੇ ਸ਼੍ਰੀਨਗਰ ਵਿਚਕਾਰ ਨਵੀਂ ਸ਼ੁਰੂ ਕੀਤੀ ਗਈ ਵੰਦੇ ਭਾਰਤ ਐਕਸਪ੍ਰੈਸ ਟ੍ਰੇਨ ਸੇਵਾਵਾਂ ਲਈ ਸਮਾਂ-ਸਾਰਣੀ ਦਾ ਐਲਾਨ ਕੀਤਾ ਹੈ, ਜੋ ਕਿ ਜੰਮੂ-ਕਸ਼ਮੀਰ ਵਿੱਚ ਰੇਲ ਸੰਪਰਕ ਨੂੰ ਵਧਾਉਣ ਲਈ ਇੱਕ ਵੱਡਾ ਕਦਮ ਹੈ।ਅਰਧ-ਹਾਈ-ਸਪੀਡ ਟ੍ਰੇਨਾਂ ਦੇ ਸੀਮਤ ਸਟਾਪ ਹੋਣਗੇ, ਰੂਟ 'ਤੇ ਸਿਰਫ ਚਾਰ ਸਟੇਸ਼ਨਾਂ 'ਤੇ ਰੁਕਣਗੇ: ਜੰਮੂ ਤਵੀ, ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ, ਬਨਿਹਾਲ ਅਤੇ ਸ਼੍ਰੀਨਗਰ।ਮੰਤਰਾਲੇ ਦੇ ਇੱਕ ਨੋਟੀਫਿਕੇਸ਼ਨ ਦੇ ਅਨੁਸਾਰ, ਰੂਟ ਲਈ ਦੋ ਜੋੜੇ ਵੰਦੇ ਭਾਰਤ ਟ੍ਰੇਨਾਂ - ਨੰਬਰ 26401/02 ਅਤੇ 26403/04 - ਨੂੰ ਮਨਜ਼ੂਰੀ ਦਿੱਤੀ ਗਈ ਹੈ।ਟ੍ਰੇਨਾਂ ਹਫ਼ਤੇ ਵਿੱਚ ਛੇ ਦਿਨ ਚੱਲਣਗੀਆਂ, ਇੱਕ ਦਿਨ ਰੱਖ-ਰਖਾਅ ਲਈ ਰਾਖਵਾਂ ਰੱਖਿਆ ਜਾਵੇਗਾ।ਸ਼੍ਰੀਨਗਰ ਤੋਂ, ਟ੍ਰੇਨ ਨੰਬਰ 26402 ਮੰਗਲਵਾਰ ਨੂੰ ਛੱਡ ਕੇ, ਦੁਪਹਿਰ 2:00 ਵਜੇ ਰਵਾਨਾ ਹੋਵੇਗੀ ਅਤੇ ਜੰਮੂ ਤਵੀ ਵਿਖੇ ਦੁਪਹਿਰ 18:50 ਵਜੇ ਪਹੁੰਚੇਗੀ। ਟ੍ਰੇਨ ਨੰਬਰ 26404 ਸ਼੍ਰੀਨਗਰ ਤੋਂ ਸਵੇਰੇ 8:00 ਵਜੇ ਰਵਾਨਾ ਹੋਵੇਗੀ ਅਤੇ 12:40 ਵਜੇ ਜੰਮੂ ਤਵੀ ਪਹੁੰਚੇਗੀ, ਬੁੱਧਵਾਰ ਨੂੰ ਨਹੀਂ ਚੱਲੇਗੀ।ਵਾਪਸੀ ਦਿਸ਼ਾ ਵਿੱਚ, ਟ੍ਰੇਨ ਨੰਬਰ 26401 ਜੰਮੂ ਤਵੀ ਤੋਂ ਸਵੇਰੇ 6:20 ਵਜੇ ਰਵਾਨਾ ਹੋਵੇਗੀ ਅਤੇ 11:10 ਵਜੇ ਸ਼੍ਰੀਨਗਰ ਪਹੁੰਚੇਗੀ, ਮੰਗਲਵਾਰ ਨੂੰ ਛੱਡ ਕੇ। ਟ੍ਰੇਨ ਨੰਬਰ 26403 ਜੰਮੂ ਤਵੀ ਤੋਂ ਦੁਪਹਿਰ 13:20 ਵਜੇ ਰਵਾਨਾ ਹੋਵੇਗੀ ਅਤੇ 18:00 ਵਜੇ ਸ਼੍ਰੀਨਗਰ ਪਹੁੰਚੇਗੀ, ਬੁੱਧਵਾਰ ਨੂੰ ਨਹੀਂ ਚੱਲੇਗੀ।ਇਸ ਸੇਵਾ ਨਾਲ ਖੇਤਰ ਵਿੱਚ ਸੈਰ-ਸਪਾਟਾ, ਕਾਰੋਬਾਰ ਅਤੇ ਆਵਾਜਾਈ ਵਿੱਚ ਕਾਫ਼ੀ ਸੁਧਾਰ ਹੋਣ ਦੀ ਉਮੀਦ ਹੈ।ਵੰਦੇ ਭਾਰਤ ਐਕਸਪ੍ਰੈਸ ਕਟੜਾ ਅਤੇ ਸ਼੍ਰੀਨਗਰ ਵਿਚਕਾਰ ਯਾਤਰਾ ਦੇ ਸਮੇਂ ਨੂੰ ਘਟਾਏਗੀ ਅਤੇ ਬਿਹਤਰ ਯਾਤਰਾ ਸਥਿਤੀਆਂ ਦੀ ਪੇਸ਼ਕਸ਼ ਕਰੇਗੀ। ਇਹ ਲਾਂਚ ਖੇਤਰ ਦੇ ਰੇਲਵੇ ਬੁਨਿਆਦੀ ਢਾਂਚੇ ਲਈ ਇੱਕ ਵੱਡਾ ਵਿਕਾਸ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਜੂਨ ਨੂੰ ਜੰਮੂ ਅਤੇ ਕਸ਼ਮੀਰ ਦਾ ਦੌਰਾ ਕਰਨ ਵਾਲੇ ਹਨ, ਜਿੱਥੇ ਉਹ ਨਵੀਂ ਵੰਦੇ ਭਾਰਤ ਸੇਵਾਵਾਂ ਦਾ ਉਦਘਾਟਨ ਕਰਨਗੇ ਅਤੇ ਦੋ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ।

# ਬੈਂਕ ਆਫ਼ ਬੜੌਦਾ ਵੱਲੋਂ ਵਿਸ਼ਵ ਵਾਤਾਵਰਨ ਦਿਵਸ 'ਤੇ ਸਫ਼ਾਈ ਮੁਹਿੰਮ



ਲੁਧਿਆਣਾ, 5 ਜੂਨ (ਚ.ਨ.ਸ.) : ਜਨਤਕ ਖੇਤਰ ਦੇ ਪ੍ਰਮੁੱਖ ਬੈਂਕ, ਬੈਂਕ ਆਫ਼ ਬੜੌਦਾ ਨੇ ਵਿਸ਼ਵ ਵਾਤਾਵਰਣ ਦਿਵਸ ਜੋ ਕਿ ਇਸ ਸਾਲ ਪਲਾਸਟਿਕ ਨੂੰ ਹਰਾਓ ਥੀਮ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਨੂੰ ਮਨਾਉਣ ਲਈ ਇੱਕ ਸਫ਼ਾਈ ਮੁਹਿੰਮ ਦਾ ਆਯੋਜਨ ਬੈਂਕ ਦੇ ਜ਼ੋਨਲ ਮੈਨੇਜਰ ਹਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਖੇਤਰੀ ਮੁਖੀ ਸੁਨੀਲ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਬੈਂਕ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਲੁਧਿਆਣਾ ਦੇ ਵੱਖ-ਵੱਖ ਖੇਤਰਾਂ ਵਿੱਚ ਪਾਰਕਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀ ਸਫਾਈ ਕੀਤੀ ਅਤੇ ਲੋਕਾਂ ਨੂੰ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਲਈ ਪਲਾਸਟਿਕ ਨੂੰ ਤਿਆਗਣ ਲਈ ਪ੍ਰੇਰਿਤ ਕੀਤਾ।

# ਜੂਡੀਸ਼ੀਅਲ ਅਫ਼ਸਰਾਂ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਨਿਊ ਕੋਰਟ ਕੰਪਲੈਕਸ 'ਚ ਲਾਏ ਬੂਟੇ

ਸ਼ਹੀਦ ਭਗਤ ਸਿੰਘ ਨਗਰ, 5 ਜੂਨ (ਸੁਖਦੇਵ ਸਿੰਘ ਉੜਾਪੜ) : ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਮਿਸ ਪ੍ਰਿਆ ਸੂਦ, ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ.ਅਮਨਦੀਪ ਅਤੇ ਜੂਡੀਸ਼ੀਅਲ ਅਫਸਰਾਂ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧ ਵਿੱਚ ਨਿਊ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵੱਖ ਵੱਖ ਤਰਾਂ ਦੇ 120 ਬੂਟੇ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ ।ਇਸ ਮੌਕੇ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਡਾ.ਅਮਨਦੀਪ, ਵਧੀਕ ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ ਬਲਜਿੰਦਰ ਸਿੰਘ ਮਾਨ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-2 ਅਪਰਾਜਿਤਾ ਜੋਸ਼ੀ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-3 ਗਗਨਦੀਪ ਕੌਰ, ਸੀ.ਜੇ.ਐਮ ਸ੍ਰੀ ਮਹੇਸ਼ ਕੁਮਾਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ) ਮਿਸ ਕੋਂਪਲ ਧੰਜਲ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਸਿਮਰਨ ਚਲਾਨਾ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਤਰਨਦੀਪ ਕੌਰ, ਸਿਵਲ ਜੱਜ ( ਜੂਨੀਅਰ ਡੀਵੀਜ਼ਨ) ਆਂਚਲ ਧੀਰ ਅਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਸ.ਐਸ ਕੁੰਦਰਾ ਵੀ ਮੌਜੂਦ ਸਨ ।


**ਉੱਤਰ ਰੇਲਵੇ**

**ਈ-ਟੈਂਡਰਿੰਗ**

**ਖੁਲ੍ਹੀ ਨਿਵਿਦਾ ਸੂਚਨਾ ਨੰਬਰ ਐਨਆਈਟੀ-03/2025-26 ਮਿਤੀ 23.05.2025**

ਸੀਨੀਅਰ ਡਵੀਜਨਲ ਇਲੈਕਟ੍ਰੀਕਲ ਇੰਜੀਨੀਅਰ/ਜੀ, ਉੱਤਰ ਰੇਲਵੇ, ਅੰਬਾਲਾ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮ ਦੇ ਲਈ 15:00 ਵਜੇ ਤਕ ਜਾਂ ਕੰਮ ਦੇ ਸਾਹਮਣੇ ਵਿਖਾਈ ਗਈ ਸਮਾਪਤੀ ਦੀ ਮਿਤੀ ਤਕ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

ਲ.ਨੰ. 1 ਨਿਵਿਦਾ ਨੰਬਰ 30-ਬਿਜਲੀ-03/2025-26 (ਓਪਨ ਟੈਂਡਰ) ਕੰਮ ਦਾ ਨਾਮ : ਅੰਬਾਲਾ ਮੰਡਲ ਵਿਚ ਏਡੀਈਐਨ/ਚੰਡੀਗੜ੍ਹ ਦੇ ਤਹਿਤ ਐਸਐਸਈ/ਵਰਕਸ-ਐਮ/ਅੰਬਾਲਾ ਕੈਂਟ ਦੇ ਸੈਕਸ਼ਨ ਵਿਚ ਵਖ-ਵਖ ਦਫਤਰ ਭਵਨਾਂ ਦੀ ਉਸਾਰੀ ਨਾਲ ਸਬੰਧਿਤ ਬਿਜਲੀ ਕੰਮ, ਐਨਜੀ ਡਿਪੋ, ਕਾਲਕਾ ਅਤੇ ਸ਼ਿਮਲਾ ਵਿਚ ਏਅਰ ਕੰਪ੍ਰੇਸਰ ਦੇ ਲਈ ਸਥਿਰ 3 ਪੜਾਅ ਬਿਜਲੀ ਸਪਲਾਈ ਪ੍ਰਬੰਧ ਦਾ ਪ੍ਰਾਵਧਾਨ ਅਤੇ ਘੱਗਰ ਵਿਚ ਫਟੇ ਹੋਏ ਘਟੀਆ ਸਟਾਫ ਕਵਾਟਰ ਟਾਈਪ _II/4 ਇਕਾਈਆਂ ਲਾਲਰੂ ਵਿਚ ਟਾਈਪ-II/4 ਇਕਾਈਆਂ, ਅੰਬਾਲਾ ਚੰਡੀਗੜ੍ਹ ਸੈਕਸ਼ਨ 'ਤੇ ਧੂਲਕੋਟ ਵਿਚ ਟਾਈਪ-II/3 ਇਕਾਈਆਂ ਦਾ ਪ੍ਰਤੀਸਥਾਪਨ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ। **ਲਗਭਗ ਲਾਗਤ (ਰੁ.)** Rs. 5100753.56 **ਬੋਲੀ ਪ੍ਰਤੀਭੂਤੀ (ਰੁ.)** Rs. 102000.00 **ਪੂਰਾ ਹੋਣ ਦਾ ਸਮਾਂ :** 03 ਮਹੀਨੇ, **ਬੰਦ ਕਰਨ ਅਤੇ ਖੋਹ੍ਲਣ ਦੀ ਮਿਤੀ** 17.06.2025

1) ਨਿਵਿਦਾਕਰਤਾਵਾਂ ਨੂੰ ਸ਼ਰਤਾਂ ਦੇ ਅਨੁਸਾਰ PAN/TIN/GST ਸਮੇਤ ਸਾਰੇ ਸਬੰਧਤ ਯੋਗਤਾ ਦਸਤਾਵੇਜਾਂ ਦੀ ਸਕੈਨ ਕੀਤੀਆਂ ਗਈਆਂ ਕਾਪੀਆਂ ਅਪਲੋਡ ਕਰਨਾ ਜਰੂਰੀ ਹਨ। 2) ਜਰੂਰੀ ਬੋਲੀ ਸੁਰੱਖਿਆ ਨੈਟ ਬੈਕਿੰਗ/ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਿਵਿਦਾ ਦੀ ਅੰਤਮ ਮਿਤੀ ਅਤੇ ਸਮੇਂ ਦੇ 15:00 ਵਜੇ ਤੋਂ ਪਹਿਲੇ ਆਨ-ਲਾਈਨ ਭੁਗਤਾਨ ਸਵੀਕਾਰੀ ਹੋਵੇਗਾ। 3) ਕੰਮ ਨਿਵਿਦਾਵਾਂ ਵਿਚ ਭਾਗ ਲੈਣ ਦੇ ਲਈ ਨਿਵਿਦਾਕਰਤਾਵਾਂ ਦੇ ਕੋਲ ਤੀਜੀ ਕਲਾਸ ਦਾ ਡਿਜੀਟਲ ਦਸਤਖਤ ਸਰਟੀਫਿਕੇਟ ਹੋਣਾ ਚਾਹੀਦਾ। 4) ਵੇਰਵੇ ਦੇ ਲਈ ਕਿਰਪਾ ਆਈਆਰਈਪੀਐਸ ਵੈਬਸਾਈਟ WWW.IREPS.gov.in 'ਤੇ ਲਾਗ ਆਨ ਕਰੋ। 5. ਜੀ.ਐਸ.ਟੀ. ਅਧਿਨਿਯਮ 2017 ਦੇ ਅਨੁਸਾਰ ਜੀਐਸਟੀ ਲਗਾਇਆ ਜਾਵੇਗਾ।

1671/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਡੀ.ਸੀ. ਨੇ ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਚਲਾਏ ਜਾ ਰਹੇ ਪ੍ਰੋਗਰਾਮਾਂ ਦਾ ਕੀਤਾ ਮੁਲਾਂਕਣ

ਗੁਰਦਾਸਪੁਰ, 5 ਜੂਨ (ਜਗੀਰ ਸਿੰਘ ਮੰਡ) : ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੇ ਮੁਲਾਂਕਣ ਲਈ ਅੱਜ ਜ਼ਿਲ੍ਹਾ ਸਿਹਤ ਸੋਸਾਇਟੀ ਗੁਰਦਾਸਪੁਰ ਦੇ ਮੈਂਬਰਾਂ ਨਾਲ ਵੀਡੀਓ ਕਾਨਫ਼ਰੰਸ ਜਰੀਏ ਆਨ-ਲਾਈਨ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਵਿਭਾਗ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਨਵੇਂ ਬਣਾਏ ਜਾ ਰਹੇ ਆਮ ਆਦਮੀ ਕਲੀਨਿਕਾਂ ਦਾ ਕੰਮ ਜਲਦ ਮੁਕੰਮਲ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਹੋਰ ਫ਼ਾਇਦਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸਮੂਹ ਆਮ ਆਦਮੀ ਕਲੀਨਿਕਾਂ, ਆਯੂਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਸਰਕਾਰ ਵੱਲੋਂ ਤੈਅ ਕੀਤੇ ਸਾਰੇ ਲੈਬ ਟੈਸਟ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇ ਅਤੇ ਸਰਕਾਰ ਵੱਲੋਂ ਤਹਿ ਸੂਚੀ ਅਨੁਸਾਰ ਸਾਰੀਆਂ ਦਵਾਈਆਂ ਦੀ ਸਪਲਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਇਲਾਜ ਕਰਵਾਉਣ ਪਹੁੰਚੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਇਸੇ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਸਿਹਤ ਅਮਲੇ ਵੱਲੋਂ ਫ਼ੀਲਡ ਸਰਵੇ ਕਰਕੇ ਮੱਛਰ ਦੇ ਲਾਰਵਾ ਦੀ ਭਾਲ ਕੀਤੀ ਜਾਵੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਵਿਸ਼ਵ ਵਾਤਾਵਰਨ ਦਿਵਸ 'ਤੇ ਵਿਸ਼ੇਸ਼ ਸਮਾਗਮ

ਫਤਹਿਗੜ੍ਹ ਸਾਹਿਬ, 5 ਜੂਨ (ਹਰਪ੍ਰੀਤ ਕੌਰ ਟਿਵਾਣਾ) : ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ 5 ਜੂਨ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਣ ਦਿਵਸ ਮਨਾਇਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਅਸ਼ੋਕ ਕੁਮਾਰ ਚੌਹਾਨ, ਸੀਜੇਐਮ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਤਹਿਗੜ੍ਹ ਸਾਹਿਬ ਨੇ ਡੀਐਲਐਸਏ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਯੂਨੀਵਰਸਿਟੀ ਕੈਂਪਸ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਯੂਨੀਵਰਸਿਟੀ ਅਧਿਕਾਰੀਆਂ ਨਾਲ ਸ਼ਾਮਲ ਹੋਏ। ਇਸ ਦਿਨ ਦੀ ਮਹੱਤਤਾ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਾਲ ਵਿਸ਼ਵ ਵਾਤਾਵਰਣ ਦਿਵਸ ਦਾ ਉਦੇਸ਼ ਵਾਤਾਵਰਣ ਪ੍ਰਣਾਲੀ, ਜੰਗਲੀ ਜੀਵਾਂ ਅਤੇ ਮਨੁੱਖੀ ਸਿਹਤ ਤੇ ਪਲਾਸਟਿਕ ਰਹਿੰਦ-ਖੂੰਹਦ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਵਿਸ਼ਵਵਿਆਪੀ ਜਾਗਰੂਕਤਾ ਪੈਦਾ ਕਰਨਾ ਹੈ। ਪਲਾਸਟਿਕ ਪ੍ਰਦੂਸ਼ਣ ਇੱਕ ਗ੍ਰਹਿ ਸੰਕਟ ਬਣ ਗਿਆ ਹੈ, ਜਿਸ ਵਿੱਚ ਮਾਈਕ੍ਰੋਪਲਾਸਟਿਕਸ ਹੁਣ ਸਭ ਤੋਂ ਡੂੰਘੇ ਸਮੁੰਦਰਾਂ, ਦੂਰ-ਦੁਰਾਡੇ ਪਹਾੜੀ ਚੋਟੀਆਂ ਅਤੇ ਮਨੁੱਖੀ ਸਰੀਰ ਦੇ ਅੰਦਰ ਵੀ ਪਾਏ ਜਾਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਦਿਨ ਦੇ ਇਤਿਹਾਸਕ ਦ੍ਰਿਸ਼ਟੀਕੋਣ 'ਤੇ ਵੀ ਚਰਚਾ ਕੀਤੀ।ਪ੍ਰੋ. (ਡਾ.) ਅਮਿਤਾ ਕੌਸ਼ਲ, ਮੁਖੀ ਅਤੇ ਡੀਨ, ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਕਿਹਾ ਕਿ ਗ੍ਰਹਿ ਨੂੰ ਪਲਾਸਟਿਕ ਪ੍ਰਦੂਸ਼ਣ ਤੋਂ ਮੁਕਤ ਕਰਨਾ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਹੈ, ਜਿਸ ਵਿੱਚ ਜਲਵਾਯੂ ਕਾਰਵਾਈ, ਟਿਕਾਊ ਉਤਪਾਦਨ ਅਤੇ ਖਪਤ, ਸਮੁੰਦਰਾਂ ਦੀ ਸੁਰੱਖਿਆ ਅਤੇ ਵਾਤਾਵਰਣ ਪ੍ਰਣਾਲੀਆਂ ਦੀ ਮੁਰੰਮਤ ਅਤੇ ਜੈਵ ਵਿਭਿੰਨਤਾ ਨੂੰ ਬਣਾਈ ਰੱਖਣਾ ਸ਼ਾਮਲ ਹੈ।ਵਾਈਸ ਚਾਂਸਲਰ, ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਜਿੱਥੇ ਗੰਭੀਰ ਜਲਵਾਯੂ ਰਿਪੋਰਟਾਂ ਅਤੇ ਵਿਗਿਆਨਕ ਚੇਤਾਵਨੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ, ਵਿਸ਼ਵ ਵਾਤਾਵਰਣ ਦਿਵਸ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ ਕਿ ਹਰ ਛੋਟੀ ਜਿਹੀ ਕਾਰਵਾਈ ਮਾਇਨੇ ਰੱਖਦੀ ਹੈ।

ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਵੀ ਵਿਭਾਗ ਵੱਲੋਂ ਵਾਤਾਵਰਣ ਸੰਬੰਧੀ ਮੁੱਦਿਆਂ ਪ੍ਰਤੀ ਵਿਸ਼ਵਵਿਆਪੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਸਮਾਗਮਾਂ ਦੇ ਆਯੋਜਨ ਲਈ ਸ਼ਲਾਘਾ ਕੀਤੀ।ਡਾ. ਨਵਨੀਤ ਕੌਰ, ਇੰਚਾਰਜ, ਲੀਗਲ ਏਡ ਕਲੀਨਿਕ/ ਈਸੀਏ ਇੰਚਾਰਜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਨੂੰ ਹਰੇ ਭਰੇ ਗ੍ਰਹਿ ਵੱਲ ਅਗਵਾਈ ਕਰਨ ਲਈ ਉਤਸ਼ਾਹਿਤ ਕਰਨਾ ਹੈ। ਵਿਦਿਆਰਥੀਆਂ ਨੇ ਇਸ ਦਿਨ ਆਯੋਜਿਤ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਸ਼੍ਰੀ ਅਸ਼ੋਕ ਕੁਮਾਰ ਚੌਹਾਨ ਦੁਆਰਾ ਦਿੱਤਾ ਗਿਆ ਭਾਸ਼ਣ, ਕੁਇਜ਼ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਰੁੱਖ ਲਗਾਉਣ ਆਦਿ ਸ਼ਾਮਲ ਸਨ।



# ਵਿਸ਼ਵ ਵਾਤਾਵਰਨ ਦਿਵਸ ਮਨਾਇਆ

ਧਾਰੀਵਾਲ, 5 ਜੂਨ (ਅਸ਼ੋਕ ਕੁਮਾਰ) : ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟਸ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਜੀ ਦੀ ਯੋਗ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਤਹਿਤ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇੰਸਟੀਚਿਊਟ ਵਿੱਚ ਵਿਸ਼ਵ ਵਾਤਾਵਰਨ ਦਿਵਸ 2025 ਮਨਾਇਆ ਗਿਆ। ਜਿਸ ਦਾ ਥੀਮ ਐਂਡਿੰਗ ਪਲਾਸਟਿਕ ਪੋਲਿਊਸ਼ਨ ਗਲੋਬਲੀ ਹੈ।ਇਸ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਵੱਖ ਵੱਖ ਕਿਸਮਾਂ ਦੇ ਪੌਦੇ ਲਗਾਏ ਗਏ ਅਤੇ ਵਿਦਿਆਰਥੀਆਂ ਨੇ ਕੱਪੜੇ ਦੇ ਬੈਗ ਬਣਾ ਕੇ ਇਹ ਸੁਨੇਹਾ ਦਿੱਤਾ ਕਿ ਪਲਾਸਟਿਕ ਬੈਗ ਦੀ ਵਰਤੋਂ ਨਾ ਕੀਤੀ ਜਾਵੇ, ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਨ ਤੋਂ ਬਚਾਇਆ ਜਾ ਸਕੇ। ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕਿਰਨ ਕੇਸਰ ਜੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਦੀ ਲੋੜ ਹੈ ਕਿ ਹਰ ਨਾਗਰਿਕ ਨੂੰ ਵਾਤਾਵਰਣ ਪ੍ਰਤੀ ਆਪਣੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਉਹਨਾਂ ਨੇ ਵਾਤਾਵਰਨ ਦੀ ਸੰਭਾਲ ਲਈ ਗੰਭੀਰਤਾ ਨਾਲ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਸਾਡੇ ਪੁਰਖਿਆਂ ਨੇ ਇਸ ਸੁੰਦਰ ਧਰਤੀ ਨੂੰ ਹਰਿਆ ਭਰਿਆ ਛੱਡਿਆ ਸੀ ਹੁਣ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਇਸ ਧਰਤੀ ਨੂੰ ਹੋਰ ਸੁੰਦਰ ਬਣਾਈਏ। ਉਹਨਾਂ ਪਲਾਸਟਿਕ ਦੀ ਅੰਨੇ ਵਾਹ ਵਰਤੋ ਨਾਲ ਵਾਤਾਵਰਣ ਵਿੱਚ ਫੈਲ ਰਹੀਆਂ ਭਿਆਨਕ ਬਿਮਾਰੀਆਂ ਅਤੇ ਪ੍ਰਦੂਸ਼ਨ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਨ ਹੋਣ ਤੋਂ ਬਚਾਉਣ ਲਈ ਉਪਰਾਲੇ ਕਰਨਾ ਸਾਡੀ ਨੈਤਿਕ ਜਿੰਮੇਵਾਰੀ ਹੈ। ਸਾਨੂੰ ਪਲਾਸਟਿਕ ਬੈਗ ਦੀ ਜਗ੍ਹਾ ਕੱਪੜੇ ਦੀ ਬੈਗ ਦੀ ਵਰਤੋਂ ਕਰਨੀ ਚਾਹੀਦੀ ਹੈ। ਇੰਸਟੀਚਿਊਟਸ ਵਿੱਚ ਰੁੱਖ ਲਗਾਓ ਵਾਤਾਵਰਨ ਬਚਾਓ ਮੁਹਿੰਮ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾਏ ਗਏ ਅਤੇ ਸਮਾਜ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਸੰਭਾਲ ਕੇ ਰੱਖਣ ਲਈ ਇੱਕ ਸੁਨੇਹਾ ਦਿੱਤਾ।




# ਦ ਮਲਟੀਪਰਪਜ਼ ਕੋਆਪ੍ਰੇਟਿਵ ਐਗ੍ਰੀਕਲਚਰ ਸਰਵਿਸ ਲਿ. ਦੀ ਸਰਵਸੰਮਤੀ ਨਾਲ ਚੋਣ

ਫਤਹਿਗੜ੍ਹ ਸਾਹਿਬ, 5 ਜੂਨ (ਹਰਪ੍ਰੀਤ ਕੌਰ ਟਿਵਾਣਾ) : ਦਿ ਕਲੌਂਦੀ ਮਲਟੀਪਰਪਜ਼ ਕੋਆਪਰੇਟਿਵ ਐਗ੍ਰੀਕਲਚਰ ਸਰਵਿਸ ਸੁਸਾਇਟੀ ਲਿਮਿਟਡ ਦੀ ਚੋਣ ਹੋਈ, ਜਿਸ ਵਿੱਚ ਬਿਨਾਂ ਮੁਕਾਬਲੇ ਸਾਰੇ 11 ਦੇ 11 ਮੈਂਬਰ ਸਰਬਸੰਮਤੀ ਨਾਲ ਚੁਣੇ ਗਏ, ਜਿਨ੍ਹਾਂ ਦਾ ਮਾਰਕਫੈਡ ਪੰਜਾਬ ਦੇ ਸਾਬਕਾ ਡਾਇਰੈਕਟਰ ਗੁਰਮੀਤ ਸਿੰਘ ਸੋਨੂ ਚੀਮਾ ਵਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਮੀਤ ਸਿੰਘ ਸੋਨੂ ਚੀਮਾ ਨੇ ਦੱਸਿਆ ਕਿ ਦਿ ਕਲੌਂਦੀ ਮਲਟੀਪਰਪਜ਼ ਕੋਆਪਰੇਟਿਵ ਐਗ੍ਰੀਕਲਚਰ ਸਰਵਿਸ ਸੁਸਾਇਟੀ ਲਿਮਿਟਡ ਦੀ ਹੋਈ ਇਸ ਚੋਣ ਵਿੱਚ ਕਰੀਮਪੁਰਾ, ਕਲੌਂਦੀ, ਹੁਸੈਨਪੁਰ, ਕੰਦੀਪੁਰ ਦੇ ਨਿਵਾਸੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਾਬਕਾ ਮੰਤਰੀ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਹੇ ਸਵ. ਜਥੇਦਾਰ ਰਣਧੀਰ ਸਿੰਘ ਚੀਮਾ ਦੀ ਦਰਸਾਈ ਹੋਈ ਸੁਚੱਜੀ ਸੋਚ ਅਨੁਸਾਰ ਅੱਜ ਵੀ ਇਲਾਕੇ ਦੇ ਲੋਕ ਚੋਣਾਂ ਲੜਨ ਦੀ ਬਜਾਏ ਸਰਬ ਸੰਮਤੀ ਨਾਲ ਚੋਣਾਂ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ, ਜਿਸ ਦੀਆਂ ਮਿਸਾਲਾਂ ਹਲਕਾ ਬੱਸੀ ਪਠਾਣਾ ਵਿੱਚ ਦੇਖੀਆਂ ਜਾ ਰਹੀਆਂ ਹਨ।



ਉਹਨਾਂ ਦੱਸਿਆ ਕਿ ਦੀ ਕਲੌਂਦੀ ਐਮ.ਪੀ.ਸੀ.ਏ.ਐਸ.ਐਸ ਦੇ ਚੁਣੇ ਗਏ ਮੈਂਬਰਾਂ ਵਿੱਚ ਗੁਰਦੀਪ ਸਿੰਘ, ਯਾਦਵਿੰਦਰ ਸਿੰਘ, ਧਰਮਿੰਦਰ ਪਾਲ ਸਿੰਘ, ਗੁਰਮੀਤ ਸਿੰਘ ਕਾਹਲੋਂ, ਕੁਸਲਿਆ ਦੇਵੀ, ਸਤਿੰਦਰ ਸਿੰਘ ਘੁੰਮਣ, ਮਨਿੰਦਰ ਪਾਲ ਸਿੰਘ, ਦਿਲਬਾਗ ਸਿੰਘ, ਰਜਵੰਤ ਕੌਰ, ਗੁਰਮੇਲ ਸਿੰਘ, ਅਮਰਜੀਤ ਸਿੰਘ ਮੈਂਬਰ ਚੁਣੇ ਗਏ ਹਨ। ਇਸ ਮੌਕੇ 'ਤੇ ਨਵੀਂ ਚੁਣੀ ਗਈ ਸੁਸਾਇਟੀ ਦੀ ਚੋਣ ਵਿੱਚ ਸਮੁੱਚੇ ਮੈਂਬਰ ਸਾਹਿਬਾਨ ਨੇ ਵਿਸ਼ਵਾਸ ਤੋਂ ਆਇਆ ਕਿ ਉਹ ਸੁਸਾਇਟੀ ਨੂੰ ਹੋਰ ਬੁਲੰਦੀਆਂ 'ਤੇ ਲਿਜਾਉਣ ਲਈ ਦਿਨ ਰਾਤ ਇੱਕ ਕਰਕੇ ਆਪਣੀਆਂ ਸੇਵਾਵਾਂ ਨਿਭਾਉਣਗੇ।


**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

**ਜਨਤਕ ਸੂਚਨਾ**

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀਮਤੀ ਕਾਂਤਾ ਸੇਠੀ ਸੁਪਤਨੀ ਸਵਰਗੀ ਸ੍ਰੀ ਬਲਦੇਵ ਰਾਜ ਸੇਠੀ ਅਤੇ ਸ੍ਰੀਮਤੀ ਅਲਕਾ ਸਿੰਘ ਸਪੁੱਤਰੀ ਸਵਰਗੀ ਸ੍ਰੀ ਬਲਦੇਵ ਰਾਜ ਸੇਠੀ ਸੁਪਤਨੀ ਸ੍ਰੀ ਜਗਮਿੰਦਰ ਸਿੰਘ | ਸੁਭਾਸ਼ ਚੰਦਰ ਚੱਢਾ ਸਪੁੱਤਰ ਸ੍ਰੀ ਰਾਜ ਕੁਮਾਰ ਚੱਢਾ, ਰਾਹੀਂ ਸਥਾਨਕ ਕਮਿਸ਼ਨ ਭੂਸ਼ਣ ਕੁਮਾਰ ਗੀਡਰ, ਸ੍ਰੀ ਪਰਮੋਦ ਕੁਮਾਰ ਸਿਵਲ ਜੱਜ, ਜੂਨੀਅਰ ਡਵੀਜ਼ਨ, ਚੰਡੀਗੜ੍ਹ ਦੀ ਅਦਾਲਤ ਵੱਲੋਂ ਆਦੇਸ਼ ਮਿਤੀ 05.01.2024 ਦੁਆਰਾ ਨਿਯੁਕਤ (ਰਜਿ. ਨੰਬਰ 7533 ਮਿਤੀ 06.03.2024 ਦੇ ਅਧੀਨ ਸਬ ਰਜਿਸਟਰਾਰ ਯੂ. ਟੀ. ਚੰਡੀਗੜ੍ਹ ਕੋਲ ਪੰਜੀਕ੍ਰਿਤ ਵਿਕਰੀ ਡੀਡ) | 3375 | MIG-2 | 46-ਸੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

# ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਚੌਂਕ ਮਹਿਤਾ ਤੋਂ ਪੱਤਰਕਾਰ ਬਲਜਿੰਦਰ ਸਿੰਘ ਰੰਧਾਵਾ ਵੱਲੋਂ ਵਿਸ਼ੇਸ਼ ਸਪਲੀਮੈਂਟ


ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿ: ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਜਨਰਲ ਸੁਬੇਗ ਸਿੰਘ ਅਤੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ

41ਵਾਂ ਸ਼ਹੀਦੀ ਸਮਾਗਮ

ਸ਼ੁੱਕਰਵਾਰ, 6 ਜੂਨ 2025

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹੈੱਡ ਕੁਆਟਰ ਦਮਦਮੀ ਟਕਸਾਲ ਮਹਿਤਾ (ਅੰਮ੍ਰਿਤਸਰ) ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

ਗੁਰੂ ਪੰਥ ਦਾ ਦਾਸ: ਗਿ: ਹਰਨਾਮ ਸਿੰਘ ਖ਼ਾਲਸਾ
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਅਤੇ ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ
ਸੰਪਰਕ: 99158-00904, 97793-10040, 70092-90752, 98726-08626

ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ! ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਵਿੱਚ ਹੋ ਰਹੇ 41ਵੇਂ ਸ਼ਹੀਦੀ ਦਿਹਾੜੇ ਮੌਕੇ ਪੁੱਜਿਆਂ ਸਮੂਹ ਸੰਗਤਾਂ ਨੂੰ ਜੀ ਆਇਆਂ ਨੂੰ!

ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ)
ਪ੍ਰਿੰ:ਗੁਰਦੀਪ ਸਿੰਘ ਰੰਧਾਵਾ ਚੇਅਰਮੈਨ
ਸ:ਹਰਜਿੰਦਰ ਸਿੰਘ ਰੰਧਾਵਾ ਚੀਫ਼ ਐਡਮਿਨਿਸਟ੍ਰੇਟਰ

ਵੱਲੋਂ: -ਦਸ਼ਮੇਸ਼ ਵਿੱਦਿਅਕ ਸੰਸਥਾਵਾਂ, ਮਹਿਤਾ ਚੌਂਕ (ਅੰਮ੍ਰਿਤਸਰ)

ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

SANT GIANI GURBACHAN SINGH JI KHALSA ACADEMY
MEHTA CHOWK (Asr.)
Affiliated to CBSE New Delhi (Affiliation No. 1630175)
World Class Residential School in Punjab
Hostel Facility for Class Nur to 12th

Hostel Facilities
1.Highly-Hygienic Neat & Clean Environment
2.Use of Mobile & TV is Strictly Prohibited
3.Hygienic & Nutritive Meals
4.Family Environment
5.Fully AC well Furnished Rooms
6.Gurmat Santhiya For Students
7.Green Surrouding Park
8.24*7 Security

LIMITED SEATS

HOSTEL ADMISSION OPEN NOW
Session 2025-26
M:- 99155-85685
M:- 70092-91348
E-Mail:khalsaacademy.mehta@gmail.com www.khalsaacademy.co.in

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ,ਚੁੰਘ
ਪੀ.ਐਸ.ਈ.ਬੀ ਤੋਂ ਮਾਨਤਾ ਪ੍ਰਾਪਤ(ਨੰ.AS434)
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ,ਚੁੰਘ
ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ(ਨੰ.1630736)

ਖੁੱਲ੍ਹੇ ਖੇਡ ਦੇ ਮੈਦਾਨ
ਵਿਸ਼ਾਲ ਲਾਇਬ੍ਰੇਰੀ
ਏ.ਸੀ ਕਲਾਸਰੂਮ
ਟਰਾਂਸਪੋਰਟ ਸੁਵਿਧਾ
ਸੰਗੀਤ ਕਲਾਸਾਂ
ਕੰਪਿਊਟਰ ਲੈਬ
ਹਰਿਆ ਭਰਿਆ ਵਾਤਾਵਰਣ
ਤਜ਼ਰਬੇਕਾਰ ਸਟਾਫ਼
ਚੇਅਰਮੈਨ ਰਘਬੀਰ ਸਿੰਘ ਸੋਹਲ
ਨਰਸਰੀ ਤੋਂ +2 ਦਾ ਦਾਖਲਾ ਜਾਰੀ ਹੈ।
ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ
ਡਾਇਰੈਕਟਰ ਤੇਜਬੀਰ ਸਿੰਘ ਸੋਹਲ

ਮੁਖਜੀਤ ਸਿੰਘ ਬਲਕਾਰ ਸਿੰਘ ਸਤਨਾਮ ਸਿੰਘ
PBS SHOPPING CENTRE
AMRITSAR ROAD, MEHTA CHOWK(Asr.)
6 ਜੂਨ ਨੂੰ 6 ਪੱਗਾਂ ਖ਼ਰੀਦਣ ਤੇ ਇੱਕ ਪੱਗ ਮੁਫ਼ਤ ਪਾਓ
ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ
Contact No.M:-8872-686262 , 7517-000062

ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾ ਨੂੰ ਕੋਟਿਨ-ਕੋਟਿ ਪ੍ਰਣਾਮ

JD RED GYM
Facilities:-
- Cardio area
- Strength training zone
- Functional training space
- Stretching area
- Restroom
- Open floor space

NEAR DAMDAMI TAKSAL MEHTA CHOWK (ASR.)
9877871710
jd_red_gym

RAI MOVIES PRESENTS
DARKNESS TO LIGHT
MD Rai Movies M:- 7009629341

CBSE Curriculum
Age 3+ Years
• Medical • Non-Medical • Commerce • Arts
ADMISSION OPEN
Nursery to +2
English Medium
SHRI GURU HARGOBIND SEN. SEC. SCHOOL
Saido Lehal Khajala, Mehta Road, Amritsar.
M.99158-82851, 98151-37867

AmarArt STUDIO
ਅਮਰ ਪੇਂਟਰ
ਫਲੈਕਸ ਬੋਰਡ
ਇਸਤਿਹਾਰ ਅਤੇ ਹਰ ਪ੍ਰਕਾਰ ਦੀ ਪ੍ਰਿੰਟਿੰਗ ਕਰਵਾਉ
98152-70253, 98152-89353
ਜਲੰਧਰ ਰੋਡ, ਮਹਿਤਾ ਚੌਂਕ

Mandeep Singh M:-98765-54280
Gurpreet Singh M:-98159-06059 91414-00056
PUNJAB CATTERS
Cont.For Marriage & Other Ocassions
Jalandhar Road,Mehta Chowk(Amritsar)

ਹੈਪੀ ਸਟੂਡੀਓ
ਬੁੱਟਰ,ਜ਼ਿਲ੍ਹਾ ਅੰਮ੍ਰਿਤਸਰ (98725-79857)
ਇੱਥੇ ਵਿਆਹ ਸ਼ਾਦੀਆਂ ਤੇ ਹੋਰ ਪ੍ਰੋਗਰਾਮਾਂ ਲਈ ਸੰਪਰਕ ਕਰੋ।
ਨੋਟ:-ਪ੍ਰੀ ਵੈਡਿੰਗ ਤੇ ਲਾਇਵ ਵੀਡੀਓ ਚਲਾਉਣ ਲਈ ਵੀ ਸੰਪਰਕ ਕਰੋ।
ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਵਰਿੰਦਰ ਬਾਊ ਚੌਂਕ ਮਹਿਤਾ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਦਾ ਰਾਇਲ ਦਾਵਤ ਰੈਸਟੋਰੈਂਟ
ਜਲੰਧਰ ਰੋਡ,ਨੇੜੇ ICICI ਬੈਂਕ,ਮਹਿਤਾ ਚੌਂਕ
ਇੱਥੇ ਵਿਆਹ, ਸ਼ਗਨ, ਠਾਕੇ, ਜਨਮ ਦਿਨ ਪਾਰਟੀ ਅਤੇ ਹਰ ਪ੍ਰਕਾਰ ਦੇ ਫੰਕਸ਼ਨ ਕਰਵਾਉਣ ਦਾ ਵਧੀਆ ਪ੍ਰਬੰਧ ਹੈ।
ਨੋਟ: ਇੱਥੇ ਕੈਟਰਿੰਗ ਦਾ ਖਾਸ ਪ੍ਰਬੰਧ ਹੈ। ਜਤਿੰਦਰ ਸਿੰਘ ਪੂਰਬਾ
M:-800000-05697
M:-77195-41155

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਦਵਿੰਦਰ ਸਿੰਘ ਰੰਧਾਵਾ
ਮਾਸਟਰ ਸਤਿੰਦਰਪਾਲ ਸਿੰਘ
ਜਸਕਰਨ ਸਿੰਘ ਰੋਡੇ
ਉਪਕਾਰਦੀਪ ਸਿੰਘ ਬੱਲ

ਸੋਲਰ ਲਗਵਾਓ ਬਿਜਲੀ ਬਚਾਓ
ਇਕ ਦਿਨ ਵਿੱਚ ਬੈਂਕ ਤੋਂ ONLINE ਡਿਜਿਟਲ ਲੋਨ ਪ੍ਰਾਪਤ ਕਰੋ
ਘਰਾਂ ਵਿੱਚ ਸੋਲਰ ਸਿਸਟਮ ਲਵਾਓ 78,000/- ਸਬਸਿਡੀ ਪਾਓ
ਬਿੱਲ ਭਰਨ ਦੀ ਥਾਂ ਕਿਸ਼ਤਾਂ ਭਰੋ
ਕੋਈ ਵੀ ਫ਼ਾਇਲ ਖ਼ਰਚਾ ਨਹੀਂ
ਭਾਰਤ ਸਰਕਾਰ ਵਲੋਂ ਮਾਨਤਾ ਪ੍ਰਾਪਤ ਏਜੰਸੀ (VENDOR) & ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੁਆਰਾ ਮਾਨਤਾ ਪ੍ਰਾਪਤ
APNA BAZAAR
MULTI BRAND STORE
HAVELLS PAHAL WAAREE adani vikramsolar UTL
ਮਹਿਤਾ ਚੌਂਕ (ਜ਼ਿਲ੍ਹਾ ਅੰਮ੍ਰਿਤਸਰ)
Er. Ranjit Singh (Retd. JE) 98728-92614
Harjinder Singh Judge 98724-24000
Harpal Singh Judge 98726-52614

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਮੈਨਜਮੈਂਟ ਕਮੇਟੀ ਅਤੇ NRI ਵੀਰਾਂ ਦੇ ਸਹਿਯੋਗ ਨਾਲ
ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਕਾਲਜ ਫ਼ਾਰ ਵੂਮੈਨ ਮੱਤੇਵਾਲ (ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸੰਸਥਾ)।
ਜੀ.ਕੇ.ਬੀ ਇੰਟਰਨੈਸ਼ਨਲ ਸਕੂਲ ਗੁਰੂ ਕੀ ਬੇਰ ਮੱਤੇਵਾਲ (ਸੀ.ਬੀ.ਐਸ.ਈ ਪੈਟਰਨ)
ਦਾਖਲਾ ਮੁਫ਼ਤ
ਕਿਤਾਬਾਂ ਮੁਫ਼ਤ
ਵਰਦੀ ਮੁਫ਼ਤ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਨੋਟ:- ਨਰਸਰੀ ਤੋਂ ਦਸਵੀਂ ਜਮਾਤ ਤੱਕ ਹੀ ਕਿਤਾਬਾਂ ਮੁਫ਼ਤ ਦਿੱਤੀਆ ਜਾਣਗੀਆਂ।
ਸੰਤ ਬਾਬਾ ਲਾਭ ਸਿੰਘ ਜੀ ਖ਼ਾਲਸਾ ਸੀਨੀ:ਸੈਕੰ:ਸਕੂਲ
(ਮਾਨਤਾ ਪ੍ਰਾਪਤ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ)।
ਗੁਰੂ ਕੀ ਬੇਰ, ਮੱਤੇਵਾਲ, ਮਹਿਤਾ ਰੋਡ, ਅੰਮ੍ਰਿਤਸਰ
ਦਾਖਲਾ ਸ਼ੁਰੂ ਹੈ।
ਮੁੱਖ ਪ੍ਰਬੰਧਕ ਸੰਤ ਬਾਬਾ ਜੱਸਾ ਸਿੰਘ ਜੀ ਗੁਰੂ ਕੀ ਬੇਰ ਸਾਹਿਬ ਵਾਲੇ।
ਪ੍ਰਿੰਸੀਪਲ ਗੁਰਸੇਵਕ ਸਿੰਘ।
ਸੰਪਰਕ: 98140-38631 , 99140-38631 , 81466-67366

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ
ਅਮਨ ਸ਼ੇਰ ਸਿੰਘ ਕਲਸੀ ਵਾਇਸ ਪ੍ਰਧਾਨ ਪੰਜਾਬ
ਸ੍ਰ. ਹਰਜਿੰਦਰ ਸਿੰਘ ਉਦੋਪੁਰ
ਸ੍ਰ. ਲਖਵਿੰਦਰ ਸਿੰਘ ਸਰਪੰਚ ਪਿੰਡ ਉਦੋਪੁਰ
ਅਜੈ ਗਾਂਧੀ ਸਰਪੰਚ ਮਹਿਤਾ ਚੌਂਕ
ਸ੍ਰ. ਕੁਲਵਿੰਦਰ ਸਿੰਘ ਮਿੰਨਾ ਸਰਪੰਚ ਪਿੰਡ ਚੰਨਣਕੇ
ਨਿਸ਼ਾਨ ਸਿੰਘ ਗੋਲਡੀ ਸਰਪੰਚ ਦਬੁਰਜੀ
ਸ਼ਰਨਜੀਤ ਸਿੰਘ ਸਰਪੰਚ ਸਿੱਧਪੁਰਾਂ
ਮਨਪ੍ਰੀਤ ਸਿੰਘ ਬੱਬੀ ਯੂਥ ਆਗੂ ਚੁੰਘ
ਬਲਜੀਤ ਸਿੰਘ ਸਰਪੰਚ ਸੈਦੋਕੇ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਸੰਤ ਬਾਬਾ ਗੁਰਬੇਜ ਸਿੰਘ ਜੀ ਖਜਾਲੇ ਵਾਲੇ (ਮੁੱਖ ਬੁਲਾਰੇ ਸੰਤ ਸਮਾਜ)
ਗੁਰਮੇਜ ਸਿੰਘ ਰੰਧਾਵਾ ਸਰਪੰਚ ਉਦੋਨੰਗਲ
ਜਗਜੀਤ ਸਿੰਘ ਸੰਧੂ ਇੰਸਪੈਕਟਰ ਪਨਗਰੇਨ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਸ੍ਰ.ਮਨਦੀਪ ਸਿੰਘ ਸਰਪੰਚ ਖੱਬੇ ਰਾਜਪੂਤਾਂ
ਸ੍ਰ.ਜੰਗਿੰਦਰ ਸਿੰਘ ਲਾੜੀ ਮਹਿਤਾ ਚੌਂਕ
ਸ੍ਰ.ਸਤਨਾਮ ਸਿੰਘ ਪਿੰਡ ਚੁੰਘ
ਕੁਲਵਿੰਦਰ ਸਿੰਘ ਖੱਬੇ ਰਾਜਪੂਤਾਂ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਸੁਖਰਾਜ ਸਿੰਘ ਮੁੱਛਲ ਸਰਪੰਚ
ਸਰਪੰਚ ਗੁਰਧਿਆਨ ਸਿੰਘ ਮਹਿਤਾ
ਸੁਖਵਿੰਦਰ ਸਿੰਘ ਮਹਿਤਾ ਸਾਬਕਾ ਸਰਕਲ ਪ੍ਰਧਾਨ
ਬਲਜੀਤ ਸਿੰਘ ਯੂਥ ਸਰਕਲ ਪ੍ਰਧਾਨ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਧਰਮਿੰਦਰ ਸਿੰਘ ਜਲਾਲ ਉਸਮਾਂ
ਅਪਿੰਦਰ ਸਿੰਘ
ਰਾਜਬੀਰ ਸਿੰਘ ਕਾਕਾ ਕਿੰਗ ਜਿੰਮ ਐਂਡ ਫਰਨੀਚਰ ਹਾਊਸ
ਲਵਪ੍ਰੀਤ ਸਿੰਘ ਬਾਬਾ ਬਕਾਲਾ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਅਜੈਪਾਲ ਸਿੰਘ ਮੀਰਾਂਕੋਟ ਸਾਬਕਾ ਐਮ.ਐਲ.ਏ
ਮਨਜੀਤ ਸਿੰਘ ਰੰਧਾਵਾ-98151-90504
M:-62390-73806
M:-98154-90706
ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ
ਗੁਰਨੂਰ ਫਾਈਨਾਂਸ ਕੰਪਨੀ (ਰਜਿ.)
ਸ੍ਰ.ਮਨਜੀਤ ਸਿੰਘ
ਅੰਮ੍ਰਿਤਸਰ ਰੋਡ,ਗੁਰਦੁਆਰਾ ਸਾਹਿਬ ਮੋੜ,ਮਹਿਤਾ ਚੌਂਕ

ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟ ਪ੍ਰਣਾਮ!
ਹਰਦੀਪ ਸਿੰਘ ਰੰਧਾਵਾ ਯੂ.ਐਸ.ਏ
ਅਮਨ ਵੜੈਚ ਪ੍ਰੋਪਰਟੀ ਅਡਵਾਈਜ਼ਰ
ਗੁਰਜੰਟ ਸਿੰਘ ਸਰਪੰਚ ਉਦੋਕੇ
ਗੁਰਓਂਕਾਰ ਸਿੰਘ
ਗੁਰਪ੍ਰੀਤ ਸਿੰਘ ਗੋਪੀ ਭਲਾਈਪੁਰੀਆ ਕਰਿਆਨਾ ਸਟੋਰ
ਗੁਰਦੇਵ ਸਿੰਘ ਪਵਾਰ


ਜੂਨ 1984 ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ

ਮਹਿਤਾ ਚੌਂਕ ਤੋਂ ਵਿਸ਼ੇਸ਼ ਸਪਲੀਮੈਂਟ ਕੱਢੇ ਜਾਣ ਤੇ ਸਾਰੇ ਸਹਿਯੋਗੀ ਸੱਜਣਾਂ ਦਾ ਕੋਟਿਨ-ਕੋਟ ਧੰਨਵਾਦ।

ਬਲਜਿੰਦਰ ਸਿੰਘ ਰੰਧਾਵਾ
ਚੜ੍ਹਦੀਕਲਾਂ ਟਾਈਮ ਟੀ.ਵੀ. ਤੇ ਅਖ਼ਬਾਰ
ਪ੍ਰਧਾਨ ਨਿਊ ਮਾਝਾ ਪ੍ਰੈਸ ਕਲੱਬ

# ਮਾਝਾ-ਦੁਆਬਾ

ਆਸ ਪਾਸ

## ਵਾਤਾਵਰਨ ਦੇ ਬਚਾਉਣ ਲਈ ਰੁੱਖ ਲਗਾ ਕੇ ਆਪਣਾ ਕੀਮਤੀ ਯੋਗਦਾਨ ਪਾਓ : ਸਿਵਲ ਸਰਜਨ



ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ) : ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮੌਕੇ ਬੂਟੇ ਲਗਾ ਕੇ ਵਾਤਾਰਨ ਦੀ ਸ਼ੁੱਧਤਾ ਲਈ ਸ਼ੰਦੇਸ਼ ਦਿੱਤਾ। ਇਸ ਅਵਸਰ 'ਤੇ ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਦੱਸਿਆ ਕਿ ਪਲਾਸਟਿਕ ਮਿੰਟਾਂ ਲਈ ਲਾਭਦਾਇਕ, ਪਰ ਦਹਾਕਿਆਂ ਲਈ ਨੁਕਸਾਨਦੇਹ ਸਾਬਿਤ ਹੁੰਦਾ ਹੈ। ਪਲਾਸਟਿਕ ਦੀਆਂ ਬੋਤਲਾਂ, ਸਟ੍ਰਾਸ, ਕੱਪ-ਪਲੇਟਾਂ ਅਤੇ ਬੈਗ ਲੱਗਭੱਗ 20 ਸਾਲਾਂ ਤੱਕ ਵੀ ਨਸ਼ਟ ਨਹੀਂ ਹੁੰਦੇ ਅਤੇ ਇਹਨਾਂ ਦੀ ਵਜਾ ਨਾਲ ਧਰਤੀ ਹੇਠਾਂ ਬਹੁਤ ਹੀ ਹਾਨੀਕਾਰਕ ਰਸਾਇਣ ਉਤਪੰਨ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਸੀਂ ਅੱਜ ਦੇ ਦਿਨ ਇਹ ਪ੍ਰਣ ਕਰੀਏ ਕਿ ਪਲਾਸਟਿਕ ਦੀ ਵਰਤੋਂ ਤੋਂ ਪ੍ਰਹੇਜ ਕਰਦੇ ਹੋਏ, ਵਾਤਾਵਰਨ ਦੇ ਬਚਾਓ ਵਿੱਚ ਰੁੱਖ ਲਗਾ ਕੇ ਆਪਣਾ ਕੀਮਤੀ ਯੋਗਦਾਨ ਪਾਈਏ। ਵਾਤਾਵਰਨ ਨੂੰ ਸ਼ੁੱਧ ਅਤੇ ਸਾਫ ਸੁਥਰਾ ਤੇ ਪ੍ਰਦੂਸ਼ਨ ਰਹਿਤ ਬਣਾਉਣਾ ਹਰੇਕ ਇਨਸਾਨ ਦਾ ਫਰਜ ਬਣਦਾ ਹੈ।ਇਸ ਲਈ ਜਿੱਥੇ ਵੀ ਕੋਈ ਦਰਖੱਤ ਸੁੱਕ ਗਿਆ ਹੋਵੇ ਜਾਂ ਬਿਰਧ ਹੋ ਗਿਆ ਹੋਵੇ ਉਸਦੀ ਜਗ੍ਹਾ ਤੁਰੰਤ ਨਵਾਂ ਬੂਟਾ ਲਗਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਦਰੱਖਤਾਂ ਦੀ ਬੇਲੋੜੀ ਕਟਾਈ ਤੋਂ ਤੌਬਾ ਕਰਨੀ ਚਾਹਿਦੀ ਹੈ। ਹਰੇਕ ਇਨਸਾਨ ਦਾ ਫਰਜ ਹੈ ਕਿ ਉਹ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਨ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਵੇ। ਇਸ ਅਵਸਰ 'ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਨੀਲਮ ਭਗਤ, ਜ਼ਿਲ੍ਹਾ ਟੀਕਾਕਰਣ ਅਫ਼ਸਰ ਡਾ ਭਾਰਤੀ ਧਵਨ, ਜ਼ਿਲ੍ਹਾ ਸਿਹਤ ਅਫਸਰ ਡਾ. ਜਸਪਾਲ ਸਿੰਘ, ਡੀਡੀਐਚਓ ਡਾ. ਜਗਨਜੋਤ ਕੌਰ, ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਹਰਜੋਤ ਕੌਰ, ਜ਼ਿਲ੍ਹਾ ਐਮ.ਈ. ਆਈ.ਓ. ਅਮਰਦੀਪ ਸਿੰਘ, ਡੀਪੀਐਮ ਸੁਖਜਿੰਦਰ ਸਿੰਘ, ਏਐਮਓ ਗੁਰਦੇਵ ਸਿੰਘ, ਰੋਸ਼ਨ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਅਤੇ ਸਮੂਹ ਸਟਾਫ ਹਾਜ਼ਰ ਸੀ।

## ਬਰਸਾਤੀ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ ਲਗਾਏ ਜਾਣਗੇ ਵੱਧ ਤੋਂ ਵੱਧ ਪੌਦੇ : ਖੁਸ਼ਪ੍ਰੀਤ ਸਿੰਘ



ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਰੈੱਡ ਕਰਾਸ ਸੁਸਾਇਟੀ ਵੱਲੋਂ ਅੱਜ ਵਿਸ਼ਵ ਵਾਤਾਵਰਣ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕੀਤਾ ਗਿਆ।

ਇਸ ਮੌਕੇ ਸਹਾਇਕ ਕਮਿਸ਼ਨਰ ਖੁਸ਼ਪ੍ਰੀਤ ਸਿੰਘ ਨੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ 'ਸਾਨੂੰ ਸਭ ਨੂੰ ਵਾਤਾਵਰਣ ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ, ਤਾਂ ਜੋ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਸਾਫ ਸੁਥਰਾ ਵਾਤਾਵਰਣ ਦੇ ਸਕੀਏ।

ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਮਾਤਾ-ਪਿਤਾ ਨੂੰ ਸਮਰਪਿਤ ਇਕ-ਇਕ ਪੌਦਾ ਜ਼ਰੂਰ ਲਾਉਣ ਤੇ ਉਹਦੀ ਸੰਭਾਲ ਵੀ ਕਰਨ। ਉਨਾਂ ਨੇ ਦੱਸਿਆ ਕਿ ਹਰਿਆਲੀ ਵਧਾਉਣ ਦੇ ਮੰਤਵ ਨਾਲ ਜ਼ਿਲ੍ਹੇ ਵਿੱਚ ਆਗਾਮੀ ਬਰਸਾਤੀ ਸੀਜ਼ਨ ਦੌਰਾਨ ਵੱਧ ਤੋਂ ਵੱਧ ਪੌਦੇ ਲਗਾਉਣ ਦਾ ਟੀਚਾ ਹੈ। ਉਹਨਾਂ ਕਿਹਾ ਕਿ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਤੋਂ ਲੋਕ ਮੁਫਤ ਪੌਦੇ ਲੈ ਕੇ ਲਾ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਵਿਸ਼ੇਸ਼ ਕਰਕੇ ਸੱਦਾ ਦਿੱਤਾ ਕਿ ਉਹ ਝੋਨੇ ਦੇ ਸੀਜਨ ਦੌਰਾਨ ਆਪਣੇ ਟਿਊਬਵੈੱਲਾਂ, ਬੰਬੀਆਂ ਉੱਪਰ ਇਕ-ਇਕ ਪੌਦਾ ਜ਼ਰੂਰ ਲਗਾਉਣ।

ਇਸੇ ਮੌਕੇ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੈਮਸਨ ਮਸੀਹ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## ਪਾਕਿ-ਸਮਰਥਿਤ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼; ਛੇ ਆਧੁਨਿਕ ਪਿਸਤੌਲਾਂ ਸਮੇਤ ਦੋ ਗ੍ਰਿਫ਼ਤਾਰ




ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਅਤੇ ਅਪਰਾਧ ਵਿਰੁੱਧ ਚੱਲ ਰਹੀ ਜੰਗ ਦੌਰਾਨ ਵੱਡੀ ਸਫਲਤਾ ਤਹਿਤ ਤਰਨਤਾਰਨ ਪੁਲਿਸ ਨੇ ਪਾਕਿਸਤਾਨ ਦੀ ਹਮਾਇਤ ਨਾਲ ਚਲਾਏ ਜਾ ਰਹੇ ਹਥਿਆਰ ਤਸਕਰੀ ਮਾਡਿਊਲ ਨੂੰ ਬੇਅਸਰ ਕੀਤਾ ਅਤੇ ਇਸਦੇ ਦੋ ਕਾਰਕੁੰਨਾਂ ਨੂੰ ਛੇ ਅਤਿ-ਆਧੁਨਿਕ ਪਿਸਤੌਲ -ਜਿਨ੍ਹਾਂ ਵਿੱਚ ਚਾਰ 9 ਐਮਐਮ ਗਲੌਕ 26 ਅਤੇ ਦੋ .30 ਬੋਰ ਪੀਐਕਸ5 - ਸਮੇਤ ਜ਼ਿੰਦਾ ਕਾਰਤੂਸਾਂ ਨਾਲ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੂਰਜਪਾਲ ਸਿੰਘ ਅਤੇ ਅਰਸ਼ਦੀਪ ਸਿੰਘ ਵਜੋਂ ਹੋਈ ਹੈ, ਦੋਵੇਂ ਤਰਨਤਾਰਨ ਦੇ ਪਿੰਡ ਲਖਨਾ ਦੇ ਰਹਿਣ ਵਾਲੇ ਹਨ। ਪੁਲਿਸ ਟੀਮਾਂ ਨੇ ਹਥਿਆਰ ਅਤੇ ਗੋਲੀ-ਸਿੱਕੇ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਉਹ ਹਥਿਆਰਾਂ ਦੀ ਖੇਪ ਦੀ ਡਿਲਿਵਰੀ ਲਈ ਕਰਦੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁਲਜ਼ਮ ਸੂਰਜਪਾਲ ਸਿੰਘ , ਪਾਕਿਸਤਾਨ-ਅਧਾਰਤ ਹੈਂਡਲਰਾਂ ਰਾਣਾ ਅਤੇ ਸਿਕੰਦਰ ਦੇ ਸਿੱਧੇ ਸੰਪਰਕ ਵਿੱਚ ਸੀ, ਜੋ ਹਥਿਆਰ-ਗੋਲੀ ਸਿੱਕੇ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕਰਦੇ ਸਨ।

ਆਪਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਪੁਖ਼ਤਾ ਇਤਲਾਹ 'ਤੇ ਕਾਰਵਾਈ ਕਰਦੇ ਹੋਏ, ਐਸ.ਪੀ. ਸਿਟੀ ਰਿਪੁਤਪਨ ਸਿੰਘ ਸੰਧੂ ਅਤੇ ਡੀਐਸਪੀ (ਦਿਹਾਤੀ) ਗੁਰਿੰਦਰਪਾਲ ਸਿੰਘ ਨਾਗਰਾ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਦੀ ਪੁਲਿਸ ਟੀਮ ਨੇ ਆਪ੍ਰੇਸ਼ਨ ਚਲਾਇਆ ਅਤੇ ਤਰਨਤਾਰਨ ਦੇ ਪਿੰਡ ਲਖਨਾ ਨੇੜੇ ਸ਼ੱਕੀ ਸੂਰਜਪਾਲ ਸਿੰਘ ਅਤੇ ਅਰਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਹਥਿਆਰਾਂ ਦੀ ਖੇਪ ਪ੍ਰਾਪਤ ਕਰਨ ਤੋਂ ਬਾਅਦ, ਮੁਲਜ਼ਮ ਸੂਰਜਪਾਲ ਇਸਨੂੰ ਵੱਖ-ਵੱਖ ਅਪਰਾਧਿਕ ਮਾਡਿਊਲਾਂ ਨੂੰ ਸਪਲਾਈ ਕਰਦਾ ਸੀ।

ਐਸ.ਐਸ.ਪੀ. ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮਾਂ ਤੋਂ ਹੁਣ ਤੱਕ ਪ੍ਰਾਪਤ ਹੋਏ ਹਥਿਆਰਾਂ-ਗੋਲੀ ਸਿੱਕੇ ਦੀ ਕੁੱਲ ਗਿਣਤੀ ਦਾ ਪਤਾ ਲਗਾਉਣ ਲਈ ਅਤੇ ਇਸ ਗੱਠਜੋੜ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਇਸ ਸਬੰਧੀ ਤਰਨਤਾਰਨ ਦੇ ਵਲਟੋਹਾ ਪੁਲਿਸ ਸਟੇਸ਼ਨ ਵਿਖੇ ਅਸਲਾ ਐਕਟ ਦੀ ਧਾਰਾ 25 (6) (7)-(1) ਤਹਿਤ ਐਫਆਈਆਰ ਨੰਬਰ 59 ਮਿਤੀ 4 ਜੂਨ, 2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

## ਸ਼ਹਿਰ ਦੀ ਸੁੰਦਰਤਾ ਲਈ ਨਿਗਮ ਹਦੂਦ 'ਚ ਆਉਂਦੀਆ ਸੜਕਾਂ ਦਾ ਕੀਤਾ ਜਾਵੇ ਮੁਕੰਮਲ ਰੱਖ-ਰਖਾਅ : ਕਮਿਸ਼ਨਰ

ਅੰਮ੍ਰਿਤਸਰ, 5 ਜੂਨ, (ਗੁਰਦਿਆਲ ਸਿੰਘ) : ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰੱਖਾਵ ਲਈ ਨਿਯੁਕਤ ਕੀਤੇ ਗਏ ਨੋਡਲ ਅਫਸਰਾਂ ਨਾਲ ਉਨ੍ਹਾਂ ਵੱਲੋਂ ਕੀਤੀ ਗਈ ਕਾਰਗੁਜਾਰੀ ਦੀ ਸਮੀਖਿਆ ਲਈ ਹਫਤਾਵਾਰ ਮੀਟਿੰਗ ਕੀਤੀ ਗਈ, ਜਿਸ ਵਿੱਚ ਉਚੇਚੇ ਤੌਰ 'ਤੇ ਪੀ.ਡਬਲਯੂ.ਡੀ. ਵਿਭਾਗ ਦੇ ਅਧਿਕਾਰੀਆਂ ਨੂੰ ਵੀ ਸ਼ਾਮਲ ਹੋਣ ਲਈ ਕਿਹਾ ਗਿਆ ਸੀ। ਅੱਜ ਦੀ ਇਸ ਮੀਟਿੰਗ ਵਿੱਚ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਕੀਤੇ ਜਾਣ ਵਾਲੇ ਵਿਕਾਸ ਕੰਮਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ । ਮੀਟਿੰਗ ਵਿੱਚ ਮੌਜੂਦ ਪੀ.ਡਬਲਯੂ ਡੀ ਦੇ ਅਧਿਕਾਰੀ ਐਸ.ਡੀ.ਓ ਤਰਲੋਚਨ ਸਿੰਘ ਨੂੰ ਹਦਾਇਤ ਕੀਤੀ ਗਈ, ਕਿ ਇਹਨ੍ਹਾਂ ਸੜਕਾਂ ਦੇ ਮੁੰਕਮਲ ਵਿਕਾਸ ਕਾਰਜ ਕੀਤੇ ਜਾਣ । ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਤੋ ਇਲਾਵਾ, ਕਾਰਜਕਾਰੀ ਇੰਜਿਨਿਅਰ ਭੁਲਿੰਦਰ ਸਿੰਘ, ਸੁਨੀਲ ਮਹਾਜਨ, ਮਨਜੀਤ ਸਿੰਘ, ਸਵਰਾਜਵਿੰਦਰ ਪਾਲ ਸਿੰਘ, ਸਿਹਤ ਅਫਸਰ ਡਾ. ਕਿਰਨ, ਡਾ. ਯੋਗੇਸ਼ ਅਰੋੜਾ, ਏ.ਐਮ.ਓ.ਐਚ ਡਾ. ਰਮਾ ਐਸ.ਡੀ.ਓ ਗੁਰਪਾਲ, ਅਸਟੇਟ ਅਫਸਰ ਧਰਮਿੰਦਰਜੀਤ ਸਿੰਘ ਸੁਪਰਡੰਟ ਰਾਜ ਕੁਮਾਰ ਹਾਜ਼ਰ ਸਨ ।

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹਿਰ ਦੀ ਦਿਖ ਨੂੰ ਸਵਾਰਨ ਲਈ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ, ਵਿਭਾਗਾ ਦੇ ਅਧਿਕਾਰੀਆਂ ਵੱਲੋਂ ਉਹਨਾਂ ਨੂੰ ਸੌਂਪੇ ਗਏ ਕੰਮ ਬਾਖ਼ੂਬੀ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਅਧਿਕਾਰੀਆਂ ਵੱਲੋਂ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸ਼ਹਿਰ ਦੀਆਂ ਕੁਝ ਸੜਕਾਂ ਪੀ.ਡਬਲਯੂ ਡੀ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਹਨ, ਜਿਨ੍ਹਾਂ ਦੇ ਸਾਰੇ ਵਿਕਾਸ ਦੇ ਕੰਮ ਜਿਵੇਂ ਕੇ ਸੜਕਾਂ ਦੇ ਨਿਰਮਾਣ, ਟੋਏ, ਫੁੱਟਪਾਥ ਸੈਂਟਰਲ ਵਰਜ, ਸਟਰੀਟ ਲਾਈਟ ਆਦਿ ਦੇ ਕੰਮ ਇਸ ਵਿਭਾਗ ਵੱਲੋਂ ਹੀ ਨੇਪਰੇ ਚਾੜ੍ਹੇ ਜਾਣੇ ਹਨ । ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਦੀ ਸੁੰਦਰਤਾ ਨੂੰ ਬਣਾਏ ਰੱਖਣ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਦੇ ਸਾਰੇ ਵਿਭਾਗ ਮਿਲ ਕੇ ਕੰਮ ਕਰਨ ਅਤੇ ਇਸੇ ਕਰਕੇ ਉਹਨਾਂ ਵੱਲੋਂ ਅੱਜ ਦੀ ਮੀਟਿੰਗ ਵਿੱਚ ਪੀ.ਡਬਲਯੂ ਡੀ ਦੇ ਅਧਿਕਾਰੀਆਂ ਨੂੰ ਵੀ ਸ਼ਾਮਲ ਹੋਣ ਲਈ ਕਿਹਾ ਗਿਆ ਸੀ ਅਤੇ ਉਹਨਾਂ ਵੱਲੋਂ ਸਬੰਧਤ ਵਿਭਾਗ ਨੂੰ ਏਅਰਪੋਰਟ ਰੋਡ, ਤਰਨਤਾਰਨ ਰੋਡ, ਮਜੀਠਾ ਰੋਡ, ਫਤਹਿਗੜ੍ਹ ਚੂੜੀਆਂ ਰੋਡ ਆਦਿ ਦੇ ਸਾਰੇ ਕੰਮ ਕਰਨ ਲਈ ਕਿਹਾ।

## ਨਵੀਆਂ ਵਿਕਸਿਤ ਹੋ ਰਹੀਆਂ ਅਣ-ਅਧਿਕਾਰਿਤ ਕਲੋਨੀਆਂ ਉੱਪਰ ਚੱਲਿਆ ਪੀਲਾ ਪੰਜਾ



ਅੰਮ੍ਰਿਤਸਰ, 5 ਜੂਨ, (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈ.ਏ.ਐਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ, ਪੀ.ਸੀ.ਐਸ. ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠ ਏਡੀਏ ਦੇ ਰੈਗੂਲੇਟਰੀ ਵਿੰਗ ਵੱਲੋਂ ਡਿਊਟੀ ਮੈਜਿਸਟ੍ਰੇਟ ਜਗਬੀਰ ਸਿੰਘ, ਉੱਪ-ਮੰਡਲ ਇੰਜੀਨੀਅਰ, ਏਡੀਏ, ਅੰਮ੍ਰਿਤਸਰ ਅਤੇ ਥਾਣਾ ਚਾਟੀਵਿੰਡ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਅੰਮ੍ਰਿਤਸਰ-ਤਰਨਤਾਰਨ ਰੋਡ ਉੱਪਰ ਬਣ ਰਹੀ ਅਣ-ਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀ ਨੂੰ ਢਾਹ ਦਿੱਤਾ ਗਿਆ। ਰੈਗੂਲੇਟਰੀ ਵਿੰਗ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰਨਤਾਰਨ ਰੋਡ ਉੱਪਰ ਪੈਂਦੇ ਪਿੰਡ ਚੱਬਾ ਵਿਖੇ ਬਾਬਾ ਨੌਧ ਸਿੰਘ ਜੀ ਦੀ ਸਮਾਧ ਨੇੜੇ ਵਿਕਸਿਤ ਕੀਤੀ ਜਾ ਰਹੀ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂ ਜੋ ਉਕਤ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ।

ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਵਿਭਾਗ ਵੱਲੋਂ ਹੁਣ ਤੱਕ ਕੁੱਲ 16 ਅਣ-ਅਧਿਕਾਰਿਤ ਕਲੋਨੀ ਕੱਟਣ ਵਾਲੇ ਕਲੋਨਾਈਜ਼ਰਾਂ ਅਤੇ ਅਣ-ਅਧਿਕਾਰਿਤ ਉਸਾਰੀ ਕਰਨ ਵਾਲੇ ਉਸਾਰੀਕਰਤਾਵਾਂ ਵਿਰੁੱਧ ਐਫ.ਆਈ. ਆਰ ਦਰਜ ਕਰਨ ਲਈ ਪੁਲਿਸ ਵਿਭਾਗ ਨੂੰ ਲਿਖਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੁੱਡਾ ਦੇ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ 'ਤੇ ਜ਼ਿਲ੍ਹਾ ਅੰਮ੍ਰਿਤਸਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।

ਜ਼ਿਲ੍ਹਾ ਨਗਰ ਯੋਜਨਾਕਾਰ (ਰ), ਅੰਮ੍ਰਿਤਸਰ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜੂਰ ਸ਼ੁਦਾ ਨਹੀਂ ਹਨ, ਉਹਨਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਦੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮੰਜ਼ੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ। ਇਸ ਤੋਂ ਇਲਾਵਾ ਉਹਨਾਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਜ਼ਿਲ੍ਹੇ ਅੰਦਰ ਕਿਸੇ ਵੀ ਜਗ੍ਹਾ ਉੱਪਰ ਕਿਸੇ ਵੀ ਪ੍ਰਕਾਰ ਦੀ ਉਸਾਰੀ ਜਾਂ ਕਲੋਨੀ ਕੱਟਣ ਤੋਂ ਪਹਿਲਾਂ ਪੁੱਡਾ ਵਿਭਾਗ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਜ਼ਰੂਰ ਪ੍ਰਾਪਤ ਕੀਤੀਆਂ ਜਾਣ ਅਤੇ ਪ੍ਰਵਾਨਗੀ ਅਨੁਸਾਰ ਹੀ ਉਸਾਰੀ ਅਤੇ ਵਿਕਾਸ ਦੇ ਕੰਮ ਕੀਤੇ ਜਾਣ।

## ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਵਾਤਾਵਰਨ ਦਿਵਸ ਮੌਕੇ ਬੂਟੇ ਲਗਾਏ



ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੇ ਨਿਰਦੇਸ਼ਾਂ ਅਨੁਸਾਰ ਵਾਤਾਵਰਨ ਦਿਵਸ ਮੌਕੇ ਪੰਜਾਬ ਸਰਕਾਰ ਵਣ—ਵਿਭਾਗ ਦੇ ਸਹਿਯੋਗ ਨਾਲ ਦੀਵਾਨ ਪ੍ਰਬੰਧਕਾਂ ਅਤੇ ਯਤੀਮਖ਼ਾਨਾ ਦੇ ਬੱਚਿਆਂ ਵੱਲੋਂ ਫੱਲਦਾਰ, ਫੁੱਲਦਾਰ ਅਤੇ ਛਾਂਦਾਰ ਬੂੱਟੇ ਲਗਾਏ ਗਏ, ਜਿਸ ਦਾ ਮਕਸਦ ਬੱਚਿਆਂ ਨੂੰ ਵਾਤਾਵਰਨ ਸਬੰਧੀ ਜਾਗਰੂਕ ਕਰਨਾ ਅਤੇ ਸਾਫ ਅਤੇ ਹਰੇ—ਭਰੇ ਵਾਤਾਵਰਨ ਲਈ ਪ੍ਰੇਰਿਤ ਕਰਨਾ ਸੀ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ ਐਡੀ. ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਨੇ ਵਾਤਾਵਰਨ ਸ਼ੁੱਧ ਰੱਖਣ ਅਤੇ ਮਾਨਵ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਉਜਾਗਰ ਕਰਦਿਆਂ ਵਾਤਾਵਰਨ ਬਚਾਉਣ ਨੂੰ ਸਮੇਂ ਦੀ ਮੁੱਖ ਲੋੜ ਦੱਸਿਆ। ਉਹਨਾਂ ਨੇ ਕਿਹਾ ਕਿ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸਾਨੂੰ ਗੁਰੂ ਸਾਹਿਬ ਦੇ ਫੁਰਮਾਨ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਅਨੁਸਾਰ ਵੱਧ ਤੋਂ ਵੱਧ ਰੁੱਖ ਲਗਾਉਣਾ ਆਪਣਾ ਫਰਜ਼, ਜ਼ਿੰਮੇਵਾਰੀ ਅਤੇ ਸੇਵਾ ਸਮਝਣੀ ਚਾਹੀਦੀ ਹੈ।

ਇਸ ਮੌਕੇ ਯਤੀਮਖਾਨੇ ਦੇ ਮੈਂਬਰ ਇੰਚਾਰਜ ਡਾ. ਆਤਮਜੀਤ ਸਿੰਘ ਬਸਰਾ ਅਤੇ ਮੋਹਨਜੀਤ ਸਿੰਘ ਭੱਲਾ ਨੇ ਬੱਚਿਆਂ ਨੂੰ ਅਜੋਕੀ ਅਤੇ ਆਉਣ ਵਾਲੀ ਪੀੜ੍ਹੀ ਦੀ ਸਿਹਤ ਨੂੰ ਬਚਾਉਣ ਹਿੱਤ ਵੱਧ ਤੋ ਵੱਧ ਨਾ ਕੇਵਲ ਬੂਟੇ ਲਗਾ ਕੇ ਹਰਿਆਵਲ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਸਗੋਂ ਬੂਟਿਆਂ ਨੂੰ ਰੁੱਖਾਂ ਵਿੱਚ ਤਬਦੀਲ ਕਰਨ ਲਈ ਉਹਨਾਂ ਦੀ ਸਹੀ—ਸੰਭਾਲ ਅਤੇ ਦੇਖਭਾਲ ਨੂੰ ਵੀ ਜ਼ਰੂਰੀ ਦੱਸਿਆ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਯਤੀਮਖਾਨਾ ਦੇ ਮੈਂਬਰ ਇੰਚਾਰਜ ਡਾ.ਆਤਮਜੀਤ ਸਿੰਘ ਬਸਰਾ ਅਤੇ ਮੋਹਨਜੀਤ ਸਿੰਘ ਭੱਲਾ, ਏ.ਪੀ.ਐਸ ਮਾਨ, ਡਵੀਜਨਲ ਵਣ—ਅਫਸਰ ਰਾਜੇਸ਼ ਕੁਮਾਰ ਆਈ.ਐਫ.ਐਸ, ਵਣ ਰੇਜ਼ ਅਫਸਰ ਸੁਖਵਿੰਦਰ ਸਿੰਘ, ਬਲਾਕ ਅਫਸਰ ਨਿਰਮਲ ਸਿੰਘ ਅਤੇ ਕ੍ਰਿਪਾਲ ਸਿੰਘ ਅਤੇ ਯਤੀਮਖਾਨਾ ਸਟਾਫ ਅਤੇ ਬੱਚੇ ਹਾਜ਼ਰ ਸਨ।

## ਨਗਰ ਨਿਗਮ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਲਗਾਏ ਪੌਦੇ

### ਰੁੱਖਾਂ ਦੀ ਸੰਭਾਲ ਵੀ ਦਰੱਖਤ ਲਗਾਉਣ ਜਿੰਨਾਂ ਹੀ ਜ਼ਰੂਰੀ : ਨਿਗਮ ਕਮਿਸ਼ਨਰ



ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਗੋਲਾਬਾਗ ਦੇ ਚਿਲਡਰਨ ਪਾਰਕ ਵਿੱਚ ਰੁੱਖ ਲਗਾਏ। ਨਗਰ ਨਿਗਮ ਅਤੇ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ (ਏ.ਬੀ.ਡਬਲਯੂ.ਐਸ.ਐਸ) ਪ੍ਰੋਜੈਕਟ ਤਹਿਤ ਕਰਵਾਏ ਗਏ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਨੂੰ ਵਾਤਾਵਰਨ ਸੁਰੱਖਿਆ ਪ੍ਰਤੀ ਜਾਗਰੂਕ ਕਰਨਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਲਦੀ ਹੀ ਬਰਸਾਤ ਦਾ ਮੌਸਮ ਸ਼ੁਰੂ ਹੋਣ ਜਾ ਰਿਹਾ ਹੈ, ਜੋ ਕਿ ਰੁੱਖ ਲਗਾਉਣ ਲਈ ਸਭ ਤੋਂ ਢੁੱਕਵਾਂ ਮੌਸਮ ਹੈ। ਇਸ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਲੋਕਾਂ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਅਧਾਰੀਆਂ ਨੂੰ ਚਾਹੀਦਾ ਹੈ, ਕਿ ਉਹ ਆਪਣੇ ਦਫ਼ਤਰਾਂ ਵਿੱਚ ਜਿੱਥੇ ਵੀ ਜਗ੍ਹਾ ਉਪਲੱਬਧ ਹੋਵੇ, ਰੁੱਖ ਲਗਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੌਦੇ ਲਗਾਉਣ ਤੋਂ ਬਾਅਦ ਅਕਸਰ ਲੋਕ ਉਹਨਾਂ ਦੀ ਸੰਭਾਲ ਨਹੀਂ ਕਰਦੇ, ਜਿਸ ਕਾਰਨ ਰੁੱਖ ਬਾਲਗ ਹੋਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਸ ਲਈ ਰੁੱਖ ਲਗਾਉਣ ਦੇ ਨਾਲ-ਨਾਲ ਉਹਨਾਂ ਨੂੰ ਸਮੇਂ ਸਿਰ ਪਾਣੀ ਦੇਣਾ ਅਤੇ ਰੁੱਖ ਦੇ ਵੱਡੇ ਹੋਣ ਤੱਕ ਉਨ੍ਹਾਂ ਦੀ ਦੇਖਭਾਲ ਕਰਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਏ.ਬੀ.ਡਬਲਯੂ.ਐਸ.ਐਸ ਦੇ ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਣੀ (ਸੇਵਾਮੁਕਤ ਮੁੱਖ ਇੰਜੀਨੀਅਰ) ਨੇ ਕਿਹਾ ਕਿ ਪ੍ਰੋਜੈਕਟ ਅਧੀਨ, ਕੱਟੇ ਗਏ ਹਰੇਕ ਰੁੱਖ ਲਈ ਦਸ ਰੁੱਖ ਲਗਾਉਣ ਦਾ ਪ੍ਰਾਵਧਾਨ ਹੈ ਅਤੇ ਹੁਣ ਤੱਕ ਪ੍ਰੋਜੈਕਟ ਵਿੱਚ 329 ਰੁੱਖ ਕੱਟੇ ਜਾ ਚੁੱਕੇ ਹਨ ਅਤੇ ਜਿਸ ਤਹਿਤ ਲੱਗਭੱਗ 3300 ਰੁੱਖ ਲਗਾਏ ਜਾਣੇ ਹਨ ਅਤੇ ਹੁਣ ਤੱਕ 2135 ਰੁੱਖ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਵਿੱਚ ਬਣ ਰਹੀਆਂ ਟੈਂਕੀਆਂ ਦੇ ਆਲੇ-ਦੁਆਲੇ ਪਾਰਕ ਵਿਕਸਤ ਕੀਤੇ ਜਾਣਗੇ ਅਤੇ ਉੱਥੇ ਵੀ ਰੁੱਖ ਲਗਾਏ ਜਾਣਗੇ। ਇਸ ਮੌਕੇ 'ਤੇ, ਵੱਲਾ ਵਿੱਚ ਪਲਾਸਟਿਕ ਦੇ ਕੂੜੇ ਨੂੰ ਸਾਫ਼ ਕਰਨ ਦੀ ਮੁਹਿੰਮ ਚਲਾਈ ਕੀਤੀ ਗਈ ਅਤੇ ਰੁੱਖ ਲਗਾਏ ਗਏ। ਇਸ ਮੌਕੇ ਡਿਪਟੀ ਪ੍ਰੋਜੈਕਟ ਮੈਨੇਜਰ ਨਰਿੰਦਰਪਾਲ ਸਿੰਘ, ਲਾਰਸਨ ਐਂਡ ਟੂਬਰੋ ਦੇ ਪ੍ਰੋਜੈਕਟ ਮੈਨੇਜਰ ਰਾਹੁਲ ਪਟੇਲ, ਅਸ਼ਵਨੀ ਕੁਮਾਰ, ਸੁਖਬੀਰ ਸਿੰਘ, ਐਸਡੀਓ ਰਣਜੀਤ ਸਿੰਘ, ਹਰਪ੍ਰੀਤ ਸਿੰਘ, ਡਾ. ਮੋਨਿਕਾ ਸੱਭਰਵਾਲ ਆਦਿ ਵੀ ਮੌਜੂਦ ਸਨ।

## ਮੇਹਰ ਚੰਦ ਪੋਲੀਟੈਕਨਿਕ ਵਿਖੇ ਸੇਵਾ ਮੁਕਤੀ ਪਾਰਟੀ ਕਰਵਾਈ



ਜਲੰਧਰ, 5 ਜੂਨ, (ਸੰਦੀਪ ਕੌਲ) : ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ ਵਿਖੇ ਇਲੈਕਟ੍ਰੀਕਲ ਵਿਭਾਗ ਦੇ ਮੁੱਖੀ ਸ੍ਰੀ ਕਸ਼ਮੀਰ ਕੁਮਾਰ ਦੀ 38 ਸਾਲਾਂ ਦੀ ਸੇਵਾ ਤੋਂ ਬਾਅਦ ਰਿਟਾਇਰਮੈਂਟ ਦੇ ਮੌਕੇ ਇੱਕ ਭਰਵਾਂ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਪ੍ਰਿੰਸੀਪਲ ਡਾ. ਜਗਰੂਪ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਕਸ਼ਮੀਰ ਕੁਮਾਰ ਨੇ ਆਪਣੀ ਨੌਕਰੀ 38 ਸਾਲਾਂ ਤੱਕ ਬੜੀ ਇਮਾਨਦਾਰੀ, ਲਗਨ ਅਤੇ ਨਿਸ਼ਠਾ ਨਾਲ ਨਿਭਾਈ ਹੈ। ਉਹਨਾਂ ਨੇ ਕਾਲਜ ਅਤੇ ਵਿਭਾਗ ਦੀ ਤਰੱਕੀ ਲਈ ਬਹੁਤ ਯੋਗਦਾਨ ਪਾਇਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ ਨਾਲ ਕਾਲਜ ਦੇ ਸਾਰੇ ਸਟਾਫ ਮੈਂਬਰ ਵੀ ਹਾਜ਼ਰ ਸਨ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਡਾ. ਸੰਜੇ ਬਾਂਸਲ, ਸ੍ਰੀਮਤੀ ਮੰਜੂ ਮੰਨਚੰਦਾ, ਸ੍ਰੀਮਤੀ ਰਿਚਾ ਅਰੋੜਾ, ਸ੍ਰੀ ਪ੍ਰਿੰਸ ਮਦਾਨ, ਤ੍ਰਿਲੋਕ ਸਿੰਘ, ਸੁਸ਼ੀਲ ਕੁਮਾਰ, ਸ੍ਰੀ ਸੁਧਾਂਸ਼ੂ ਨਾਗਪਾਲ ਅਤੇ ਸ੍ਰੀ ਕਪਿਲ ਉਹਰੀ ਸ਼ਾਮਲ ਸਨ।ਇਸ ਪ੍ਰੋਗਰਾਮ ਦਾ ਇੰਤਜ਼ਾਮ ਸ੍ਰੀ ਵਿਕ੍ਰਮਜੀਤ ਸਿੰਘ ਅਤੇ ਇਲੈਕਟ੍ਰੀਕਲ ਵਿਭਾਗ ਦੇ ਸਟਾਫ ਵੱਲੋਂ ਕੀਤਾ ਗਿਆ। ਪ੍ਰਿੰਸੀਪਲ ਸਾਹਿਬ ਅਤੇ ਵੱਖ-ਵੱਖ ਵਿਭਾਗਾਂ ਦੇ ਸਟਾਫ ਵੱਲੋਂ ਸ੍ਰੀ ਕਸ਼ਮੀਰ ਕੁਮਾਰ ਨੂੰ ਸਮ੍ਰਿਤੀ ਚਿੰਨ੍ਹ ਅਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਸ੍ਰੀ ਕਸ਼ਮੀਰ ਕੁਮਾਰ ਵੱਲੋਂ ਕਾਲਜ ਨੂੰ 21,000 ਰੁਪਏ ਦੇ ਮੇਜ਼ ਕੁਰਸੀਆਂ ਦਾਨ ਕੀਤੇ ਗਏ। ਜਿੱਥੇ ਸ੍ਰੀ ਗਗਨ ਸ਼ਰਮਾ ਨੇ ਮੰਚ ਦਾ ਸੰਚਾਲਨ ਸੁਚੱਜਤਾ ਨਾਲ ਕੀਤਾ, ਉੱਥੇ ਇਹ ਵਿਦਾਈ ਸਮਾਰੋਹ ਬਹੁਤ ਹੀ ਖੁਸ਼ੀਭਰੇ ਮਾਹੌਲ ਵਿੱਚ ਸੰਪੰਨ ਹੋਇਆ।ਅੰਤ ਵਿੱਚ ਕਸ਼ਮੀਰ ਕੁਮਾਰ ਨੇ ਇਸ ਕਾਲਜ ਨਾਲ ਜੁੜੀਆਂ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ।

## ਵਿਸ਼ਵ ਵਾਤਾਵਰਨ ਦਿਵਸ 'ਤੇ 250 ਅਧਿਆਪਕਾਂ ਲਈ ਮਾਸਟਰ ਸਿਖਲਾਈ ਦਾ ਕਰਵਾਈ



ਅੰਮ੍ਰਿਤਸਰ, 5 ਜੂਨ, (ਗੁਰਦਿਆਲ ਸਿੰਘ) : ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ, ਪੰਜਾਬ ਵਿੱਚ ਵੱਧ ਰਹੇ ਹਵਾ ਪ੍ਰਦੂਸ਼ਨ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਵੱਲ ਇੱਕ ਵਿਆਪਕ ਕਦਮ ਚੁੱਕਦੇ ਹੋਏ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਸ਼੍ਰੀ ਭਗਤਵਾਲਾ ਵਿਖੇ 250 ਅਧਿਆਪਕਾਂ ਦੀ ਮਾਸਟਰ ਸਿਖਲਾਈ ਦਾ ਆਯੋਜਨ ਕੀਤਾ ਗਿਆ। ਇਹ ਇੱਕ ਰੋਜ਼ਾ ਸਿਖਲਾਈ ਕਲੀਨ ਏਅਰ ਪੰਜਾਬ, ਏਅਰ ਕੇਅਰ ਸੈਂਟਰ, ਫੁਲਕਾਰੀ ਅਤੇ ਵਾਇਸ ਆਫ ਅੰਮ੍ਰਿਤਸਰ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ। ਸਿਖਲਾਈ ਸੈਸ਼ਨ ਦੌਰਾਨ, ਉਨ੍ਹਾਂ ਨੂੰ ਲਾਈਵ ਏਅਰ ਕੁਆਲਿਟੀ ਨਿਗਰਾਨੀ ਨਾਲ ਸਬੰਧਤ ਤਕਨੀਕਾਂ ਤੋਂ ਜਾਣੂੰ ਕਰਵਾਇਆ ਗਿਆ। ਇਹ ਲਾਭਪਾਤਰੀ ਸਿਖਿਆਰਥੀ ਹੁਣ ਇਸ ਗਿਆਨ ਨੂੰ ਆਪਣੇ ਸਕੂਲਾਂ ਅਤੇ ਭਾਈਚਾਰਿਆਂ ਵਿੱਚ ਵਾਪਸ ਫੈਲਾਉਣਗੇ, ਜਿਸ ਨਾਲ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੇਗੀ।

ਸਿੱਖਿਆ ਸ਼ਾਸਤਰੀ ਅਤੇ ਕਲੀਨ ਏਅਰ ਪੰਜਾਬ ਦੀ ਮੈਂਬਰ, ਸ਼ਵੇਤਾ ਮਹਿਤਾ ਨੇ ਇਸ ਮੌਕੇ 'ਤੇ ਕਿਹਾ ਕਿ ਉਹ ਨਾ ਸਿਰਫ਼ ਸਿਖਲਾਈ ਦੇ ਰਹੇ ਹਨ ਬਲਕਿ ਇੱਕ ਮੁਹਿੰਮ ਵੀ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ 250 ਸਿਖਿਆਰਥੀਆਂ ਰਾਹੀਂ ਸੈਂਕੜੇ ਬੱਚਿਆਂ ਨੂੰ ਸਸ਼ਕਤ ਬਣਾਇਆ ਜਾਵੇਗਾ। ਸਿਖਲਾਈ ਵਿੱਚ ਪਰਾਲੀ ਸਾੜਨ, ਵਾਹਨਾਂ ਤੋਂ ਨਿਕਲਣ ਵਾਲੇ ਨਿਕਾਸ, ਵਧਦਾ ਤਾਪਮਾਨ ਅਤੇ ਘਟਦੇ ਹਰੇ ਖੇਤਰਾਂ ਵਰਗੇ ਪ੍ਰਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।

ਪੰਜਾਬ ਵਿੱਚ ਔਰਤਾਂ ਦੇ ਸਭ ਤੋਂ ਵੱਡੇ ਨੈੱਟਵਰਕ, ਫੁਲਕਾਰੀ ਦੀ ਸੰਯੁਕਤ ਰਾਸ਼ਟਰੀ ਮੁਖੀ ਨਿਧੀ ਸਿੰਧਵਾਨੀ ਨੇ ਵੀ ਚਿੰਤਾ ਪ੍ਰਗਟ ਕੀਤੀ ਕਿ ਜਲਵਾਯੂ ਪਰਿਵਰਤਨ ਕਿਸਾਨਾਂ, ਔਰਤਾਂ ਅਤੇ ਛੋਟੇ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸਦਾ ਹੱਲ ਹੁਣ ਲੋਕਾਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਹੈ।

ਸਕੂਲ ਪ੍ਰਿੰਸੀਪਲ ਜਸਪਾਲ ਕੌਰ ਨੇ ਖੁਸ਼ੀ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਸਕੂਲ ਨੇ ਇਸ ਪਹਿਲਕਦਮੀ ਵਿੱਚ ਹਿੱਸਾ ਲਿਆ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਮੁਹਿੰਮ ਨੂੰ ਨੇੜਲੇ ਭਵਿੱਖ ਵਿੱਚ ਹੋਰ ਸਕੂਲਾਂ ਰਾਹੀਂ ਮਜ਼ਬੂਤ ਕੀਤਾ ਜਾਵੇਗਾ।

## ਨਿੱਕੇ ਬੱਚਿਆਂ ਦੀ ਈ. ਸੀ. ਸੀ. ਈ. ਤਹਿਤ ਸਕੂਲ ਰਜਿਸਟਰਡ ਕਰਵਾਉਣ ਦੀ ਹਦਾਇਤ



ਅੰਮ੍ਰਿਤਸਰ, 5 ਜੂਨ, (ਬਬਲੂ ਮਹਾਜਨ) : ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਪ੍ਰੀਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲਾਂ ਜੋ ਕਿ ਅਰਲੀ ਚਾਈਲਡ ਕੇਅਰ ਐਂਡ ਐਜੂਕਸ਼ਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਨੂੰ ਰਜਿਸਟਰ ਕਰਨ ਲਈ ਨੋਟੀਫੇਕੇਸ਼ਨ ਜਾਰੀ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਸ਼੍ਰੀਮਤੀ ਮੀਨਾ ਦੇਵੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ 3-6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਗਈ ਹੈ। ਜਿਹਨਾਂ ਸਕੂਲਾਂ ਵਲੋਂ ਹਲੇ ਤੱਕ ਵੀ ਆਪਣੇ ਸਕੂਲ ਦੀ ਰਜਿਸਟ੍ਰੇਸ਼ਨ ਨਹੀਂ ਕਰਵਾਈ ਗਈ ਉਹਨਾਂ ਲਈ 31 ਜੂਨ ਤੱਕ ਆਪਣੇ ਸਕੂਲ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ। ਇਸ ਸਬੰਧ ਵਿੱਚ ਵਿਭਾਗ ਦੀ ਵੈਬਸਾਈਟ ਤੇ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਰਜਿਸਟ੍ਰੇਸ਼ਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ 24, ਮਜੀਠਾ ਰੋਡ ਅੰਮ੍ਰਿਤਸਰ ਵਿਖੇ ਹੋਵੇਗੀ। ਅਣਰਜਿਸਟਰਡ ਸੰਸਥਾਵਾਂ ਵਿਰੁੱਧ ਵਿਭਾਗੀ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਰਜਿਸਟ੍ਰੇਸ਼ਨ ਲਾਜ਼ਮੀ ਬਣਾਉਣ ਲਈ ਤੁਰੰਤ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਜ਼ਿਲ੍ਹਾ ਅੰਮ੍ਰਿਤਸਰ ਨਾਲ ਤਾਲਮੇਲ ਕਰ ਕੇ ਐਪਲੀਕੇਸ਼ਨ ਫਾਰਮ ਨੰਬਰ-1 ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਰਜਿਸਟ੍ਰੇਸ਼ਨ ਦੌਰਾਨ ਕਿਸੇ ਕਿਸਮ ਦੀ ਪ੍ਰੇਸ਼ਾਨੀ ਹੁੰਦੀ ਹੈ, ਤਾਂ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਅੰਮ੍ਰਿਤਸਰ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਹਰੇਕ ਪਲੇਅ-ਵੇਅ ਸਕੂਲ ਨੂੰ ਰਜਿਸਟਰਡ ਕਰਵਾਉਣਾਂ ਲਾਜਮੀ ਹੈ। ਜ਼ਿਲ੍ਹੇ ਅਧੀਨ ਸਾਰੇ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ ਵੇਅ ਸਕੂਲਾਂ ਦੀ ਚੈਕਿੰਗ ਕੀਤੀ ਜਾਵੇਗੀ। ਜੇਕਰ ਕੋਈ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲ ਪਾਲਿਸੀ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦੇ ਹਨ ਤਾਂ ਉਸ ਨੂੰ ਬੰਦ ਕਰ ਦਿੱਤਾ ਜਾਵੇਗਾ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਚੱਲ ਰਹੇ ਚਾਰ ਰੋਜ਼ਾ ਅਧਿਆਪਕ ਸੈਮੀਨਾਰ ਸੰਪੰਨ



ਅੰਮ੍ਰਿਤਸਰ, 5 ਜੂਨ, (ਗੁਰਦਿਆਲ ਸਿੰਘ) : ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਇੰਦਰਬੀਰ ਸਿੰਘ ਨਿੱਜਰ ਜੀ ਦੇ ਮਾਰਗਦਰਸ਼ਨ ਸਦਕਾ ਤਰਨ ਤਰਨ ਜ਼ਿਲ੍ਹੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵਿੱਚ 2 ਜੂਨ ਤੋਂ ਲੈ ਕੇ 5 ਜੂਨ ਤੱਕ ਚੱਲਣ ਵਾਲੇ ਚਾਰ ਰੋਜ਼ਾ ਸੈਮੀਨਾਰ ਦੇ ਅੰਤਿਮ ਦਿਨ ਵੱਖ ਵੱਖ ਵਿਸ਼ਿਆਂ ਨਾਲ ਸਬੰਧਿਤ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪੱਟੀ ਦੇ ਪ੍ਰਿੰਸੀਪਲ ਜਸਬੀਰ ਕੌਰ ਸੈਣੀ ਅਤੇ ਚੀਫ ਖਾਲਸਾ ਦੀਵਾਨ ਦੇ ਸੁਲਤਾਨਵਿੰਡ ਲਿੰਕ ਰੋਡ ਸਕੂਲ ਦੇ ਅਧਿਆਪਕਾਂ ਨੇ ਰਿਸੋਰਸ ਪਰਸਨ ਵਜੋਂ ਭੂਮਿਕਾ ਨਿਭਾਈ। ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਜੀ ਨੇ ਰਿਸੋਰਸ ਪਰਸਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਉਹਨਾਂ ਦਾ ਸਵਾਗਤ ਕੀਤਾ । ਪੱਟੀ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਬੀਰ ਕੌਰ ਸੈਣੀ ਜੀ ਨੇ ਵੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਬਾਰੇ ਅਧਿਅਪਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ । ਚੀਫ ਖਾਲਸਾ ਦੀਵਾਨ ਦੇ ਸੁਲਤਾਨਵਿੰਡ ਲਿੰਕ ਰੋਡ ਸਕੂਲ ਦੇ ਅਧਿਆਪਕਾਂ ਨੇ ਸਾਰੇ ਸਕੂਲਾਂ ਦੇ ਕਿੰਡਰ ਗਾਰਟਨ ਅਧਿਆਪਕਾਂ ਨੂੰ ਗਤੀਵਿਧੀਆਂ ਅਧਾਰਤ ਸਿੱਖਿਆ ਬਾਰੇ ਜਾਣਕਾਰੀ ਹਾਸਲ ਕਰਵਾਈ ਅਤੇ ਦੱਸਿਆ ਕਿ ਇਸ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਕਿਰਿਆਸ਼ੀਲ ਰੂਪ ਵਿੱਚ ਸਿੱਖਣ ਨੂੰ ਮੱਦਦ ਮਿਲਦੀ ਹੈ, ਜਿਸ ਨਾਲ ਉਹ ਬਹੁਤ ਹੀ ਸੌਖੇ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝ ਲੈਂਦੇ ਹਨ। ਇਸ ਸਿਖਲਾਈ ਪ੍ਰੋਗਰਾਮ ਵਿੱਚ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਰਦਾਰ ਹਰਜੀਤ ਸਿੰਘ ਜੀ, ਉੱਪ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਰਦਾਰ ਗੁਰਿੰਦਰ ਸਿੰਘ ਜੀ, ਮੈਂਬਰ ਇੰਚਾਰਜ ਸਰਦਾਰ ਨਵਜੋਤ ਸਿੰਘ ਜੀ ਅਤੇ ਸਰਦਾਰ ਰਣਦੀਪ ਸਿੰਘ ਜੀ ਨੇ ਕਿਹਾ ਕਿ ਇਹਨਾਂ ਸਿਖਲਾਈ ਪ੍ਰੋਗਰਾਮਾ ਰਾਹੀਂ ਅਧਿਆਪਕਾਂ ਨੂੰ ਸਿੱਖਣ ਕੌਸ਼ਲ, ਭਰਪੂਰ ਗਿਆਨ, ਕੌਸ਼ਲ ਵਿਕਾਸ, ਨੈਟਵਰਕ ਨਿਰਮਾਣ ਅਤੇ ਨਵੀਆਂ ਸਿੱਖਣ ਵਿਧੀਆਂ ਨੂੰ ਜਾਣਨ ਦਾ ਮੌਕਾ ਮਿਲਦਾ ਹੈ ਅਤੇ ਉਹਨਾਂ ਲਈ ਬਹੁਤ ਹੀ ਲਾਭਕਾਰੀ ਸਿੱਧ ਹੁੰਦਾ ਹੈ। ਇਨ੍ਹਾਂ ਸੈਮੀਨਾਰਾਂ ਤੋਂ ਅਧਿਆਪਕਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ, ਕਿਉਂਕਿ ਸਿੱਖਣ ਦੀ ਕੋਈ ਵੀ ਉਮਰ ਨਹੀਂ ਹੁੰਦੀ। ਇਸ ਲਈ ਅਧਿਆਪਕਾਂ ਨੂੰ ਹਮੇਸ਼ਾ ਸਿੱਖਦੇ ਰਹਿਣਾ ਚਾਹੀਦਾ ਹੈ । ਸਕੂਲ ਦੇ ਪ੍ਰਿੰਸੀਪਲ ਸਰਦਾਰ ਸਤਵੰਤ ਸਿੰਘ ਬੈਂਸ ਜੀ ਨੇ ਕਿਹਾ ਕਿ ਅੱਜ ਦਾ ਯੁਗ ਤਕਨੀਕੀ ਵਿਕਾਸ ਦਾ ਯੁੱਗ ਹੈ।ਅੱਜ ਦੇ ਬੱਚਿਆਂ ਨੂੰ ਉਹਨਾਂ ਦੀ ਰੁਚੀ ਅਤੇ ਸਮਰੱਥਾ ਦੇ ਅਨੁਸਾਰ ਸਿਖਾਉਣਾ ਬਹੁਤ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਦੀ ਯੋਗਤਾ ਨੂੰ ਸੁਧਾਰਨ ਦੇ ਲਈ ਭਵਿੱਖ ਵਿੱਚ ਵੀ ਇਹੋ ਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਵਾਉਣਾ ਬਹੁਤ ਜਰੂਰੀ ਹੈ। ਇਸ ਸਿਖਲਾਈ ਪ੍ਰੋਗਰਾਮ ਵਿੱਚ ਚੌਥੇ ਅਤੇ ਅੰਤਿਮ ਦਿਨ ਉੱਪਰ ਤਰਨ ਤਰਨ ਸਕੂਲ ਤੋਂ ਇਲਾਵਾ ਪੱਟੀ, ਅਸਲ ਉਤਾਰ ਅਤੇ ਚੀਫ ਖਾਲਸਾ ਦੀਵਾਨ ਦੇ ਸਾਰੇ ਕਿੰਡਰ ਗਾਰਟਨ ਸਕੂਲ ਦੇ ਅਧਿਆਪਕ ਸਾਹਿਬਾਨ ਵੀ ਸ਼ਾਮਲ ਹੋਏ ।

## ਠਾਕੁਰ ਬਾਂਕੇ ਬਿਹਾਰੀ ਮੰਦਰ ਦਾ ਗਲਿਆਰਾ ਬਣਾਉਣਾ ਬਹੁਤ ਜ਼ਰੂਰੀ : ਹੇਮਾ ਮਾਲਿਨੀ



ਮਥੁਰਾ, 5 ਜੂਨ (ਚ.ਨ.ਸ.): ਠਾਕੁਰ ਬਾਂਕੇ ਬਿਹਾਰੀ ਮੰਦਰ ਦਾ ਗਲਿਆਰਾ ਬਣਾਉਣ ਨੂੰ ਲੈ ਕੇ ਘਮਸਾਨ ਮਚਿਆ ਹੋਇਆ ਹੈ। ਵਿਰੋਧ ਕਰ ਰਹੇ ਲੋਕਾਂ ਨੂੰ ਮਨਾਉਣ ਵਿਚ ਪ੍ਰਸ਼ਾਸਨਿਕ ਅਧਿਕਾਰੀ ਲੱਗੇ ਹੋਏ ਹਨ ਪਰ ਹਾਲੇ ਤੱਕ ਕੋਈ ਸਹਿਮਤੀ ਨਹੀਂ ਬਣੀ। ਇਸ ਦੌਰਾਨ ਫਿਲਮ ਅਦਾਕਾਰਾ ਤੇ ਮਥੁਰਾ ਤੋਂ ਭਾਜਪਾ ਸੰਸਦ ਮੈਂਬਰ ਹੇਮਾ ਮਾਲਿਨੀ ਨੇ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਹੇਅਰ ਡਰੈਸਰ ਨੂੰ ਮੰਦਰ ਵਿਚ ਭੀੜ ਵਿਚੋਂ ਵਾਲ ਫੜ ਕੇ ਖਿੱਚਿਆ ਗਿਆ, ਉਹ ਬਹੁਤ ਰੋਈ। ਮੈਨੂੰ ਵੀ ਭੀੜ ਕਾਰਨ ਮੰਦਰ ਜਾਣ ਤੋਂ ਡਰ ਲੱਗਦਾ ਹੈ। ਮੌਜੂਦਾ ਹਾਲਤ ਬਹੁਤ ਖ਼ਰਾਬ ਹਨ। ਔਰਤਾਂ ਦਰਸ਼ਨ ਕਰਨ ਜਾਣ ਤੋਂ ਡਰਦੀਆਂ ਹਨ। ਪ੍ਰਬੰਧਾਂ ਲਈ ਗਲਿਆਰਾ ਬਹੁਤ ਜ਼ਰੂਰੀ ਹੈ। ਇਸ ਗੱਲ ਨੂੰ ਸਾਰੇ ਸਮਝਣ। ਇਕੋ ਸਮੇਂ 10 ਹਜ਼ਾਰ ਲੋਕ ਗਲਿਆਰੇ ਵਿਚ ਰੁਕ ਸਕਦੇ ਹਨ। ਤਿਰੁਪਤੀ ਬਾਲਾ ਜੀ ਮੰਦਰ ਵਾਂਗ ਟੋਕਨ ਸਿਸਟਮ ਨਾਲ ਦਰਸ਼ਨ ਹੋਣਗੇ। ਕਿਸੇ ਨੂੰ ਵੀ ਮੁਸ਼ਕਲ ਨਹੀਂ ਹੋਵੇਗੀ। ਬੀਤੇ ਦਿਨ ਵਰਿੰਦਾਵਨ ਸਥਿਤ ਆਪਣੀ ਰਿਹਾਇਸ਼ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਹੇਮਾ ਨੇ ਸਵਾਲ ਕੀਤਾ ਕਿ ਸੇਵਾਦਾਰ ਗਲਿਆਰੇ ਤੇ ਮੰਦਰ ਲਈ ਟਰੱਸਟ ਬਣਾਉਣ ਦਾ ਵਿਰੋਧ ਕਿਉਂ ਕਰ ਰਹੇ ਹਨ। ਉਹ ਜਿਵੇਂ ਸੇਵਾ ਪੂਜਾ ਅੱਜ ਕਰ ਰਹੇ ਹਨ, ਉਸੇ ਤਰ੍ਹਾਂ ਬਾਅਦ ਵਿਚ ਵੀ ਕਰਦੇ ਰਹਿਣਗੇ। ਗਲਿਆਰਾ ਬਣਨ ਨਾਲ ਇਥੇ ਪ੍ਰਬੰਧ ਸਹਿਜ ਹੋ ਜਾਣਗੇ। ਗਲਿਆਰੇ ਵਿਚ ਦੁਕਾਨਾਂ ਬਣਨ ਨਾਲ ਵਪਾਰ ਵੀ ਵਧੇਗਾ।

## ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਦੇ ਟੈਕਸ ਤੇ ਖ਼ਰਚ ਕਟੌਤੀ ਬਿੱਲ ਨੂੰ 'ਘਿਨਾਉਣਾ' ਦੱਸਿਆ



ਵਾਸ਼ਿੰਗਟਨ, 5 ਜੂਨ (ਚ.ਨ.ਸ.): ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਕਸ ਤੇ ਖ਼ਰਚ ਕਟੌਤੀ ਬਿਲ ਨੂੰ 'ਘਿਨਾਉਣਾ' ਦੱਸਿਆ ਹੈ। ਰਿਪਬਲਿਕਨ ਪਾਰਟੀ ਦੇ ਵਿਧਾਨਕ ਏਜੰਡੇ ਦਾ ਕੇਂਦਰ ਬਿੰਦੂ ਮੰਨੇ ਜਾਣ ਵਾਲੇ ਬਿਲ ਨੂੰ ਨਿਸ਼ਾਨਾ ਬਣਾਉਂਦੇ ਹੋਏ ਮਸਕ ਦਾ ਬਿਆਨ, ਰਿਪਬਲਿਕਨ ਪਾਰਟੀ ਵਿਚ ਉਸ ਦੇ ਪ੍ਰਭਾਵ ਦੀ ਪ੍ਰੀਖਿਆ ਹੋਵੇਗਾ। ਮਸਕ ਨੇ ਇਹ ਟਿੱਪਣੀ ਅਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਅਜਿਹੇ ਸਮੇਂ ਕੀਤੀ ਹੈ ਜਦੋਂ ਕੁੱਝ ਦਿਨ ਪਹਿਲਾਂ ਹੀ ਰਾਸ਼ਟਰਪਤੀ ਟਰੰਪ ਨੇ 'ਓਵਲ ਆਫ਼ਿਸ' (ਅਮਰੀਕਾ ਦੇ ਰਾਸ਼ਟਰਪਤੀ ਦਾ ਦਫ਼ਤਰ) ਵਿਚ ਉਨ੍ਹਾਂ ਦੇ ਸਨਮਾਨ ਵਿਚ ਇਕ ਵਿਦਾਇਗੀ ਸਮਾਗਮ ਕਰਵਾਇਆ ਸੀ। ਮਸਕ ਕੁਝ ਦਿਨ ਪਹਿਲਾਂ ਸਰਕਾਰੀ ਕੁਸ਼ਲਤਾ ਵਿਭਾਗ ਦੀ ਅਗਵਾਈ ਕਰ ਰਹੇ ਸਨ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਇਸ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਮਸਕ ਨੇ ਲਿਖਿਆ, "ਮੈਨੂੰ ਮਾਫ਼ ਕਰਨਾ ਪਰ ਮੈਂ ਇਸ ਨੂੰ ਹੋਰ ਨਹੀਂ ਬਰਦਾਸ਼ਤ ਕਰ ਸਕਦਾ।" ਉਨ੍ਹਾਂ ਕਿਹਾ, "ਖ਼ਰਚਿਆਂ ਸਬੰਧੀ ਸੰਸਦ ਦਾ ਇਹ ਬਹੁਤ ਅਪਮਾਨਜਨਕ, ਤੇ ਘਟੀਆ ਬਿਲ ਘਿਨਾਉਣਾ ਹੈ। ਸ਼ਰਮ ਆਉਣੀ ਚਾਹੀਦੀ ਹੈ ਉਨ੍ਹਾਂ ਲੋਕਾਂ 'ਤੇ ਜਿਨ੍ਹਾਂ ਨੇ ਇਸ ਲਈ ਵੋਟ ਪਾਈ: ਤੁਸੀਂ ਜਾਣਦੇ ਹੋ ਕਿ ਤੁਸੀਂ ਗਲਤ ਕੀਤਾ ਹੈ। ਤੁਸੀਂ ਇਹ ਜਾਣਦੇ ਹੋ।" ਇਹ ਬਿਲ ਪ੍ਰਤੀਨਿੱਧੀ ਸਭਾ ਵਿਚ ਪਾਸ ਹੋ ਗਿਆ ਹੈ ਤੇ ਸੈਨੇਟ ਵਿਚ ਇਸ 'ਤੇ ਚਰਚਾ ਹੋਣੀ ਹੈ। ਇਹ ਬਿਲ ਮਸਕ ਦੀ ਇਲੈਕਟ੍ਰਿਕ ਵਾਹਨ ਨਿਰਮਾਤਾ ਕੰਪਨੀ ਟੇਸਲਾ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿਚ ਕਟੌਤੀ ਕਰੇਗਾ। ਮਸਕ ਨੇ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਨੂੰ ਧਮਕੀ ਭਰੀ ਪੋਸਟ ਵਿਚ ਲਿਖਿਆ, "ਅਗਲੇ ਸਾਲ ਨਵੰਬਰ ਵਿਚ, ਅਸੀਂ ਉਨ੍ਹਾਂ ਸਾਰੇ ਨੇਤਾਵਾਂ ਨੂੰ ਬਰਖ਼ਾਸਤ ਕਰ ਦੇਵਾਂਗੇ, ਜਿਨ੍ਹਾਂ ਨੇ ਅਮਰੀਕੀ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ।" ਇਹ ਦੁਨੀਆ ਦੇ ਸੱਭ ਤੋਂ ਅਮੀਰ ਆਦਮੀ, ਮਸਕ ਦੇ ਰੁਖ਼ ਵਿਚ ਇਕ ਵੱਡੀ ਤਬਦੀਲੀ ਨੂੰ ਦਰਸਾਉਂਦਾ ਹੈ, ਜਿਸ ਨੇ ਪਿਛਲੇ ਸਾਲ ਟਰੰਪ ਦੀ ਚੋਣ ਮੁਹਿੰਮ ਦਾ ਸਮਰਥਨ ਕਰਨ ਲਈ ਘੱਟੋ-ਘੱਟ 25 ਕਰੋੜ ਖਰਚ ਕੀਤੇ ਸਨ। ਉਸ ਨੇ ਪਹਿਲਾਂ ਟਰੰਪ ਮਸਕ ਨੇ ਉਨ੍ਹਾਂ ਰਿਪਬਲਿਕਨ ਸਾਂਸਦਾਂ ਨੂੰ ਹਰਾਉਣ ਵਿਚ ਮਦਦ ਕਰਨ ਦੀ ਗੱਲ ਕਹੀ ਸੀ, ਜੋ ਟਰੰਪ ਪ੍ਰਤੀ ਜ਼ਿਆਦਾ ਵਫ਼ਾਦਾਰ ਨਹੀਂ ਮੰਨੇ ਜਾਂਦੇ ਸਨ ਪਰ ਹੁਣ ਉਹ ਸੁਝਾਅ ਦਿੰਦੇ ਦਿਖਾਈ ਦੇ ਰਹੇ ਹਨ ਕਿ ਜੇਕਰ ਕਾਨੂੰਨਸਾਜ਼ ਰਾਸ਼ਟਰਪਤੀ ਦੀਆਂ ਵਿਧਾਨਕ ਤਰਜੀਹਾਂ ਦਾ ਸਮਰਥਨ ਕਰਦੇ ਹਨ ਤਾਂ ਉਨ੍ਹਾਂ ਨੂੰ ਹਟਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਬਜਟ ਪੈਕੇਜ ਦਾ ਉਦੇਸ਼ ਟਰੰਪ ਦੇ ਰਾਸ਼ਟਰਪਤੀ ਵਜੋਂ ਪਹਿਲੇ ਕਾਰਜਕਾਲ ਦੌਰਾਨ 2017 ਵਿਚ ਮਨਜ਼ੂਰ ਕੀਤੀਆਂ ਟੈਕਸ ਕਟੌਤੀਆਂ ਨੂੰ ਵਧਾਉਣਾ ਅਤੇ ਇਸ ਵਿਚ ਨਵੀਆਂ ਟੈਕਸ ਕਟੌਤੀਆਂ ਸ਼ਾਮਲ ਕਰਨਾ ਹੈ। ਇਸ ਵਿਚ ਸਰਹੱਦੀ ਸੁਰੱਖਿਆ, ਦੇਸ਼ ਨਿਕਾਲੇ ਅਤੇ ਰਾਸ਼ਟਰੀ ਸੁਰੱਖਿਆ ਲਈ 350 ਅਰਬ ਡਾਲਰ ਦਾ ਵੱਡਾ ਬਜਟ ਵੀ ਸ਼ਾਮਲ ਹੈ।

## ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਬਾਣੀ, ਕੀਰਤਨ ਤੇ ਕਥਾ ਦੀ ਸਿਖਲਾਈ ਦਿੱਤੀ ਜਾ ਰਹੀ ਹੈ : ਗ੍ਰੰਥੀ ਸਿੰਘ

ਪੀਲੀਭੀਤ, 5 ਜੂਨ (ਚ.ਨ.ਸ.): ਪੀਲੀਭੀਤ ਦੇ ਇਲਾਕੇ ਟਾਟਰਗੰਜ ਵਿਚ ਲਾਲਚ ਦੇ ਕੇ ਈਸਾਈ ਬਣਾਏ ਗਏ ਗਰੀਬ ਸਿੱਖ ਪਰਿਵਾਰਾਂ ਵਿਚੋਂ ਬਹੁਤ ਸਾਰੇ ਲੋਕ ਸਿੱਖ ਧਰਮ ਵਿਚ ਪਰਤ ਆਏ ਹਨ। ਇੱਕ ਪੱਤਰਕਾਰਾਂ ਦੀ ਟੀਮ ਨੇ ਟਾਟਰਗੰਜ ਦੇ ਗ੍ਰੰਥੀ ਸਿੰਘ ਨਾਲ ਗੱਲਬਾਤ ਕੀਤੀ ਤਾਂ ਗ੍ਰੰਥੀ ਸਿੰਘ ਨੇ ਦੱਸਿਆ ਕਿ ਸਿੱਖੀ ਬਚਾਉਣ ਲਈ ਗਰੀਬ ਬੱਚਿਆਂ ਨੂੰ ਗੁਰਮਤਿ ਦੀ ਮੁਫ਼ਤ ਸਿਖਲਾਈ ਦਿੱਤੀ ਜਾ ਰਹੀ ਹੈ, ਹਾਲਾਂਕਿ ਇਥੇ ਸਥਿਤ ਗੁਰਮਤਿ ਵਿਦਿਆਲੇ ਦੀ ਛੱਤ ਟੁੱਟੀ ਪਈ ਹੈ ਅਤੇ ਹਾਲਾਤ ਤਰਸਯੋਗ ਹਨ। ਬੱਚਿਆਂ ਲਈ ਕੋਈ ਪੱਖਾ ਵੀ ਨਹੀਂ ਹੈ। ਇਲਾਕੇ ਵਿਚ ਗਰੀਬੀ ਹੋਣ ਕਰਕੇ ਲੋਕ ਈਸਾਈ ਧਰਮ ਵੱਲ ਜਾ ਰਹੇ ਹਨ। ਇਸ ਮੌਕੇ 'ਤੇ ਗ੍ਰੰਥੀ ਗੁਲਾਬ ਸਿੰਘ ਦਾ ਕਹਿਣਾ ਹੈ ਕਿ ਸਾਡੇ ਵੱਲੋਂ ਪਿਛਲੇ 4 ਸਾਲਾਂ ਤੋਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਬਾਣੀ, ਕੀਰਤਨ ਤੇ ਕਥਾ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਗਰੀਬ ਘਰਾਂ ਦੇ ਬੱਚੇ ਹੀ ਗੁਰਮਤਿ ਵੱਲ ਆ ਰਹੇ ਹਨ ਕਿਉਂਕਿ ਅਮੀਰ ਘਰਾਂ ਦੇ ਬੱਚੇ ਤਾਂ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ। ਗੁਲਾਬ ਸਿੰਘ ਦਾ ਕਹਿਣਾ ਹੈ ਕਿ ਮੈਨੂੰ ਹੋਰ ਗੁਰਦੁਆਰਾ ਸਾਹਿਬ ਤੋਂ ਪੇਸ਼ਕਸ਼ਾਂ ਆਈਆਂ ਹਨ ਪਰ ਮੈਂ ਬੱਚਿਆਂ ਨੂੰ ਸਿੱਖੀ ਵੱਲ ਪ੍ਰਮੁੱਖ ਕਰਨ ਲਈ ਕੰਮ ਕਰ ਰਿਹਾ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਬੱਚਿਆਂ ਨੂੰ ਸੰਭਾਲਣਾ ਹੈ, ਇਹ ਸਾਡੀ ਕੌਮ ਦਾ ਭਵਿੱਖ ਹਨ। ਗੁਲਾਬ ਸਿੰਘ ਦਾ ਕਹਿਣਾ ਹੈ ਕਿ ਸਾਡੀ ਕੌਮ ਸਿਰਫ ਨਵੇਂ ਗੁਰਦੁਆਰਾ ਬਣਾਉਣ ਤੱਕ ਸੀਮਿਤ ਰਹਿ ਗਈ ਹੈ। ਉਨ੍ਹਾਂ ਨੇ ਕਿਹਾ ਕਿ ਗੁਬੰਦ ਉਤੇ ਸੋਨਾ ਉਤਾਰ ਕੇ ਨਵਾਂ ਲਗਾਉਣ ਨਾਲ ਕੁੱਝ ਨਹੀਂ ਹੋਣਾ। ਜੇਕਰ ਬੱਚਿਆਂ ਨੂੰ ਬਚਾਉਣਾ ਹੈ ਤਾਂ ਗਰੀਬ ਇਲਾਕਿਆਂ ਵਿਚ ਮਦਦ ਦੇਣ ਦੀ ਲੋੜ ਹੈ।

## ਪਿੰਡ 'ਚ ਆਲੀਸ਼ਾਨ ਕੋਠੀ ਬਣਵਾ ਰਿਹਾ ਸੀ ਜਸਬੀਰ ਸਿੰਘ, ਗੁਆਂਢੀਆਂ ਨੇ ਦੱਸਿਆ ਕਿਵੇਂ ਕਰਦਾ ਸੀ ਕਮਾਈ



ਰੂਪਨਗਰ, 5 ਜੂਨ (ਚ.ਨ.ਸ.): ਪਿੰਡ ਵਿਚ ਹਰ ਕੋਈ ਇਹ ਸੁਣ ਕੇ ਹੈਰਾਨ ਹੈ ਕਿ ਯੂਟਿਊਬਰ ਜਸਬੀਰ ਸਿੰਘ ਆਪਣੇ ਦੇਸ਼ ਦੀ ਸੰਵੇਦਨਸ਼ੀਲ ਜਾਣਕਾਰੀ ਦੁਸ਼ਮਣ ਦੇਸ਼ ਪਾਕਿਸਤਾਨ ਨੂੰ ਦੇ ਰਿਹਾ ਸੀ। ਲੋਕ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰ ਰਹੇ। ਇਸ ਸਮੇਂ ਜਸਬੀਰ ਸਿੰਘ ਦੇ ਪਿੰਡ ਮਾਹਲਾ 'ਚ ਪੁਰਾਣੇ ਘਰ ਦੇ ਸਾਹਮਣੇ ਇਕ ਨਵੇਂ ਘਰ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਸ ਸਮੇਂ ਘਰ ਵਿੱਚ ਕੋਈ ਨਹੀਂ ਹੈ। ਪਿੰਡ ਵਾਸੀਆਂ ਅਨੁਸਾਰ ਤਿੰਨ ਏਕੜ ਜ਼ਮੀਨ ਦਾ ਮਾਲਕ ਜਸਬੀਰ ਸਿੰਘ ਖੇਤੀ ਕਰਦਾ ਹੈ ਤੇ ਜਾਨ ਮਾਲ ਦੇ ਨਾਂ ਹੇਠ ਇਕ ਯੂਟਿਊਬ ਚੈਨਲ ਤੇ ਫੇਸਬੁੱਕ ਪੇਜ ਚਲਾ ਰਿਹਾ ਹੈ। ਉਹ ਇਨ੍ਹਾਂ ਦੋਵਾਂ ਕੰਮਾਂ ਤੋਂ ਚੰਗੀ ਆਮਦਨ ਕਰ ਰਿਹਾ ਹੈ। ਜਸਬੀਰ ਸਿੰਘ ਪੰਜ ਸਾਲ ਪਹਿਲਾਂ ਨਾਰਵੇ ਤੋਂ ਵਾਪਸ ਆਇਆ ਸੀ ਤੇ ਪੰਜ ਸਾਲ ਉੱਥੇ ਕੰਮ ਕੀਤਾ। ਪਿੰਡ ਦੇ ਸਰਪੰਚ ਇੰਦਰਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੀ ਥੋੜ੍ਹੀ ਦੇਰ ਪਹਿਲਾਂ ਹੀ ਪਤਾ ਲੱਗਾ ਸੀ ਕਿ ਜਸਬੀਰ ਸਿੰਘ ਨੂੰ ਦੇਸ਼ ਲਈ ਜਾਸੂਸੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪਰ ਜਸਬੀਰ ਸਿੰਘ ਪਿੰਡ ਦੇ ਸਾਰਿਆਂ ਨਾਲ ਵਧੀਆ ਸਬੰਧ ਸਨ। ਜਸਬੀਰ ਸਿੰਘ ਦਾ ਭਰਾ ਪ੍ਰਿਤਪਾਲ ਸਿੰਘ ਇੱਕ ਠੇਕੇਦਾਰ ਹੈ। ਕਿਸਾਨ ਆਗੂ ਅਮਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਜਸਬੀਰ ਸਿੰਘ ਨੂੰ ਲੈ ਕੇ ਪਿੰਡ ਵਿੱਚ ਕਦੇ ਵੀ ਕਿਸੇ ਵਿਵਾਦ ਬਾਰੇ ਨਹੀਂ ਸੁਣਿਆ। ਬਾਕੀ ਅਜੇ ਵੀ ਜਾਂਚ ਦਾ ਵਿਸ਼ਾ ਹੈ, ਜੋ ਕਿ ਜਾਂਚ ਏਜੰਸੀਆਂ ਦੁਆਰਾ ਕੀਤਾ ਜਾ ਰਿਹਾ ਹੈ। ਜਸਬੀਰ ਸਿੰਘ ਦੀ ਮਾਂ ਮਨਜੀਤ ਕੌਰ ਅਤੇ ਪਿਤਾ ਮੋਹਨ ਸਿੰਘ ਦਾ ਪਹਿਲਾਂ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਹੈ ਅਤੇ ਪੁੱਤਰ ਮਹਿਕਪ੍ਰੀਤ ਸਿੰਘ ਹੈ। ਜਸਬੀਰ ਸਿੰਘ ਨੇ ਬੇਲਾ ਕਾਲਜ ਵਿੱਚ ਸਿਰਫ਼ ਬੀਏ ਦੂਜੇ ਸਾਲ ਤੱਕ ਪੜ੍ਹਾਈ ਕੀਤੀ ਹੈ। **ਤਿੰਨ ਵਾਰ ਪਾਕਿਸਤਾਨ ਗਿਆ:** ਜਸਬੀਰ ਸਿੰਘ ਤਿੰਨ ਵਾਰ ਪਾਕਿਸਤਾਨ ਜਾ ਚੁੱਕਾ ਹੈ। ਜਸਬੀਰ ਸਿੰਘ 2021, 2022 ਤੇ 2024 'ਚ ਪਾਕਿਸਤਾਨ ਗਿਆ ਸੀ। ਇਨ੍ਹਾਂ ਦੌਰਿਆਂ ਦੇ ਰਿਕਾਰਡ ਦੀ ਜਾਂਚ ਐਸਐਸਓਸੀ ਕੀਤੀ ਜਾ ਰਹੀ ਹੈ।

## ਗੁਰਦੁਆਰੇ 'ਤੇ ਅਧਿਕਾਰ ਦਾ ਦਾਅਵਾ ਕਰਨ ਵਾਲੀ ਦਿੱਲੀ ਵਕ.ਫ ਬੋਰਡ ਦੀ ਪਟੀਸ਼ਨ ਰੱਦ



ਨਵੀਂ ਦਿੱਲੀ, 5 ਜੂਨ (ਚ.ਨ.ਸ.): ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਦਿੱਲੀ ਵਕਫ ਬੋਰਡ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਰਾਜਧਾਨੀ ਦੇ ਸ਼ਾਹਦਰਾ ਇਲਾਕੇ 'ਚ ਇਕ ਜਾਇਦਾਦ 'ਵਕਫ ਜਾਇਦਾਦ' ਹੈ। ਅਦਾਲਤ ਨੇ ਕਿਹਾ ਕਿ ਇਸ ਜਾਇਦਾਦ 'ਤੇ ਇਕ ਗੁਰਦੁਆਰਾ ਲੰਮੇ ਸਮੇਂ ਤੋਂ ਹੈ। ਜਸਟਿਸ ਸੰਜੇ ਕਰੋਲ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਦਿੱਲੀ ਵਕਫ ਬੋਰਡ ਵਲੋਂ ਪੇਸ਼ ਹੋਏ ਵਕੀਲ ਨੂੰ ਕਿਹਾ ਕਿ ਇੱਥੇ ਇਕ ਗੁਰਦੁਆਰਾ ਹੈ, ਇਸ ਨੂੰ ਰਹਿਣ ਦਿਉ। ਜੇਕਰ ਕੋਈ ਦਾਅਵਾ ਵੀ ਹੈ ਤਾਂ ਤੁਹਾਨੂੰ ਇਹ ਕਹਿੰਦੇ ਹੋਏ ਉਸ ਦਾਅਵੇ ਨੂੰ ਛੱਡ ਦੇਣਾ ਚਾਹੀਦਾ ਹੈ ਕਿ ਉੱਥੇ ਪਹਿਲਾਂ ਹੀ ਗੁਰਦੁਆਰਾ ਹੈ। ਸੁਪਰੀਮ ਕੋਰਟ ਦਿੱਲੀ ਹਾਈ ਕੋਰਟ ਦੇ ਸਤੰਬਰ 2010 ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਬੋਰਡ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਨੇ ਜਾਇਦਾਦ 'ਤੇ ਕਬਜ਼ੇ ਲਈ ਉਸ ਦੇ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਸੀ।

*ਮਹਾਰਾਜਾ ਹਰੀ ਸਿੰਘ ਦਾ ਸੁਫ਼ਨਾ ਹੋਇਆ ਪੂਰਾ*

## ਅੱਜ ਕਸ਼ਮੀਰ ਲਈ 'ਵੰਦੇ ਭਾਰਤ' ਰੇਲ ਗੱਡੀ ਨੂੰ ਹਰੀ ਝੰਡੀ ਦਿਖਾਉਣਗੇ ਮੋਦੀ



ਰਿਆਸੀ, 5 ਜੂਨ (ਚ.ਨ.ਸ.) ਉੱਚੀਆਂ ਤੇ ਔਖੀਆਂ ਸ਼ਿਵਾਲਿਕ ਅਤੇ ਪੀਰ ਪੰਜਾਲ ਦੀਆਂ ਪਹਾੜੀਆਂ ਰਾਹੀਂ ਕਸ਼ਮੀਰ ਵਾਦੀ ਲਈ ਰੇਲਗੱਡੀ ਸਦੀ ਤੋਂ ਵੀ ਵੱਧ ਪੁਰਾਣੀ ਯੋਜਨਾ ਹੈ, ਜੋ ਸ਼ੁੱਕਰਵਾਰ ਨੂੰ ਹਕੀਕਤ ਵਿੱਚ ਤਬਦੀਲ ਹੋ ਜਾਵੇਗੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੰਮੂ ਕਸ਼ਮੀਰ ਦੇ ਕੱਟੜਾ ਤੋਂ ਸ੍ਰੀਨਗਰ ਲਈ 'ਵੰਦੇ ਭਾਰਤ' ਰੇਲਗੱਡੀ ਨੂੰ ਹਰੀ ਝੰਡੀ ਦਿਖਾਉਣਗੇ। ਰੇਲਵੇ ਦੇ ਸੀਨੀਅਰ ਅਧਿਕਾਰੀ ਨੇ ਕਿਹਾ, "19ਵੀਂ ਸਦੀ ਵਿੱਚ ਡੋਗਰਾ ਮਹਾਰਾਜਿਆਂ ਵੱਲੋਂ ਤਜਵੀਜ਼ਤ ਇਹ ਯੋਜਨਾ ਹੁਣ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਅਹਿਮ ਬੁਨਿਆਦੀ ਢਾਂਚਾ ਪ੍ਰਾਪਤੀਆਂ 'ਚੋਂ ਇਕ ਵਿੱਚ ਤਬਦੀਲ ਹੋ ਰਹੀ ਹੈ।" ਮਹਾਰਾਜਾ ਹਰੀ ਸਿੰਘ ਦੇ ਪੋਤੇ ਅਤੇ ਸਾਬਕਾ ਸਦਰ-ਏ-ਰਿਆਸਤ ਕਰਨ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ 130 ਸਾਲ ਪਹਿਲਾਂ ਡੋਗਰਾ ਸ਼ਾਸਕ ਵੱਲੋਂ ਬਣਾਈ ਗਈ ਯੋਜਨਾ ਆਖ਼ਰਕਾਰ ਹਕੀਕਤ ਵਿੱਚ ਤਬਦੀਲ ਹੋ ਗਈ ਹੈ। ਜੰਮੂ ਕਸ਼ਮੀਰ ਦੇ ਵਿਧਾਇਕ ਰਹਿ ਚੁੱਕੇ ਵਿਕਰਮਾਦਿੱਤਿਆ ਸਿੰਘ ਨੇ ਕਿਹਾ, "ਕਸ਼ਮੀਰ ਵਾਦੀ ਤੱਕ ਰੇਲਵੇ ਲਾਈਨ ਪ੍ਰਾਜੈਕਟ ਦੀ ਕਲਪਨਾ ਅਤੇ ਰੂਪ-ਰੇਖਾ ਮਹਾਰਾਜਾ ਪ੍ਰਤਾਪ ਸਿੰਘ ਦੇ ਸ਼ਾਸਨਕਾਲ ਵਿੱਚ ਹੀ ਤਿਆਰ ਕੀਤੀ ਗਈ ਸੀ। ਇਹ ਨਾ ਸਿਰਫ਼ ਜੰਮੂ ਕਸ਼ਮੀਰ ਦੇ ਲੋਕਾਂ, ਬਲਕਿ ਪੂਰੇ ਦੇਸ਼ ਵਾਸਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਪ੍ਰਧਾਨ ਮੰਤਰੀ ਇਸ ਸੁਫ਼ਨੇ ਨੂੰ ਹਕੀਕਤ ਵਿੱਚ ਤਬਦੀਲ ਕਰਨਗੇ।" ਡੋਗਰਾ ਸ਼ਾਸਕ ਨੇ ਬਰਤਾਨਵੀ ਇੰਜਨੀਅਰਾਂ ਨੂੰ ਕਸ਼ਮੀਰ ਤੱਕ ਰੇਲਵੇ ਲਾਈਨ ਵਾਸਤੇ ਜੰਗਲੀ ਇਲਾਕੇ ਦਾ ਸਰਵੇਖਣ ਕਰਨ ਦਾ ਕੰਮ ਸੌਂਪਿਆ ਸੀ। ਇਹ ਅਹਿਮ ਪ੍ਰਾਜੈਕਟ ਸੀ, ਜੋ ਸਦੀ ਤੋਂ ਵੀ ਵੱਧ ਸਮੇਂ ਤੱਕ ਅਧੂਰਾ ਰਿਹਾ। ਜੰਮੂ ਕਸ਼ਮੀਰ ਪੁਰਾਤੱਤਵ ਵਿਭਾਗ ਦੇ ਵਿਸ਼ੇਸ਼ ਦਸਤਾਵੇਜ਼ਾਂ ਮੁਤਾਬਕ, ਕਸ਼ਮੀਰ ਤੱਕ ਰੇਲ ਸੰਪਰਕ ਦਾ ਵਿਚਾਰ ਪਹਿਲੀ ਵਾਰ ਪਹਿਲੀ ਮਾਰਚ 1892 ਨੂੰ ਮਹਾਰਾਜਾ ਵੱਲੋਂ ਪ੍ਰਸਤਾਵਿਤ ਕੀਤਾ ਗਿਆ ਸੀ।

## ਵਿਧਾਇਕ ਰਣਬੀਰ ਭੁੱਲਰ ਤੇ ਰਜਨੀਸ਼ ਦਹੀਆ ਨੇ ਜ਼ੀਰਾ-ਫ਼ਿਰੋਜ਼ਪੁਰ ਸੜਕ ਦੇ ਪੀ.ਆਰ. ਦੇ ਕੰਮ ਦਾ ਰੱਖਿਆ ਨੀਂਹ ਪੱਥਰ



ਫ਼ਿਰੋਜ਼ਪੁਰ, 5 ਜੂਨ (ਤਿਵਾੜੀ): ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਨੇ ਅੱਜ 2214.91 ਲੱਖ ਰੁਪਏ ਦੀ ਲਾਗਤ ਨਾਲ ਫਿਰੋਜ਼ਪੁਰ-ਜ਼ੀਰਾ ਸੜਕ (ਸਟੇਟ ਹਾਈਵੇ-20 ਕੁੱਲ ਲੰਬਾਈ 34.555 ਕਿਲੋਮੀਟਰ) ਦੇ ਪੀ.ਆਰ. (ਪੀਰਿਓਡੀਕਲ ਰਿਨੀਊਵਲ) ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਲੋਕਾਂ ਨੂੰ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਨਾਲ-ਨਾਲ ਬਿਹਤਰ ਤੇ ਸੁਰੱਖਿਅਤ ਆਵਾਜਾਈ ਸਹੂਲਤਾਂ ਮੁਹੱਈਆ ਕਰਾਉਣਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਅੱਜ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਕੈਬਨਿਟ ਮੰਤਰੀ, ਬਿਜਲੀ ਅਤੇ ਲੋਕ ਨਿਰਮਾਣ ਵਿਭਾਗ, ਪੰਜਾਬ ਹਰਭਜਨ ਸਿੰਘ, ਈ.ਟੀ.ਓ. ਦੀ ਰਹਿਨੁਮਾਈ ਸਦਕਾ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਸਪੈਸ਼ਲ ਅਸਿਸਟੈਂਸ ਟੂ ਸਟੇਟ ਕੈਪੀਟਲ ਇਨਵੈਸਟਮੈਂਟ ਸਕੀਮ 2024-25 ਅਧੀਨ ਜ਼ੀਰਾ-ਫਿਰੋਜ਼ਪੁਰ ਸੜਕ (ਸਟੇਟ ਹਾਈਵੇ-20 ਕੁੱਲ ਲੰਬਾਈ 34.555 ਕਿ.ਮੀ.) ਦੇ ਪੀ.ਆਰ ਦੇ ਕੰਮ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਵਿਧਾਇਕ ਨੇ ਦੱਸਿਆ ਕਿ ਇਹ ਸੜਕ ਫਿਰੋਜ਼ਪੁਰ ਤੋਂ ਜ਼ੀਰਾ ਤੱਕ ਜਾਂਦੀ ਹੈ ਇਸ ਨੂੰ ਨਵਿਆਉਣ ਨਾਲ ਲੋਕਾਂ ਦੀ ਆਵਾਜਾਈ ਸੁਖਾਲੀ ਹੋਵੇਗੀ ਅਤੇ ਆਵਾਜਾਈ ਵਿਵਸਥਾ ਵੀ ਸੁਚਾਰੂ ਢੰਗ ਨਾਲ ਚੱਲੇਗੀ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਯਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਵਿਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ ਤੇ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਵੱਲ ਠੋਸ ਕਦਮ ਚੁੱਕ ਰਹੀ ਹੈ। ਸਰਕਾਰ ਸਿੱਖਿਆ ਅਤੇ ਸਿਹਤ ਸੰਸਥਾਵਾਂ ਦੇ ਵਿਕਾਸ ਦੇ ਨਾਲ-ਨਾਲ ਸੜਕਾਂ, ਨਾਲੀਆਂ, ਸੀਵਰੇਜ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਵਿਧਾਇਕ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਖੇਤਰ ਵਿਚ ਵਿਕਾਸ ਦੀ ਗਤੀ ਬਣਾਈ ਰੱਖੀ ਜਾਵੇਗੀ ਅਤੇ ਜਨਤਾ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਐੱਸ. ਡੀ. ਐੱਮ. ਗੁਰਮੀਤ ਸਿੰਘ, ਰਾਜ ਬਹਾਦਰ ਸਿੰਘ, ਬਲਰਾਜ ਸਿੰਘ ਕਟੋਰਾ, ਹਿਮਾਂਸ਼ੂ ਠੱਕਰ, ਰਜਨੀਸ਼ ਸ਼ਰਮਾ, ਹਰਮੀਤ ਸਿੰਘ ਖਾਈ, ਦਿਲਬਾਗ ਸਿੰਘ ਸਰਪੰਚ, ਨਿਸ਼ਾਨ ਸਿੰਘ ਸਰਪੰਚ, ਪ੍ਰਵੀਨ ਮੰਗਲ, ਅਜੇ ਲਟਾਵਾ, ਗੁਰਭੇਜ ਸਿੰਘ, ਮਨਜੀਤ ਸਿੰਘ ਨਿੱਕੂ, ਸੁਖਵਿੰਦਰ ਸਿੰਘ ਸਰਪੰਚ, ਦਲਬੀਰ ਸਿੰਘ ਸਰਪੰਚ, ਦੀਪਕ ਨਾਰੰਗ ਸਮੇਤ ਹੋਰ ਵੀ ਕਈ ਪਤਵੰਤੇ ਹਾਜ਼ਰ ਸਨ।

## ਨਲੀਨੀ 'ਚ ਕਈ ਪਰਿਵਾਰ ਸਾਬਕਾ ਵਿਧਾਇਕ ਨਾਗਰਾ ਦੀ ਅਗਵਾਈ ਹੇਠ ਕਾਂਗਰਸ 'ਚ ਸ਼ਾਮਲ



ਮੰਡੀ ਗੋਬਿੰਦਗੜ੍ਹ, 5 ਜੂਨ (ਸੂਦ): ਪਿੰਡ ਨਲੀਨੀ ਵਿੱਚ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਦੀ ਅਗਵਾਈ ਹੇਠ ਕਈ ਪਰਿਵਾਰਾਂ ਨੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਪਾਲੀ ਸਰਪੰਚ, ਮੇਵਾ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਗੁਰੀ, ਮੇਘ ਨਾਥ ਸਿੰਘ, ਪਰਮਜੀਤ ਸਿੰਘ, ਛਿੰਦੀ ਸਿੰਘ, ਕੁਲਵੀਰ ਸਿੰਘ, ਅਜਮੇਰ ਸਿੰਘ ਪੰਚ, ਸ਼ੇਰਾ ਸਿੰਘ ਪੰਚ, ਸੁੱਖੀ, ਕਰਨੈਲ ਸਿੰਘ, ਗੁਰਪ੍ਰੀਤ ਸਿੰਘ, ਹਰਚੰਦ ਸਿੰਘ, ਗੁਰਮੀਤ ਸਿੰਘ, ਸਵਰਨ ਕੌਰ, ਅਮਰਜੀਤ ਕੌਰ, ਗੁਰਪ੍ਰੀਤ ਸਿੰਘ ਤੋਤਾ, ਜਸਵੰਤ ਸਿੰਘ, ਜੋਲੀ ਸਿੰਘ, ਨੰਦਲਾਲ ਸਿੰਘ ਅਤੇ ਕਾਲਾ ਸਿੰਘ ਆਦਿ ਸ਼ਾਮਲ ਹਨ, ਜਿਨ੍ਹਾਂ ਦਾ ਸ੍ਰੀ ਨਾਗਰਾ ਨੇ ਸਨਮਾਨ ਕਰਦੇ ਹੋਏ ਪਾਰਟੀ ਵਿਚ ਬਣਦਾ ਸਨਮਾਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਲੋਕ ਮਹਿੰਗਾਈ, ਬੇਰੁਜ਼ਗਾਰੀ ਆਦਿ ਤੋਂ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਭਲਾਈ ਦੀ ਥਾਂ ਸਿਰਫ਼ ਭਾਜਪਾ ਦੇ ਫੈਸਲੇ ਲਾਗੂ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਇਹ ਭਾਲ ਕਰ ਰਹੇ ਹਨ ਕਿ ਉਹਨਾਂ ਦੀ ਅਸਲ ਆਵਾਜ਼ ਕੌਣ ਹੈ ਅਤੇ ਇਹ ਆਵਾਜ਼ ਸਿਰਫ਼ ਕਾਂਗਰਸ ਪਾਰਟੀ ਹੈ। ਸ਼ਾਮਲ ਹੋਣ ਵਾਲਿਆਂ ਨੇ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਪੂਰਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਨਾਗਰਾ ਵਰਗੇ ਮਿਹਨਤੀ ਤੇ ਲੋਕ ਪੱਖੀ ਆਗੂ ਦੀ ਅਗਵਾਈ ਹੇਠ ਪਾਰਟੀ ਨਵੀਆਂ ਉਚਾਈਆਂ ਨੂੰ ਛੂਹੇਗੀ। ਇਸ ਮੌਕੇ ਸਾਬਕਾ ਚੇਅਰਮੈਨ ਬਲਜਿੰਦਰ ਸਿੰਘ ਅਤਾਪੁਰ, ਬਲਾਕ ਪ੍ਰਧਾਨ ਗੁਰਮੁੱਖ ਸਿੰਘ ਪੰਡਰਾਲੀ, ਰਤਿੰਦਰ ਸਿੰਘ ਕਾਕਾ, ਗੁਰਲਾਲ ਸਿੰਘ ਲਾਲੀ, ਫੱਮਣ ਸਿੰਘ, ਸੁਖਵਿੰਦਰ ਸਿੰਘ ਕਾਲਾ, ਜਸਵੰਤ ਸਿੰਘ ਅਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਕ੍ਰਿਸ਼ਨ ਗਊਸ਼ਾਲਾ 'ਚ ਸੱਤਵਾਂ ਸ੍ਰੀ ਰਾਧਾ ਕ੍ਰਿਸ਼ਨ ਗਊਮਾਤਾ ਮੂਰਤੀ ਸਥਾਪਨਾ ਦਿਵਸ ਮਨਾਇਆ



ਮੰਡੀ ਗੋਬਿੰਦਗੜ੍ਹ, 5 ਜੂਨ (ਸੂਦ): ਸ਼੍ਰੀ ਕ੍ਰਿਸ਼ਨ ਗਊਸ਼ਾਲਾ ਟਰੱਸਟ ਮੰਡੀ ਗੋਬਿੰਦਗੜ੍ਹ ਵੱਲੋਂ ਪ੍ਰਧਾਨ ਨਰਾਇਣ ਸਿੰਗਲਾ ਦੀ ਅਗਵਾਈ ਹੇਠ ਸ਼੍ਰੀ ਕ੍ਰਿਸ਼ਨ ਗਊਸ਼ਾਲਾ ਵਿੱਚ ਸ਼੍ਰੀ ਰਾਧਾ ਕ੍ਰਿਸ਼ਨ ਗਊਮਾਤਾ ਦਾ 7ਵਾਂ ਮੂਰਤੀ ਸਥਾਪਨਾ ਦਿਵਸ ਵਿਧੀਵਤ ਢੰਗ ਨਾਲ ਮਨਾਇਆ ਗਿਆ, ਜਿਸ ਵਿੱਚ ਮੁੱਖ ਮੇਜ਼ਬਾਨ ਪ੍ਰੇਮ ਲਤਾ ਤੇ ਪ੍ਰਸਿੱਧ ਉਦਯੋਗਪਤੀ ਵਿਮਲ ਵਿਨੋਦ ਬਾਂਸਲ, ਦਿਵਿਤ ਬਾਂਸਲ, ਖਿਆਤੀ ਬਾਂਸਲ ਨੇ ਸ਼ਿਰਕਤ ਕੀਤੀ। ਸ਼੍ਰੀ ਗੌਰੀ ਗਣੇਸ਼ ਪੂਜਨ ਮੰਦਰ ਦੇ ਪੁਜਾਰੀ ਪੰਡਤ ਜਤਿੰਦਰ ਵਸ਼ਿਸ਼ਟ ਵੱਲੋਂ ਕਰਵਾਇਆ ਗਿਆ, ਨਵਗ੍ਰਹਿ ਪੂਜਨ ਤੋਂ ਬਾਅਦ ਸ਼੍ਰੀ ਰਾਧਾ ਕ੍ਰਿਸ਼ਨ ਗਊਮਾਤਾ ਦੀ ਮੂਰਤੀ ਨੂੰ ਗੰਗਾ ਜਲ ਨਾਲ ਇਸ਼ਨਾਨ ਕਰਵਾਇਆ ਗਿਆ ਤੇ ਵਿਧੀਵਤ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ 'ਤੇ ਮੰਦਰ ਤੇ ਗਊਸ਼ਾਲਾ ਨੂੰ ਦੁਲਹਨ ਵਾਂਗ ਸਜਾਇਆ ਗਿਆ। ਸ਼ਰਧਾਲੂਆਂ ਨੂੰ ਫ਼ਲ, ਸੁੱਕੇ ਮੇਵੇ, ਬਿਸਕੁਟ ਤੇ ਦੇਸੀ ਘਿਓ ਦਾ ਹਲਵਾ ਵੰਡਿਆ ਗਿਆ। ਇਸ ਮੌਕੇ ਪ੍ਰਧਾਨ ਨਰਾਇਣ ਸਿੰਗਲਾ, ਸ਼ਸ਼ੀ ਸਿੰਗਲਾ, ਕ੍ਰਿਸ਼ਨਾ ਸਿੰਗਲਾ, ਪਰਸ਼ੋਤਮ ਮਿੱਤਲ, ਸਤਪਾਲ ਗੋਇਲ, ਸੁਸ਼ੀਲ ਮਿੱਤਲ, ਨਰਿੰਦਰ ਭਾਟੀਆ, ਸੰਜੇ ਗਰਗ, ਸੁਗੰਧ ਸਿੰਗਲਾ, ਰਮੇਸ਼ ਬਾਂਸਲ, ਅਮਿਤ ਮਿੱਤਲ, ਰਿਤਿਕਾ ਮਿੱਤਲ, ਠਾਕੁਰ ਕੇਪੀ ਸਿੰਘ, ਅਜੈ ਕੁਮਾਰ ਨੰਦਾ, ਨਰੇਸ਼ ਸ਼ਰਮਾ, ਯਸ਼ਮਨ ਸ਼ਰਮਾ, ਯਸ਼ਪਾਲ ਸ਼ਰਮਾ, ਯਸ਼ਪਾਲ ਸ਼ਰਮਾ ਤੇ ਹਰੀਸ਼ ਗੋਇਲ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਾਥੀ ਮੁਹਿੰਮ ਸਬੰਧੀ ਮੀਟਿੰਗ



ਫਿਰੋਜ਼ਪੁਰ, 5 ਜੂਨ (ਤਿਵਾੜੀ): ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ ਮੋਹਾਲੀ ਜੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਜੀ ਦੀ ਰਹਿਨੁਮਾਈ ਹੇਠ ਮਿਸ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਜੀਆਂ ਵੱਲੋਂ ਅੱਜ ਸਾਥੀ ਮੁਹਿੰਮ ਸਬੰਧੀ ਮੀਟਿੰਗ ਕੀਤੀ ਗਈ। ਜੱਜ ਸਾਹਿਬ ਵੱਲੋਂ ਇਸ ਮੁਹਿੰਮ ਦੇ ਤਹਿਤ ਕਮੇਟੀ ਦੇ ਮੈਂਬਰਾਂ ਤੋਂ ਇਹ ਜਾਇਜ਼ਾ ਲਿਆ ਗਿਆ ਕਿ ਉਹਨਾਂ ਦੇ ਵੱਲੋਂ ਕਿੰਨੇ ਬੇਸਹਾਰਾ ਬੱਚਿਆਂ ਦੀ ਭਾਲ ਕੀਤੀ ਗਈ ਹੈ, ਜਿਹਨਾਂ ਦੇ ਆਧਾਰ ਕਾਰਡ ਨਹੀਂ ਬਣੇ। ਜਾਣਕਾਰੀ ਦਿੰਦੇ ਹੋਏ ਜੱਜ ਸਾਹਿਬ ਜੀ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਹੈ ਕਿ ਬੇਸਹਾਰਾ ਬੱਚਿਆਂ ਦੀ ਭਾਲ ਕਰਨਾ ਜਿਹਨਾਂ ਕੋਲ ਆਪਣੇ ਪਹਿਚਾਣ ਪੱਤਰ ਵਜੋਂ ਆਧਾਰ ਕਾਰਡ ਨਹੀਂ ਬਣਵਾਏ ਗਏ। ਉਹਨਾਂ ਬੱਚਿਆਂ ਦੀ ਭਾਲ ਕਰਕੇ ਇਸ ਦਫਤਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ, ਫਿਰੋਜ਼ਪੁਰ ਦੇ ਸਹਿਯੋਗ ਨਾਲ ਆਧਾਰ ਕਾਰਡ ਬਣਵਾਏ ਜਾਣਗੇ ਅਤੇ ਅਜਿਹੇ ਬੱਚਿਆਂ ਨੂੰ ਲੋੜ ਮੁਤਾਬਕ ਸਕੂਲ ਵਿੱਚ ਪੜ੍ਹਾਈ, ਸਿਹਤ ਸੰਭਾਲ, ਵੱਖ-ਵੱਖ ਬਾਲ ਭਲਾਈ ਕਾਨੂੰਨਾਂ ਅਧੀਨ ਸੁਰੱਖਿਆ ਜਾਂ ਸਰਕਾਰ ਦੁਆਰਾ ਮਿਲ ਰਹੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

## ਘੋੜਾਵਾਹੀ ਸੰਗਤਾਂ ਨੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਭੋਗਪੁਰ, 5 ਜੂਨ (ਅਮਰਜੀਤ ਸਿੰਘ ਸੈਣੀ ਜੰਡੀਰ): ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਪਿੰਡ ਘੋੜਾ ਵਾਹੀ ਦੇ ਨੌਜਵਾਨਾਂ ਵੱਲੋਂ ਭੋਗਪੁਰ ਆਦਮਪੁਰ ਰੋਡ 'ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਗੁਰੂ ਕੇ ਲੰਗਰ ਵੀ ਵਰਤਾਏ ਗਏ। ਨੌਜਵਾਨਾਂ ਨੇ ਦੱਸਿਆ ਕਿ ਪਿੰਡ ਘੋੜਾ ਵਾਹੀ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਹੀ ਠੰਡੇ ਮਿੱਠੇ ਜਲ ਦੀ ਸੇਵਾ ਕੀਤੀ ਜਾਂਦੀ ਹੈ। ਨੌਜਵਾਨ ਬੜੀ ਸ਼ਰਧਾ ਤੇ ਭਾਵਨਾ ਦੇ ਨਾਲ ਸੇਵਾ ਕਰ ਰਹੇ ਸਨ। ਆਉਂਦੇ ਜਾਂਦੇ ਰਾਹਗੀਰਾਂ ਨੂੰ ਗੱਡੀਆਂ ਰੋਕ ਕੇ ਠੰਡੇ ਮਿੱਠੇ ਜਲ ਦੀ ਸੇਵਾ ਕਰ ਰਹੇ ਸਨ। ਇਸ ਮੌਕੇ 'ਤੇ ਘੋੜਾ ਵਾਹੀ ਪਿੰਡ ਦੇ ਨੌਜਵਾਨ ਸਰਪੰਚ ਤੇ ਹੋਰ ਸੰਗਤਾਂ ਵੀ ਮੌਜੂਦ ਸਨ।

## ਆਮ ਆਦਮੀ ਪਾਰਟੀ ਦੀ ਹੋਈ ਖਾਸ ਮੀਟਿੰਗ



ਭੋਗਪੁਰ, 5 ਜੂਨ (ਅਮਰਜੀਤ ਸਿੰਘ ਸੈਣੀ): ਆਮ ਆਦਮੀ ਪਾਰਟੀ ਮੰਡੀ ਬੋਰਡ ਦੇ ਚੇਅਰਮੈਨ ਪਰਮਜੀਤ ਸਿੰਘ ਰਾਜਵੰਸ ਆਦਮਪੁਰ ਨੇ ਦੱਸਿਆ ਕਿ ਅੱਜ ਲੁਧਿਆਣਾ ਵਿਖੇ ਆਮ ਆਦਮੀ ਪਾਰਟੀ ਦੀ ਭਰਵੀਂ ਮੀਟਿੰਗ ਕੀਤੀ ਗਈ ਹੈ। ਮੀਟਿੰਗ ਵਿੱਚ ਵੱਖ-ਵੱਖ ਆਗੂ ਬਲਾਕ ਪ੍ਰਧਾਨ ਸੈਕਟਰੀ ਹਲਕਾ ਇੰਚਾਰਜ ਹੋਰ ਵੀ ਸੀਨੀਅਰ ਆਗੂ ਸ਼ਾਮਿਲ ਹੋਏ ਤੇ ਕਾਫੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪਰਮਜੀਤ ਸਿੰਘ ਰਾਜਵੰਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਆਮ ਆਦਮੀ ਪਾਰਟੀ ਵੱਲੋਂ ਯੂਥ ਟੀਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਜਿਸ ਵਿੱਚ ਨੌਜਵਾਨਾਂ ਨੂੰ ਬਲਾਕ ਪ੍ਰਧਾਨ ਕੁਆਰਡੀਨੇਟਰ ਅਤੇ ਹੋਰ ਬਹੁਤ ਸਾਰੇ ਅਹੁਦਿਆਂ ਨਾਲ ਸਨਮਾਨ ਦਿੱਤਾ ਜਾ ਰਿਹਾ ਹੈ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ 'ਤੇ ਪਰਮਜੀਤ ਸਿੰਘ ਰਾਜਵੰਸ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵੀ ਹਾਜ਼ਰ ਸਨ।

## ਪਿੰਡ ਮੱਸੇਵਾਲ ਮੋਟਰ ਮਕੈਨਿਕ ਮਾਰਕੀਟ 'ਚ ਰਾਤ ਸਮੇਂ ਅਣਪਛਾਤੇ ਵਿਅਕਤੀਆਂ ਨੇ ਕਾਰਾਂ ਦੇ ਤੋੜੇ ਸ਼ੀਸ਼ੇ




ਸ੍ਰੀ ਕੀਰਤਪੁਰ ਸਾਹਿਬ, 5 ਜੂਨ (ਬੀ ਐਸ ਰਾਣਾ): ਚੰਗਰ ਇਲਾਕੇ ਦੇ ਪਿੰਡ ਮੱਸੇਵਾਲ ਨਜ਼ਦੀਕ ਸ੍ਰੀ ਕੀਰਤਪੁਰ ਸਾਹਿਬ-ਬਿਲਾਸਪੁਰ ਕੌਮੀ ਮਾਰਗ ਦੇ ਨਾਲ ਸਥਿਤ ਮੋਟਰ ਮਕੈਨਿਕ ਮਾਰਕੀਟ ਵਿੱਚ ਮੁਰੰਮਤ ਲਈ ਆਈਆਂ ਕਾਰਾਂ ਦੀ ਬੀਤੀ ਰਾਤ ਅਣਪਛਾਤੇ ਸ਼ਰਾਰਤੀ ਵਿਅਕਤੀਆਂ ਵੱਲੋਂ ਭੰਨ ਤੋੜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਕਾਬਲ ਸਿੰਘ ਰਾਣਾ ਨੇ ਦੱਸਿਆ ਕਿ ਉਸ ਦੀ ਪਿੰਡ ਮੱਸੇਵਾਲ ਮੋਟਰ ਮਕੈਨਿਕ ਮਾਰਕੀਟ ਵਿੱਚ ਆਟੋ ਸਪੇਅਰ ਪਾਰਟਸ ਅਤੇ ਮੁਰੰਮਤ ਦੀ ਦੁਕਾਨ ਹੈ। ਉਸ ਦੀ ਦੁਕਾਨ ਉੱਪਰ ਤਿੰਨ ਕਾਰਾਂ ਜਿਨ੍ਹਾਂ ਵਿੱਚ ਦੋ ਗੱਡੀਆਂ ਹਿਮਾਚਲ ਪ੍ਰਦੇਸ਼ ਤੋਂ ਅਤੇ ਇੱਕ ਗੱਡੀ ਪਿੰਡ ਚੰਦਪੁਰ ਬੇਲਾ ਤੋਂ ਮੁਰੰਮਤ ਹੋਣ ਲਈ ਉਸ ਦੀ ਦੁਕਾਨ ਉੱਪਰ ਆਈਆਂ ਹੋਈਆਂ ਸਨ, ਜਿਨ੍ਹਾਂ ਦੀ ਮੁਰੰਮਤ ਕਰਨ ਦਾ ਕੰਮ ਬਾਕੀ ਰਹਿੰਦਾ ਸੀ, ਇਹ ਗੱਡੀਆਂ ਵੀ ਦੂਸਰੀਆਂ ਗੱਡੀਆਂ ਵਾਂਗ ਉਸ ਦੀ ਦੁਕਾਨ ਤੋਂ ਬਾਹਰ ਹੀ ਖੜ੍ਹੀਆਂ ਕੀਤੀਆਂ ਗਈਆਂ ਸਨ। ਬੀਤੀ ਰਾਤ ਉਹ ਅਤੇ ਉਸ ਦੇ ਸਾਥੀ ਰੋਜ਼ਾਨਾ ਦੀ ਤਰ੍ਹਾਂ ਆਪਣਾ ਕੰਮ ਕਾਜ ਖਤਮ ਕਰਕੇ ਦੁਕਾਨ ਨੂੰ ਬੰਦ ਕਰਕੇ ਆਪਣੇ ਘਰ ਚਲੇ ਗਏ ਸਨ। ਪਰ ਜਦੋਂ ਉਹ ਅੱਜ ਸਵੇਰੇ ਦੁਕਾਨ ਖੋਲ੍ਹਣ ਲਈ ਆਏ ਤਾਂ ਦੁਕਾਨ ਦੇ ਬਾਹਰ ਖੜ੍ਹੀਆਂ ਇਹਨਾਂ ਤਿੰਨ ਗੱਡੀਆਂ ਦੇ ਪਿਛਲੇ ਸ਼ੀਸ਼ੇ ਭੰਨੇ ਹੋਏ ਸਨ, ਕਾਰਾਂ ਦੀਆਂ ਡਿੱਗੀਆਂ ਨੂੰ ਡੈਂਟ ਵੀ ਪਏ ਹੋਏ ਸਨ, ਕਾਬਲ ਸਿੰਘ ਰਾਣਾ ਨੇ ਦੱਸਿਆ ਕਿ ਇਹ ਕਿਸੇ ਸ਼ਰਾਰਤੀ ਵਿਅਕਤੀਆਂ ਦਾ ਕੰਮ ਹੈ, ਜੋ ਕਿ ਰਾਤ ਦੇ ਸਮੇਂ ਇਹ ਵਾਰਦਾਤ ਕਰਕੇ ਗਏ ਹਨ। ਇਸ ਘਟਨਾ ਕਾਰਨ ਮੋਟਰ ਮਕੈਨਿਕ ਮਾਰਕੀਟ ਮੱਸੇਵਾਲ ਦੇ ਦੁਕਾਨਦਾਰਾਂ ਵਿੱਚ ਸਹਿਮ ਦਾ ਮਾਹੌਲ ਹੈ। ਦੁਕਾਨਦਾਰਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਤ ਨੂੰ ਇਲਾਕੇ ਵਿੱਚ ਪੁਲਿਸ ਦੀ ਗਸ਼ਤ ਵਧਾਈ ਜਾਵੇ ਅਤੇ ਰਾਤ ਸਮੇਂ ਅਵਾਰਾ ਘੁੰਮਦੇ ਅਣਪਛਾਤੇ ਵਿਅਕਤੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਨੂੰ ਇਲਾਕੇ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰ ਸਕਣ। **ਕੀ ਕਹਿਣਾ ਹੈ ਥਾਣਾ ਮੁਖੀ ਦਾ:** ਇਸ ਬਾਰੇ ਜਦੋਂ ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਪਹਿਲਾਂ ਕਾਬਲ ਸਿੰਘ ਰਾਣਾ ਇਸ ਸਬੰਧੀ ਲਿਖਤੀ ਦਰਖਾਸਤ ਦੇ ਗਿਆ ਸੀ ਅਤੇ ਬਾਅਦ ਵਿੱਚ ਉਸ ਨੇ ਆਪਣੀ ਇਹ ਦਰਖਾਸਤ ਵਾਪਸ ਲੈ ਕੇ ਦੂਸਰੀ ਦਰਖਾਸਤ ਦਿੱਤੀ ਹੈ। ਉਹਨਾਂ ਨੂੰ ਦੱਸਿਆ ਕਿ ਪੁਲਿਸ ਵੱਲੋਂ ਆਲੇ ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜੋ ਵੀ ਕਾਰਾਂ ਦੇ ਸ਼ੀਸ਼ੇ ਭੰਨਣ ਵਿੱਚ ਸ਼ਾਮਿਲ ਹੋਇਆ, ਉਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਰਵਾਇਤੀ ਫਸਲੀ ਚੱਕਰ 'ਚੋਂ ਨਿਕਲ ਕੇ ਬਾਗਬਾਨੀ ਕਿੱਤੇ ਵੱਲ ਮੁੜੇ ਕਿਸਾਨ



ਜਲੰਧਰ, 5 ਜੂਨ (ਚ.ਨ.ਸ.): ਲਗਾਤਾਰ ਡੂੰਘੇ ਹੁੰਦੇ ਜਾ ਰਹੇ ਜ਼ਮੀਨ ਹੇਠਲੇ ਪਾਣੀ ਕਾਰਨ ਸੂਬੇ ਅੰਦਰ ਜਿੱਥੇ ਕਿਸਾਨ ਵੱਡੇ ਪੱਧਰ 'ਤੇ ਰਵਾਇਤੀ ਫਸਲੀ ਚੱਕਰ 'ਚੋਂ ਨਿਕਲ ਕੇ ਖੇਤੀ ਵਿਭਿੰਨਤਾ ਅਪਨਾ ਰਹੇ ਹਨ, ਉਥੇ ਹੀ ਪਿਛਲੇ ਸਾਲਾਂ ਦੌਰਾਨ ਕਿਸਾਨਾਂ 'ਚ ਬਾਗਬਾਨੀ ਕਿੱਤੇ ਪ੍ਰਤੀ ਵੀ ਰੁਝਾਨ ਵਧਿਆ ਹੈ। ਕਿਸਾਨਾਂ ਦੇ ਬਾਗਬਾਨੀ ਪ੍ਰਤੀ ਰੁਝਾਨ ਦਾ ਅੰਦਾਜ਼ਾ ਵਿਭਾਗ ਦੇ ਅੰਕੜਿਆਂ ਤੋਂ ਭਲੀਭਾਂਤ ਲਾਇਆ ਜਾ ਸਕਦਾ ਹੈ। ਬਾਗਬਾਨੀ ਵਿਭਾਗ ਕੋਲੋਂ ਹਾਸਲ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2019-20 'ਚ ਪੰਜਾਬ ਅੰਦਰ ਬਾਗਾਂ ਹੇਠਲਾ ਰਕਬਾ 90466 ਹੈਕਟੇਅਰ ਸੀ ਜੋ ਕਿ ਵੱਧ ਕੇ 2023-24 'ਚ 103287 ਹੈਕਟੇਅਰ ਹੋ ਗਿਆ। ਇਸ ਤਰ੍ਹਾਂ ਪੰਜ ਸਾਲਾਂ ਦੌਰਾਨ ਬਾਗਬਾਨੀ ਹੇਠਲੇ ਰਕਬੇ 'ਚ 12,821 ਹੈਕਟੇਅਰ ਦਾ ਵਾਧਾ ਦਰਜ ਕੀਤਾ ਗਿਆ। ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਿਸਾਨਾਂ ਦਾ ਬਾਗਬਾਨੀ ਪ੍ਰਤੀ ਰੁਝਾਨ ਵਧਣ ਦਾ ਮੁੱਖ ਕਾਰਨ ਰਵਾਇਤੀ ਫਸਲਾਂ ਦੇ ਮੁਕਾਬਲੇ ਇਸ ਕਿੱਤੇ 'ਚ ਵਧੇਰੇ ਆਮਦਨ ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਹਨ। ਬਾਗਬਾਨੀ ਰਾਹੀਂ ਧਰਤੀ ਹੇਠਲੇ ਪਾਣੀ ਦੀ ਵੀ ਵੱਡੇ ਪੱਧਰ 'ਤੇ ਬਚਤ ਹੁੰਦੀ ਹੈ। ਪਿਛਲੇ ਕਈ ਸਾਲਾਂ ਤੋਂ ਬਾਗਬਾਨੀ ਦਾ ਕਿੱਤਾ ਕਰ ਰਹੇ ਭੋਗਪੁਰ ਨੇੜਲੇ ਪਿੰਡ ਤਲਵੰਡੀ ਦੇ ਕਿਸਾਨ ਪ੍ਰਭਮੀਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਬਾਗਬਾਨੀ ਦਾ ਕਿੱਤਾ ਉਨ੍ਹਾਂ ਦੇ ਪਿਤਾ ਨੇ ਅਪਣਾਇਆ ਸੀ ਅਤੇ ਉਹ ਕਈ ਸਾਲਾਂ ਤੋਂ 30 ਏਕੜ ਰਕਬੇ 'ਚ ਨਾਸ਼ਪਾਤੀ ਫਲ ਦੀ ਪੈਦਾਵਾਰ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬਾਗਬਾਨੀ 'ਚ ਪ੍ਰਤੀ ਏਕੜ ਆਮਦਨ 2 ਲੱਖ ਰੁਪਏ ਸਾਲਾਨਾ ਹੋ ਜਾਂਦੀ ਹੈ ਹਾਲਾਂਕਿ ਇਹ ਆਮਦਨ ਬਾਗ ਲਾਉਣ ਦੇ ਕਰੀਬ 10 ਸਾਲ ਬਾਅਦ ਸ਼ੁਰੂ ਹੁੰਦੀ ਹੈ। ਫਿਰ ਵੀ ਜਿੰਨਾ ਚਿਰ ਬਾਗ ਪੂਰੀ ਤਰ੍ਹਾਂ ਫਲ ਦੇਣ ਲਈ ਤਿਆਰ ਨਹੀਂ ਹੋ ਜਾਂਦਾ, ਓਨੀ ਦੇਰ ਤੱਕ ਕਿਸਾਨ ਬਾਗ ਵਾਲੇ ਖੇਤਾਂ 'ਚ ਦੂਜੀਆਂ ਫਸਲਾਂ ਤੇ ਸਬਜ਼ੀਆਂ ਆਦਿ ਪੈਦਾਵਾਰ ਕਰ ਸਕਦੇ ਹਨ। ਇਸ ਨਾਲ ਵਿੱਤੀ ਘਾਟਾ ਨਹੀਂ ਸਹਿਣਾ ਪੈਂਦਾ। ਪਾਣੀ ਦੀ ਬੱਚਤ ਬਾਰੇ ਪੁੱਛੇ ਜਾਣ 'ਤੇ ਪ੍ਰਭਮੀਤ ਸਿੰਘ ਸੇਖੋਂ ਨੇ ਦੱਸਿਆ ਕਿ ਬਾਗਾਂ ਨੂੰ ਅਪ੍ਰੈਲ, ਮਹੀਨੇ ਤੇ ਜੂਨ ਸਿਰਫ ਤਿੰਨ ਮਹੀਨੇ ਪਾਣੀ ਦੀ ਲੋੜ ਪੈਂਦੀ ਹੈ। ਜੁਲਾਈ 'ਚ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ ਤੇ ਸਰਦੀਆਂ 'ਚ ਬਹੁਤ ਘੱਟ ਪਾਣੀ ਲੱਗਦਾ ਹੈ। ਇਸ ਤਰ੍ਹਾਂ ਝੋਨੇ ਤੇ ਕਣਕ ਦੇ ਮੁਕਾਬਲੇ ਬਾਗਾਂ 'ਚ 60 ਤੋਂ 70 ਫੀਸਦੀ ਪਾਣੀ ਘੱਟ ਲੱਗਦਾ ਹੈ। ਫਲਾਂ ਦੀ ਮਾਰਕੀਟਿੰਗ ਕਰਨ 'ਚ ਸਮੱਸਿਆ ਆਉਣ ਬਾਰੇ ਪੁੱਛੇ ਜਾਣ 'ਤੇ ਪ੍ਰਭਮੀਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਅੰਦਰ ਬਾਗਬਾਨੀ ਹੇਠਲਾ ਰਕਬਾ ਲਗਾਤਾਰ ਵੱਧ ਰਿਹਾ ਹੈ ਜੋ ਕਿ ਬਹੁਤ ਵਧੀਆ ਰੁਝਾਨ ਹੈ ਪਰ ਕਿਸਾਨਾਂ ਨੂੰ ਫਲਾਂ ਦੇ ਮੰਡੀਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਬਹੁਤੇ ਫਲਾਂ ਦੀ ਖਪਤ ਲੋਕਲ ਪੱਧਰ 'ਤੇ ਨਹੀਂ ਹੁੰਦੀ ਤੇ ਉਨ੍ਹਾਂ ਦੀ ਸਪਲਾਈ ਦੂਰ-ਦੁਰਾਡੇ ਕਰਨੀ ਪੈਂਦੀ ਹੈ। ਇਸ ਲਈ ਸਰਕਾਰਾਂ ਤੇ ਵਿਭਾਗ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਜ਼ਿਲ੍ਹਿਆਂ 'ਚ ਜਿਹੜੇ ਫਲ ਵਧੇਰੇ ਹੁੰਦੇ ਹਨ, ਉਨ੍ਹਾਂ 'ਚ ਪ੍ਰੋਸੈਸਿੰਗ ਪਲਾਂਟ ਲਾਏ ਜਾਣ ਤਾਂ ਜੋ ਕਿਸਾਨਾਂ ਦੀ ਪੈਦਾਵਾਰ ਆਸਾਨੀ ਨਾਲ ਵਿੱਕ ਸਕੇ। **ਬਾਗਬਾਨੀ ਪ੍ਰਤੀ ਉਤਸ਼ਾਹਤ ਕਰਨ ਲਈ ਦਿੱਤੀਆਂ ਜਾਂਦੀਆਂ ਹਨ ਸਬਸਿਡੀਆਂ:** ਬਾਗਬਾਨੀ ਵਿਭਾਗ ਦੀ ਡਾਇਰੈਕਟਰ ਡਾ. ਸ਼ੈਲਿੰਦਰ ਕੌਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਤੇ ਵਿਭਾਗ ਵੱਲੋਂ ਕਿਸਾਨਾਂ ਨੂੰ ਰਵਾਇਤੀ ਫਸਲੀ ਚੱਕਰ 'ਚੋਂ ਕੱਢਣ ਲਈ ਬਾਗਬਾਨੀ ਨੂੰ ਵੱਧ ਤੋਂ ਵੱਧ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ 'ਚ ਬਾਗਾਂ ਹੇਠਲੇ ਰਕਬੇ 'ਚ ਵਾਧਾ ਦਰਜ ਕੀਤਾ ਗਿਆ ਹੈ। ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਬਾਗਬਾਨੀ ਕਿੱਤਾ ਅਪਨਾਉਣ ਵਾਲੇ ਕਿਸਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ 'ਚ ਕੌਮੀ ਬਾਗਬਾਨੀ ਮਿਸ਼ਨ ਤਹਿਤ ਪ੍ਰਤੀ ਏਕੜ 20,000 ਰੁਪਏ, ਸਟੇਟ ਪਲਾਨ ਸਕੀਮ ਤਹਿਤ ਤੁਪਕਾ ਵਿਧੀ ਰਾਹੀਂ ਸਿੰਚਾਈ ਲਈ 10,000 ਰੁਪਏ ਪ੍ਰਤੀ ਏਕੜ, 20 ਹਾਰਸ ਪਾਵਰ ਦਾ ਛੋਟਾ ਟਰੈਕਟਰ ਖਰੀਦਣ ਲਈ 40 ਤੋਂ 50 ਫੀਸਦੀ, ਬਾਗ 'ਚ ਸਪਰੇਅ ਕਰਨ ਲਈ ਟਰੈਕਟਰ ਨਾਲ ਚੱਲਣ ਵਾਲਾ ਜਾਂ ਹੈਂਡ ਪੰਪ ਲੈਣ ਵਾਸਤੇ, ਬਾਗ ਦੀ ਕਾਂਟ-ਛਾਂਟ ਕਰਨ ਲਈ ਅਤੇ ਫਲਾਂ ਦੀ ਪੈਕਿੰਗ ਕਰਨ ਵਾਸਤੇ ਪੈਕ ਹਾਊਸ ਜਾਂ ਕੋਲਡ ਰੂਮ ਬਣਾਉਣ ਵਾਸਤੇ 2 ਤੋਂ 12 ਲੱਖ ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ। ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਬਾਗਬਾਨੀ ਕਰਨ ਦੇ ਚਾਹਵਾਨ ਕਿਸਾਨਾਂ ਨੂੰ ਵਿਭਾਗ ਵੱਲੋਂ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਜਾਗਰੂਕ ਕਰਨ ਲਈ ਕੈਂਪ ਵੀ ਲਾਏ ਜਾਂਦੇ ਹਨ।

## ਰੋਹਤਕ 'ਚ ਵਿਰੋਧੀ ਨੂੰ ਮਾਰਨ ਲਈ ਲੋੜੀਂਦਾ ਗੈਂਗਸਟਰ ਰਾਜਧਾਨੀ ਤੋਂ ਗ੍ਰਿਫ਼ਤਾਰ

ਨਵੀਂ ਦਿੱਲੀ, 5 ਜੂਨ (ਚ.ਨ.ਸ.): ਹਰਿਆਣਾ ਦੇ ਰੋਹਤਕ ਵਿੱਚ ਹਾਲ ਹੀ ਵਿੱਚ ਹੋਏ ਇੱਕ ਕਤਲ ਦੇ ਸਬੰਧ ਵਿੱਚ ਲੋੜੀਂਦਾ ਹਿਮਾਂਸ਼ੂ ਭਾਊ ਗੈਂਗ ਨਾਲ ਸਬੰਧਤ 23 ਸਾਲਾ ਸ਼ਾਰਪਸ਼ੂਟਰ ਨੂੰ ਰੋਹਿਣੀ ਦੇ ਸੈਕਟਰ 35 ਇਲਾਕੇ ਵਿੱਚ ਹੋਈ ਗੋਲੀਬਾਰੀ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਰੋਹਤਕ ਦੇ ਰਹਿਣ ਵਾਲੇ ਦੀਪਕ ਧਨਖੜ ਨੂੰ ਮੰਗਲਵਾਰ ਰਾਤ 10 ਵਜੇ ਦੇ ਕਰੀਬ ਦਾਦਾ ਲੱਖਰਾਮ ਚੌਕ ਨੇੜੇ ਵਿਸ਼ੇਸ਼ ਸੈੱਲ ਨੇ ਗ੍ਰਿਫ਼ਤਾਰ ਕੀਤਾ। ਉਸ ਨੂੰ ਸੱਜੀ ਲੱਤ ਵਿੱਚ ਗੋਲੀ ਲੱਗੀ ਸੀ ਤੇ ਉਸ ਨੂੰ ਰੋਹਿਣੀ ਦੇ ਬਾਬਾ ਸਾਹਿਬ ਅੰਬੇਡਕਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਹ ਹਾਲ ਹੀ ਵਿੱਚ ਦੋਹਰੇ ਕਤਲ ਦੇ ਇੱਕ ਮਾਮਲੇ ਵਿੱਚ ਜ਼ਮਾਨਤ 'ਤੇ ਰਿਹਾਅ ਹੋਇਆ ਸੀ ਤੇ ਵਿਦੇਸ਼ੀ ਗੈਂਗਸਟਰ ਸਨੀ ਉਰਫ਼ ਬਾਬਾ ਦਾ ਚਾਚਾ ਸੀ। ਅਨਿਲ ਕੁਮਾਰ ਪਹਿਲਾਂ 2022 ਦੇ ਦੋਹਰੇ ਕਤਲ ਕੇਸ ਵਿੱਚ ਸ਼ਾਮਲ ਸੀ, ਜਿਸ ਵਿੱਚ ਹਿਮਾਂਸ਼ੂ ਭਾਊ ਦੇ ਚਚੇਰੇ ਭਰਾ ਰੋਹਿਤ ਉਰਫ਼ ਬਜਰੰਗ ਤੇ ਉਸਦੇ ਚਾਚੇ ਰਾਜੇਂਦਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਸ਼ੱਕ ਸੀ ਕਿ ਉਸਨੂੰ ਬਦਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਮੰਗਲਵਾਰ ਨੂੰ ਸਪੈਸ਼ਲ ਸੈੱਲ ਦੀ ਇੱਕ ਟੀਮ ਨੂੰ ਰੋਹਿਣੀ ਖੇਤਰ ਵਿੱਚ ਧਨਖੜ ਦੇ ਆਉਣ ਬਾਰੇ ਸੂਚਨਾ ਮਿਲੀ। ਇੱਕ ਸਟੇਕਆਊਟ 'ਤੇ, ਇੱਕ ਟੀਮ ਨੇ ਇੱਕ ਮੋਟਰਸਾਈਕਲ ਸਵਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਪਿੱਛੇ ਹਟ ਗਿਆ ਤੇ ਡਿੱਗ ਪਿਆ। ਉਸਦੇ ਕਬਜ਼ੇ ਵਿੱਚੋਂ ਤਿੰਨ ਜ਼ਿੰਦਾ ਕਾਰਤੂਸਾਂ ਵਾਲਾ ਇੱਕ ਅਰਧ-ਆਟੋਮੈਟਿਕ ਪਿਸਤੌਲ ਬਰਾਮਦ ਕੀਤਾ ਗਿਆ। ਇਸ ਸਾਲ ਫਰਵਰੀ ਵਿੱਚ ਗਾਜ਼ੀਪੁਰ ਖੇਤਰ ਤੋਂ ਚੋਰੀ ਹੋਈ ਬਾਈਕ ਨੂੰ ਜ਼ਬਤ ਕਰ ਲਿਆ ਗਿਆ ਸੀ। ਪੁੱਛਗਿੱਛ ਦੌਰਾਨ ਧਨਖੜ ਨੇ ਰੋਹਤਕ ਕਤਲ ਵਿੱਚ ਆਪਣੀ ਭੂਮਿਕਾ ਤੇ ਹਿਮਾਂਸ਼ੂ ਭਾਊ ਗੈਂਗ ਨਾਲ ਆਪਣੇ ਸਬੰਧਾਂ ਦਾ ਇਕਬਾਲ ਕੀਤਾ।

## ਮਾਤਾ ਗੁਰਜੀਤ ਕੌਰ ਨੇ ਜੂਨ '84 ਦੇ ਘੱਲੂਘਾਰੇ ਦੌਰਾਨ 6 ਜੀਅ ਸ਼ਹੀਦ ਕਰਵਾਉਣ ਤੋਂ ਬਾਅਦ ਆਪਣਾ ਰਹਿੰਦਾ ਜੀਵਨ ਸੇਵਾ, ਸਿਮਰਨ ਤੇ ਸਿੱਖੀ ਨੂੰ ਸਮਰਪਿਤ ਕੀਤਾ

ਅੰਮ੍ਰਿਤਸਰ, 5 ਜੂਨ (ਚ.ਨ.ਸ.): ਜੂਨ 1984 ਦੇ ਘੱਲੂਘਾਰੇ ਦੌਰਾਨ ਫ਼ੌਜ ਦਾ ਮੁਕਾਬਲਾ ਕਰਦਿਆਂ ਪਤੀ, ਦੋ ਪੁੱਤਰਾਂ ਤੇ ਬੇਟੀ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਵਿੱਚ ਦੋ ਹੋਰ ਬੇਟਿਆਂ ਦੇ ਝੂਠੇ ਪੁਲਿਸ ਮੁਕਾਬਲੇ 'ਚ ਸ਼ਹੀਦ ਕਰ ਦਿੱਤੇ ਜਾਣ ਤੇ ਬਾਂਹ ਵਿੱਚ ਦੋ ਗੋਲੀਆਂ ਲੱਗਣ ਤੇ ਪੰਜ ਸਾਲ ਦੀ ਕੈਦ ਕੱਟਣ ਬਾਅਦ 83 ਸਾਲਾਂ ਮਾਤਾ ਗੁਰਜੀਤ ਕੌਰ ਨੇ ਹੁਣ ਆਪਣਾ ਰਹਿੰਦਾ ਜੀਵਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ, ਸਿਮਰਨ ਤੇ ਸਿੱਖੀ ਪ੍ਰਚਾਰ ਸਮਰਪਿਤ ਕੀਤਾ ਹੋਇਆ ਹੈ। ਸਾਦਗੀ ਤੇ ਬੰਦਗੀ ਦੀ ਮੂਰਤ ਮਾਤਾ ਗੁਰਜੀਤ ਕੌਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਅੰਦਰ ਹੀ ਆਟਾ ਮੰਡੀ ਵਾਲੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਅਲਾਟ ਕੀਤੇ ਛੋਟੇ ਜਿਹੇ ਕੁਆਟਰ ਵਿੱਚ ਜੀਵਨ ਬਸਰ ਕਰ ਰਹੇ ਹਨ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਛਬੀਲ ਤੇ ਸੰਗਤਾਂ ਨੂੰ ਜਲ ਵਰਤਾਉਂਦਿਆਂ, ਜੂਠੇ ਬਰਤਨ ਸਾਫ਼ ਕਰਦਿਆਂ ਤੇ ਪਰਿਕਰਮਾ ਦੀ ਧੁਆਈ ਤੇ ਝਾੜੂ ਫੇਰਨ ਦੀ ਸੇਵਾ ਕਰਦਿਆਂ ਅਕਸਰ ਨਜ਼ਰ ਆ ਜਾਂਦੇ ਹਨ। ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ



ਦੌਰਾਨ ਮਾਤਾ ਗੁਰਜੀਤ ਕੌਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਸੀ ਤੇ ਉਨ੍ਹਾਂ ਦੇ ਪਤੀ ਗੁਰਮੀਤ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਅੰਗ ਰੱਖਿਅਕ ਵਜੋਂ ਸੇਵਾ ਨਿਭਾਅ ਰਹੇ ਸਨ। ਉਨ੍ਹਾਂ ਦੱਸਿਆ ਕਿ ਜੂਨ 1984 ਹਮਲੇ ਸਮੇਂ ਉਹ ਵੀ ਆਪਣੇ ਪਤੀ ਤੇ ਦੋ ਪੁੱਤਰਾਂ ਤਰਲੋਕ ਸਿੰਘ ਤੇ ਜਸਪਾਲ ਸਿੰਘ ਤੇ ਬੇਟੀ ਜਸਵਿੰਦਰ ਕੌਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਹੀ ਇੱਕ ਸਾਲ ਤੋਂ ਰਹਿ ਰਹੇ ਸਨ। ਉਨ੍ਹਾਂ ਦੱਸਿਆ ਕਿ 4 ਤੇ 5 ਜੂਨ ਨੂੰ ਭਾਰੀ ਗੋਲਾਬਾਰੀ ਹੋਈ, ਜਿਸ ਦਾ ਸਿੰਘਾਂ ਨੇ ਵੀ ਮੋੜਵਾਂ ਜਵਾਬ ਦਿੱਤਾ। ਉਨ੍ਹਾਂ ਦੇ ਪਤੀ ਤੇ ਇੱਕ ਵੱਡਾ ਬੇਟਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਫ਼ੌਜ ਨਾਲ ਜੂਝਦਿਆਂ ਸ਼ਹੀਦ ਹੋਏ ਸਨ ਤੇ ਛੋਟਾ ਬੇਟਾ ਲੰਗਰ ਸਾਹਿਬ ਦੀ ਇਮਾਰਤ ਨੇੜੇ ਬੁੰਗੇ ਵਿਖੇ ਫ਼ੌਜ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਇਆ ਸੀ। ਉਨ੍ਹਾਂ ਕਿਹਾ ਕਿ ਪਰਿਕਰਮਾ ਵਿੱਚ ਪੈਰ ਧਰਨ ਦੀ ਵੀ ਨੂੰ ਥਾਂ ਨਹੀਂ ਸੀ ਤੇ ਹਰ ਪਾਸੇ ਨੌਜਵਾਨਾਂ, ਬੀਬੀਆਂ, ਭੁਝੰਗੀਆਂ ਤੇ ਸੰਗਤਾਂ ਦੀਆਂ ਲਾਸ਼ਾਂ ਪਈਆਂ ਸਨ। ਉਨ੍ਹਾਂ ਜੂਨ 1984 ਗੋਲੀਬਾਰੀ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਫ਼ੌਜੀ ਹਮਲੇ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੇਵਲ 4 ਜੂਨ ਨੂੰ ਹੀ ਸੰਪਰਕ ਹੋ ਸਕਿਆ, ਉਸ ਤੋਂ ਬਾਅਦ ਨਹੀਂ। ਉਨ੍ਹਾਂ ਦੱਸਿਆ ਕਿ ਉਹ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਆਪਣੇ ਪਤੀ ਦੋ ਪੁੱਤਰਾਂ ਤੇ ਬੇਟੀ ਦੇ ਨਾ ਅੰਤਿਮ ਦਰਸ਼ਨ ਕਰ ਸਕੇ ਤੇ ਨਾ ਹੀ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਸਕੇ। ਇਸੇ ਤਰ੍ਹਾਂ ਉਨ੍ਹਾਂ ਦੀ ਜੇਲ੍ਹ ਬੰਦੀ ਦੌਰਾਨ ਉਨ੍ਹਾਂ ਦੇ ਦੋ ਹੋਰ ਛੋਟੇ ਬੇਟੇ ਕਸ਼ਮੀਰ ਸਿੰਘ ਤੇ ਬਲਜਿੰਦਰ ਸਿੰਘ ਵੀ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਹੋ ਗਏ, ਜਿਨ੍ਹਾਂ ਬਾਰੇ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਹੀਦ ਹੋਏ ਆਪਣੇ ਛੋਟੇ ਬੇਟੇ ਤੇ ਬੇਟੀ ਦੀਆਂ ਸ਼ਹਾਦਤਾਂ ਹੋ ਜਾਣ ਦਾ ਪਤਾ ਮੈਨੂੰ ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਲੱਗਾ। ਉਨ੍ਹਾਂ ਦੱਸਿਆ ਕਿ ਸਾਰੇ ਪਰਿਵਾਰ ਵਿੱਚੋਂ ਕੇਵਲ ਇੱਕ ਛੋਟੀ ਬੇਟੀ ਹੀ ਬਚੀ ਸੀ। ਮਾਤਾ ਗੁਰਜੀਤ ਕੌਰ ਨੇ ਕਿਹਾ ਉਨ੍ਹਾਂ ਦੀ ਅੰਤਿਮ ਇੱਛਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਸਿਮਰਨ ਕਰਦਿਆਂ ਹੀ ਆਖਰੀ ਸਵਾਸ ਨਿਕਲੇ।

## ਪਿਤਾ ਨੇ ਲਾਇਸੈਂਸੀ ਰਿਵਾਲਵਰ ਨਾਲ ਪੁੱਤ ਤੇ ਪਤਨੀ 'ਤੇ ਚਲਾਈਆਂ ਗੋਲੀਆਂ, ਪੁੱਤਰ ਦੀ ਮੌਤ ਤੇ ਪਤਨੀ ਜ਼ਖ਼ਮੀ

ਦੋਰਾਹਾ, 5 ਜੂਨ (ਚ.ਨ.ਸ.): ਦੋਰਾਹਾ ਦੇ ਨੇੜਲੇ ਪਿੰਡ ਬੁਆਣੀ 'ਚ ਮੰਗਲਵਾਰ ਦੀ ਰਾਤ ਇੱਕ ਘਰੇਲੂ ਝਗੜਾ ਖ਼ੂਨੀ ਟਕਰਾਅ ਵਿੱਚ ਬਦਲ ਗਿਆ। ਇੱਥੇ ਸੇਵਾਮੁਕਤ ਫ਼ੌਜੀ ਬਲਜਿੰਦਰ ਸਿੰਘ ਨੇ ਗੁੱਸੇ 'ਚ ਆ ਕੇ ਆਪਣੀ ਲਾਇਸੈਂਸੀ ਰਿਵਾਲਵਰ ਨਾਲ ਆਪਣੇ ਹੀ ਘਰ ਦੀ ਦੁਨੀਆਂ ਉਜਾੜ ਦਿੱਤੀ। ਉਸਨੇ ਆਪਣੇ ਪੁੱਤਰ ਜਗਮੀਤ ਸਿੰਘ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ



ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਉਸ ਦੀ ਪਤਨੀ ਬਲਵਿੰਦਰ ਕੌਰ ਗੰਭੀਰ ਜ਼ਖ਼ਮੀ ਹੋ ਗਈ। ਜਿਸਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ ਬਲਜਿੰਦਰ ਸਿੰਘ ਧੁੱਪ ਲੈਣ ਗਿਆ ਹੋਇਆ ਸੀ, ਜਦਕਿ ਉਸਦਾ ਪੁੱਤਰ ਜਗਮੀਤ ਤੇਜ਼ ਰਫ਼ਤਾਰ ਕਾਰ ਚਲਾਉਂਦਾ ਹੋਇਆ ਉਸਦੇ ਕੋਲੋਂ ਲੰਘਿਆ। ਇਹ ਗੱਲ ਉਸਨੂੰ ਨਾਗਵਾਰ ਲੱਗੀ। ਘਰ ਆਉਣ 'ਤੇ ਪਿਤਾ ਨੇ ਪੁੱਤਰ ਨੂੰ ਝਿੜਕਿਆ ਕਿ ਆਪਣੇ ਦੋਸਤ ਦੀ ਕਾਰ ਵਾਪਸ ਕਰ ਦੇਵੇ। ਇੱਥੋਂ ਸ਼ੁਰੂ ਹੋਈ ਬਹਿਸ ਨੇ ਗੰਭੀਰ ਰੂਪ ਧਾਰ ਲਿਆ। ਦੋਵਾਂ ਪਾਸੇ ਗੁੱਸਾ ਇੰਨਾ ਵੱਧ ਗਿਆ ਕਿ ਪਿਤਾ ਨੇ ਜਗਮੀਤ ਦੀ ਕਾਰ ਦੇ ਸ਼ੀਸ਼ੇ ਤੋੜ ਦਿੱਤੇ, ਜਿਸਦੇ ਜਵਾਬ ਵਿੱਚ ਪੁੱਤਰ ਨੇ ਵੀ ਪਿਤਾ ਦੀ ਕਾਰ ਭੰਨ ਦਿੱਤੀ। ਵਿਵਾਦ ਹੋ ਰਹੀ ਸਥਿਤੀ ਵਿਚ ਦੂਜਾ ਪੁੱਤਰ ਮਨਪ੍ਰੀਤ ਸਿੰਘ ਵੀ ਦਖ਼ਲ ਦੇਣ ਆਇਆ, ਪਰ ਬਲਜਿੰਦਰ ਸਿੰਘ ਨੇ ਉੱਪਰ ਆਪਣੇ ਕਮਰੇ 'ਚ ਜਾ ਕੇ ਰਿਵਾਲਵਰ ਕੱਢਿਆ ਤੇ ਗੋਲੀਆਂ ਚਲਾ ਦਿੱਤੀਆਂ। ਜ਼ਖ਼ਮੀਆਂ ਨੂੰ ਤੁਰੰਤ ਦੋਰਾਹਾ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੋਂ ਬਾਅਦ ਵਿੱਚ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਲੁਧਿਆਣਾ ਰੈਫਰ ਕਰ ਦਿੱਤਾ ਗਿਆ। ਸਿਵਲ ਡਾਕਟਰਾਂ ਨੇ ਜਗਮੀਤ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਡੀ.ਐੱਸ.ਪੀ. ਹੇਮੰਤ ਮਲਹੋਤਰਾ ਨੇ ਦੱਸਿਆ ਕਿ ਪੁਲਿਸ ਨੇ ਕਤਲ ਤੇ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਬਲਜਿੰਦਰ ਸਿੰਘ ਹਾਲੇ ਫ਼ਰਾਰ ਹੈ ਤੇ ਉਸ ਦੀ ਭਾਲ ਲਈ ਟੀਮਾਂ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰ ਰਹੀਆਂ ਹਨ।

## ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਦੇ ਅਕਾਲ ਚਲਾਣੇ ਤੋਂ ਬਾਅਦ ਪਰਿਵਾਰ ਨੂੰ ਸਹਿਣਾ ਪਿਆ ਅੰਨਾ ਤਸ਼ੱਦਦ

ਅਟਾਰੀ (ਅੰਮ੍ਰਿਤਸਰ), 5 ਜੂਨ (ਚ.ਨ.ਸ.): ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਵਾ ਕਰਦਿਆਂ 1984 ਦੇ ਹੋਏ ਘੱਲੂਘਾਰੇ ਦੌਰਾਨ ਹੋਏ ਮੁੱਠਭੇੜ ਅੰਦਿਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਢਹਿ-ਢੇਰੀ ਕੀਤੇ ਜਾਣ ਦਾ ਦੁਖਾਂਤ ਨਾ ਸਹਾਰਦਿਆਂ ਕੌਮ ਲੇਖੇ ਜ਼ਿੰਦਗੀ ਲਗਾਉਣ ਵਾਲੇ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਇੱਕ ਲੰਮੇ ਪੁਲਿਸ ਮੁਕਾਬਲੇ 'ਚ ਸ਼ਹਾਦਤ ਦਾ ਜਾਮ ਪੀ ਗਏ। ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਦੇ ਪੁਲਿਸ ਮੁਕਾਬਲੇ ਦੌਰਾਨ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਜੋ ਅੱਤਿਆਚਾਰ ਉਸ ਸਮੇਂ ਦੇ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਪਰਿਵਾਰ 'ਤੇ ਕੀਤਾ ਗਿਆ ਹੈ, ਉਸ ਦੀ ਦਿਲ ਕੰਬਾਊਣ ਵਾਲੀ ਦਾਸਤਾਨ ਨਾਲ ਖ਼ਾਸ ਗੱਲਬਾਤ ਕਰਦਿਆਂ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਦੀ ਧਰਮ ਪਤਨੀ ਸਲਵਿੰਦਰ ਕੌਰ (75) ਵੱਲੋਂ ਸਾਂਝੀ ਕੀਤੀ ਗਈ। ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਉਸ ਕਾਲੇ ਦੌਰ ਨੂੰ ਯਾਦ ਕਰਦਿਆਂ ਬਜ਼ੁਰਗ ਮਾਤਾ ਸਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ, ਜਿਸ ਵਿੱਚ ਤਿੰਨ ਲੜਕੇ ਤੇ ਉਹ ਆਪ ਖ਼ੁਦ ਕਈ ਸਾਲਾਂ ਤੱਕ ਪੁਲਿਸ ਦੇ ਤਸ਼ੱਦਦ ਤੋਂ ਬਚਣ ਲਈ ਲੁਕਦੇ-ਲੁਕਾਉਂਦੇ ਆਪਣੀਆਂ ਜਾਨਾਂ ਬਚਾਉਂਦੇ ਹੋਏ ਵੱਖ-ਵੱਖ ਥਾਵਾਂ 'ਤੇ ਆਪਣੀ ਜ਼ਿੰਦਗੀ ਬਸਰ ਕਰਦੇ ਰਹੇ। ਮਾਤਾ ਸਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਨਿੱਕੇ-ਨਿੱਕੇ ਮਾਸੂਮ ਬੱਚੇ ਸ਼ਮਸ਼ੇਰ ਸਿੰਘ, ਅਜਮੇਰ ਸਿੰਘ, ਹਰਵਿੰਦਰ ਸਿੰਘ ਤੇ ਭੁਪਿੰਦਰ ਸਿੰਘ ਜਿਨ੍ਹਾਂ 'ਚੋਂ ਹਰਵਿੰਦਰ ਸਿੰਘ ਉਸ ਸਮੇਂ 8 ਸਾਲ ਤੋਂ ਲੈ ਕੇ ਕਰੀਬ 14 ਸਾਲ ਤੱਕ ਸੀ, 'ਤੇ ਪੁਲਿਸ ਨੇ ਭਾਰੀ ਤਸ਼ੱਦਦ ਕੀਤਾ। ਮਾਤਾ ਸਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਪੁੱਤਰਾਂ ਨੇ ਤੇ ਖ਼ੁਦ ਉਨ੍ਹਾਂ ਨੇ ਗੁ: ਡੇਰਾ ਬਾਬਾ ਥੜਕ ਸਿੰਘ ਬਾਬਾ ਬੁੱਢਾ ਸਾਹਿਬ ਠੱਠਾ ਸ਼ਾਹਬਾ ਵਿਖੇ ਬਿਨਾਂ ਆਪਣੀ ਪਹਿਚਾਣ ਦੱਸਣ ਤੋਂ 12 ਸਾਲ ਤੋਂ ਵਧੇਰੇ ਸਮਾਂ ਵੱਖਰੇ-ਵੱਖਰੇ ਰਹਿ ਕੇ ਕੱਟਿਆ। ਸ਼ਹੀਦ ਭਾਈ ਹਰਭਜਨ ਸਿੰਘ ਬੱਬਰ ਦੇ ਸਪੁੱਤਰ ਹਰਵਿੰਦਰ ਸਿੰਘ ਵੇਰਕਾ ਇਸ ਕਾਲੇ ਦੌਰ ਦੌਰਾਨ ਉਹ ਆਪਣੀ ਮਾਤਾ ਨੂੰ ਕਰੀਬ ਪੰਜ ਸਾਲ ਬਾਅਦ ਕਿਸੇ ਗੁਪਤ ਜਗ੍ਹਾ 'ਤੇ ਮਿਲੇ ਤੇ 12 ਸਾਲ ਬਾਅਦ ਉਨ੍ਹਾਂ ਦਾ ਪਰਿਵਾਰ ਇਕੱਠਾ ਹੋਇਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਤਾ ਦੇ ਸ਼ਹੀਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ, ਇਸ ਦੌਰਾਨ ਉਸ ਦੀ ਉਮਰ ਸਿਰਫ਼ 10 ਕੁ ਸਾਲ ਸੀ, ਉਸ ਪੁਲਿਸ ਚੌਕੀ 'ਚ ਸਾਰੀ-ਸਾਰੀ ਰਾਤ ਲੱਤਾਂ ਸ਼ਿਕੰਜੇ 'ਚ ਦੇ ਕੇ ਬਾਹਵਾਂ ਉੱਪਰ ਟੰਗ ਕੇ ਰੱਖਿਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਪਿਤਾ ਦੀ ਸ਼ਹੀਦੀ ਬਾਰੇ ਉਨ੍ਹਾਂ ਨੂੰ ਦੋ ਦਿਨ ਬਾਅਦ ਇੱਕ ਅਖ਼ਬਾਰ 'ਚ ਉਸ ਸਮੇਂ ਲੱਗੀ ਖ਼ਬਰ ਤੋਂ ਪਤਾ ਲੱਗਾ ਕਿ ਸ਼ਹੀਦ ਭਾਈ ਹਰਭਜਨ ਸਿੰਘ ਬੱਬਰ, ਜਿਸ 'ਤੇ ਉਸ ਸਮੇਂ 10 ਲੱਖ ਰੁਪਏ ਦਾ ਇਨਾਮ ਸੀ, ਉਨ੍ਹਾਂ ਨੂੰ ਇੱਕ ਪੁਲਿਸ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਤੇ ਭਰਾ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਬਾਬਾ ਠਾਕੁਰ ਸਿੰਘ ਦਮਦਮੀ ਟਕਸਾਲ ਦੇ ਮੁਖੀ ਵੱਲੋਂ ਪਰਿਵਾਰ ਦੀ ਸਾਰ ਲੈਂਦਿਆਂ ਉਨ੍ਹਾਂ ਦੀ ਮਾਤਾ ਨੂੰ ਹਰ ਮਹੀਨੇ ਦਹਾ ਖ਼ਰਚਾ ਦੇਣਾ ਸ਼ੁਰੂ ਕੀਤਾ ਗਿਆ ਸੀ ਜਿਸ ਦੇ ਉਹ ਸਦਾ ਹੀ ਸ਼ੁਕਰ ਗੁਜ਼ਾਰ ਰਹਿਣਗੇ ਤੇ ਅੱਜ ਉਹ ਉਸ ਕਾਲੇ ਦੌਰ ਨੂੰ ਨਾ ਭੁਲਾਉਂਦੇ ਹੋਏ ਪਰਿਵਾਰ ਇਕਜੁੱਟ ਹੋ ਕੇ ਰਹਿ ਰਿਹਾ ਹੈ।

## ਸਰਕਾਰ ਜਸਟਿਸ ਵਰਮਾ ਨੂੰ ਹਟਾਉਣ 'ਤੇ ਰਾਜਨੀਤਿਕ ਪਾਰਟੀਆਂ ਤੱਕ ਕਰ ਰਹੀ ਹੈ ਪਹੁੰਚ

ਨਵੀਂ ਦਿੱਲੀ, 5 ਜੂਨ (ਚ.ਨ.ਸ): ਕੇਂਦਰੀ ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਬੁੱਧਵਾਰ ਨੂੰ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਮਹਾਂਦੋਸ਼ ਪ੍ਰਸਤਾਵ ਲਿਆਉਣ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਸ਼ਾਮਲ ਕਰਨ ਦੇ ਸਰਕਾਰ ਦੇ ਸੰਕਲਪ ਨੂੰ ਰੇਖਾਂਕਿਤ ਕੀਤਾ, ਕਿਹਾ ਕਿ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਨੂੰ 'ਰਾਜਨੀਤਿਕ ਪ੍ਰਿਜ਼ਮ' ਰਾਹੀਂ ਨਹੀਂ ਪਹੁੰਚਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਸੁਪਰੀਮ ਕੋਰਟ ਦੁਆਰਾ ਨਿਯੁਕਤ ਕਮੇਟੀ ਦੁਆਰਾ ਦੋਸ਼ੀ ਠਹਿਰਾਏ ਗਏ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਫਸੇ ਤੇ ਜਸਟਿਸ ਵਰਮਾ ਨੂੰ ਹਟਾਉਣ ਦੇ ਉਦੇਸ਼ ਨਾਲ ਕੀਤੀ ਜਾਣ ਵਾਲੀ ਕਵਾਇਦ ਨੂੰ 'ਸਹਿਯੋਗੀ ਯਤਨ' ਚਾਹੁੰਦੀ ਹੈ। ਰਿਜਿਜੂ ਨੇ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ 21 ਜੁਲਾਈ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਮਾਨਸੂਨ ਸੈਸ਼ਨ ਵਿੱਚ ਇਲਾਹਾਬਾਦ ਹਾਈ ਕੋਰਟ ਦੇ ਜੱਜ ਵਿਰੁੱਧ ਪ੍ਰਸਤਾਵ ਲਿਆਉਣ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਨਾਲ ਪਹਿਲਾਂ ਹੀ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਸਾਰੀਆਂ ਪਾਰਟੀਆਂ ਜਸਟਿਸ ਵਰਮਾ ਨੂੰ ਹਟਾਉਣ ਲਈ ਸਾਂਝੇ ਤੌਰ 'ਤੇ ਪ੍ਰਸਤਾਵ ਪੇਸ਼ ਕਰਨ। ਰਿਜਿਜੂ ਨੇ ਕਿਹਾ ਕਿ ਉਹ ਛੋਟੀਆਂ ਪਾਰਟੀਆਂ ਤੱਕ ਪਹੁੰਚ ਕਰਨਗੇ, ਜਦੋਂ ਕਿ ਸਾਰੀਆਂ ਪ੍ਰਮੁੱਖ ਪਾਰਟੀਆਂ ਨੂੰ ਜਸਟਿਸ ਵਰਮਾ ਵਿਰੁੱਧ ਮਹਾਂਦੋਸ਼ ਪ੍ਰਸਤਾਵ ਲਿਆਉਣ ਦੀ ਯੋਜਨਾ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲਾ ਕਿਸੇ ਇੱਕ ਸਿਆਸੀ ਪਾਰਟੀ ਦਾ ਏਜੰਡਾ ਨਹੀਂ ਹੈ। ਇਹ ਸਾਰੀਆਂ ਪਾਰਟੀਆਂ ਦਾ ਸਟੈਂਡ ਹੈ ਕਿ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਦੇ ਖ਼ਤਰੇ ਵਿਰੁੱਧ ਲੜਨ ਭਾਵੇਂ ਇਹ ਨਿਆਂਪਾਲਿਕਾ ਹੋਵੇ ਜਾਂ ਕੋਈ ਹੋਰ ਜਗ੍ਹਾ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਇਸ ਮੁੱਦੇ 'ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਾਲ ਲੈਣਾ ਚਾਹੁੰਦੀ ਹੈ ਕਿਉਂਕਿ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਨੂੰ 'ਰਾਜਨੀਤਿਕ ਪ੍ਰਿਜ਼ਮ' ਰਾਹੀਂ ਨਹੀਂ ਦੇਖਿਆ ਜਾ ਸਕਦਾ। 1968 ਦੇ ਜੱਜ ਐਕਟ ਦੇ ਅਨੁਸਾਰ ਇੱਕ ਵਾਰ ਕਿਸੇ ਵੀ ਸਦਨ ਵਿੱਚ ਜੱਜ ਨੂੰ ਹਟਾਉਣ ਦਾ ਮਤਾ ਦਾਖਲ ਹੋਣ ਤੋਂ ਬਾਅਦ, ਸਪੀਕਰ ਜਾਂ ਚੇਅਰਮੈਨ, ਜਿਵੇਂ ਵੀ ਕੇਸ ਹੋਵੇ, ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨਗੇ ਜੋ ਉਨ੍ਹਾਂ ਆਧਾਰਾਂ ਦੀ ਜਾਂਚ ਕਰੇਗੀ ਜਿਨ੍ਹਾਂ 'ਤੇ ਹਟਾਉਣ ਦੀ ਮੰਗ ਕੀਤੀ ਗਈ ਹੈ।

## ਭਾਈ ਮੱਲੇਵਾਲ ਨੇ ਮਹਿਜ 15 ਸਾਲ ਦੀ ਉਮਰ 'ਚ ਵੇਖਿਆ '84 ਦਾ ਮੰਜ਼ਰ

### ਬਿਆਨ ਕੀਤੀ ਆਪਣੇ ਨਾਲ ਬੀਤੀ ਹੱਡਬੀਤੀ

ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ), 5 ਜੂਨ (ਚ.ਨ.ਸ.): ਜੂਨ 1984 ਵਿੱਚ ਵਾਪਰੇ ਘੱਲੂਘਾਰੇ ਨੂੰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਜੋ ਅੱਜਕੱਲ੍ਹ ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਬਤੌਰ ਮੈਨੇਜਰ ਸੇਵਾਵਾਂ ਨਿਭਾ ਰਹੇ ਹਨ, ਇਸ ਸਾਕੇ ਦੇ ਚਸ਼ਮਦੀਦ ਗਵਾਹ ਹਨ, ਜਿਨ੍ਹਾਂ ਨੇ ਮਹਿਜ 15 ਸਾਲ ਦੀ ਉਮਰ ਵਿੱਚ ਹੀ ਉਕਤ ਸਾਰਾ ਦੁਖਾਂਤ ਆਪਣੀ ਅੱਖੀਂ ਦੇਖਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਭਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਵੀ ਉਕਤ ਦਰਦਨਾਕ ਸੀਨ ਯਾਦ ਕਰਕੇ ਅੱਖਾਂ ਵਿੱਚੋਂ ਆਪ ਮੁਹਾਰੇ ਨੀਰ ਵਹਿ ਤੁਰਦੇ ਹਨ। ਭਾਈ ਮੱਲੇਵਾਲ ਨੇ ਹੱਡਬੀਤੀ ਬਿਆਨਦਿਆਂ ਦੱਸਿਆ ਕਿ 3 ਜੂਨ 1984 ਨੂੰ ਸਵੇਰੇ 9 ਵਜੇ ਦੇ ਕਰੀਬ ਧੂਰੀ ਤੋਂ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਲਈ ਇਕ ਜੱਥਾ ਜਥੇ. ਨਛੱਤਰ ਸਿੰਘ ਭਲਵਾਨ, ਜਥੇ. ਮਹਿੰਦਰ ਸਿੰਘ ਕਾਂਝਲੀ ਦੀ ਰਹਿਨੁਮਾਈ ਹੇਠ ਰਵਾਨਾ ਹੋਇਆ। ਮੈਂ ਉਸ ਜਥੇ ਵਿਚ ਸਭ ਤੋਂ ਛੋਟੀ ਉਮਰ (15 ਸਾਲ ਦੇ ਕਰੀਬ) ਦਾ ਸੀ, ਤਕਰੀਬਨ 3-4 ਵਜੇ ਸ਼ਾਮ ਤੱਕ ਜੱਥਾ ਅੰਮ੍ਰਿਤਸਰ ਵਿਖੇ ਪਹੁੰਚ ਗਿਆ। ਉਥੇ ਕਰਫ਼ਿਊ ਲੱਗਣ ਕਾਰਨ ਅਸੀਂ ਹਾਲ ਗੇਟ ਦੇ ਬਾਹਰ ਬੈਠੇ ਰਹੇ ਤੇ ਸ਼ਾਮ ਨੂੰ ਕਰਫ਼ਿਊ ਖੁੱਲ੍ਹਣ ਤੋਂ ਬਾਅਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਤੇ ਗੁਰੂ ਰਾਮਦਾਸ ਸਰਾਂ ਵਿਖੇ ਠਹਿਰੇ, 4 ਜੂਨ ਦੀ ਸਵੇਰ ਨੂੰ ਇੱਕ ਵੱਡਾ ਧਮਾਕਾ ਹੋਇਆ, ਬੱਸ ਫਿਰ ਕੀ ਸੀ ਗੋਲੀਬਾਰੀ ਸ਼ੁਰੂ ਹੋਈ, ਲਗਾਤਾਰ ਗੋਲੀ ਚੱਲਦੀ ਰਹੀ, 5 ਜੂਨ ਨੂੰ ਸਾਨੂੰ ਸਾਰੇ ਸਰਾਂ ਨੂੰ ਗੁਰੂ ਰਾਮਦਾਸ ਸਰਾਂ ਤੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਭੇਜ ਦਿੱਤਾ ਗਿਆ। 6 ਜੂਨ ਦੀ ਸਵੇਰ ਤਕਰੀਬਨ 4 ਕੁ ਵਜੇ ਮਿਲਟਰੀ ਵਾਲਿਆਂ ਨੇ ਸਮੁੰਦਰੀ ਹਾਲ ਵਿੱਚ ਵੜ ਕੇ ਗੁਰੂ ਰਾਮਦਾਸ ਦੇ ਵਿਚਲੇ ਵਿਹੜੇ ਵਿੱਚ ਲਿਆਂਦਾ, ਜਿੱਥੇ ਕਿ ਲਾਸ਼ਾਂ ਦੇ ਢੇਰ ਲੱਗੇ ਪਏ ਸਨ, ਵੇਖ ਕੇ ਦਿਲ ਦਹਿਲ ਗਿਆ। ਸਰਾਂ ਦੇ ਕਮਰਿਆਂ ਦੇ ਚਾਰੇ ਪਾਸੇ ਅੱਗ ਲੱਗੀ ਪਈ ਸੀ। ਸਾਨੂੰ ਵੀ ਸਰਾਂ ਵਿਚਲੀ ਜਗ੍ਹਾ 'ਤੇ ਬਿਠਾ ਕੇ ਉਪਰੋਂ ਬੰਬ ਸੁੱਟੇ ਗਏ। ਸਾਡੇ ਤਕਰੀਬਨ 70-80 ਬੰਦਿਆਂ ਵਿੱਚੋਂ ਅੱਧੇ ਮਾਰੇ ਗਏ, ਸਾਰਾ ਵਿਹੜਾ ਲਾਸ਼ਾਂ ਨਾਲ ਭਰਿਆ ਪਿਆ ਸੀ, ਉਸ ਦਿਨ ਸਵੇਰੇ ਥੋੜਾ ਜਿਹਾ ਮੀਂਹ ਪੈਣ ਕਾਰਨ ਜੋ ਪਾਣੀ ਵਿਹੜੇ ਵਿਚ ਖੜ੍ਹਾ ਸੀ, ਜਿਸ ਵਿਚ ਲਾਸ਼ਾਂ ਦੇ ਢੇਰ ਪਏ ਸਨ, ਉਸ ਪਾਣੀ ਦਾ ਰੰਗ ਬਦਲ ਕੇ ਲਾਲ ਹੋ ਚੁੱਕਾ ਸੀ, ਉਹੀ ਪਾਣੀ (ਆਪਣੀਆਂ ਦਸਤਾਰਾਂ ਨਾਲ ਪੁਣ ਕੇ) ਪੀ ਕੇ ਅਸੀਂ ਪਿਆਸ ਬੁਝਾਈ। ਇਸ ਤੋਂ ਬਾਅਦ ਤਕਰੀਬਨ 3-4 ਕੁ ਵਜੇ ਗਿਣਤੀ ਕਰ-ਕਰ ਕੇ ਸਰਾਂ ਦੇ ਪਿਛਲੇ ਪਾਸੇ ਖੁੱਲ੍ਹੇ ਥਾਂ ਲਿਜਾਇਆ ਗਿਆ। ਉਥੇ ਬੱਸਾਂ ਵਿਚ ਬਿਠਾ ਕੇ ਮਿਲਟਰੀ ਸਕੂਲ ਵਿਚ ਭੇਜ ਦਿੱਤਾ। ਜਦੋਂ ਸਾਨੂੰ ਬੱਸਾਂ ਵਿੱਚ ਚੜ੍ਹਾ ਕੇ ਲਿਜਾਇਆ ਜਾ ਰਿਹਾ ਸੀ ਤਾਂ ਬੱਸਾਂ ਵਿਚ ਵੀ ਬੜੀ ਕੁੱਟਮਾਰ ਕੀਤੀ ਗਈ। ਜੇ ਕੋਈ ਪਾਣੀ ਵੀ ਮੰਗਦਾ ਸੀ ਤਾਂ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਤੇ ਸੰਤ ਭਿੰਡਰਾਵਾਲਿਆਂ ਦਾ ਨਾਮ ਲੈ ਕੇ ਗਾਲੀ-ਗਲੋਚ ਕੀਤੀ ਜਾਂਦੀ ਸੀ। ਫਿਰ ਮੈਨੂੰ ਮਿਲਟਰੀ ਸਕੂਲ ਅੰਮ੍ਰਿਤਸਰ ਜੇਲ੍ਹ ਤੇ ਪਟਿਆਲੇ ਦੀ ਜੇਲ੍ਹ ਵਿੱਚ ਰੱਖ ਕੇ ਰਿਹਾਅ ਕਰ ਦਿੱਤਾ ਗਿਆ।

## ਪੀਰ ਬਾਬਾ ਬੀਨੇ ਸ਼ਾਹ ਦੀ ਦਰਗਾਹ 'ਤੇ ਮੇਲਾ ਕਰਵਾਇਆ



ਚੋਗਾਵਾਂ, 5 ਜੂਨ (ਸੁਬੇਗ ਸਿੰਘ ਸੋਨਾ): ਪੀਰ ਬਾਬਾ ਬੀਨੇ ਸ਼ਾਹ ਦੀ ਦਰਗਾਹ ਪਿੰਡ ਓਡਰ ਵਿਖੇ ਸਾਲਾਨਾ ਸੱਭਿਆਚਾਰਕ ਮੇਲਾ ਸਮੂਹ ਪਿੰਡ ਵਾਸੀ, ਮੈਂਬਰ ਪੰਚਾਇਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸਵੇਰ ਤੋਂ ਵੱਡੀ ਗਿਣਤੀ ਸ਼ਰਧਾਲੂਆਂ ਨੇ ਦਰਗਾਹ 'ਤੇ ਮੱਥਾ ਟੇਕਿਆ ਤੇ ਹਾਜ਼ਰੀਆਂ ਭਰੀਆਂ। ਪ੍ਰਬੰਧਕਾਂ ਵੱਲੋਂ ਮੇਲੇ ਦੀ ਸ਼ੁਰੂਆਤ ਦਰਗਾਹ 'ਤੇ ਚਾਦਰ ਚੜ੍ਹਾਅ ਕੇ ਕੀਤੀ ਗਈ। ਉਪਰੰਤ ਪੰਜਾਬੀ ਗਾਇਕ ਜੋੜੀ ਰਾਜ ਅਟੱਲਗੜ੍ਹ ਤੇ ਮਿਸ ਨੀਲਮ ਨੇ ਨਵੇਂ ਪੁਰਾਣੇ ਗੀਤਾਂ ਦੀ ਝੜੀ ਲਗਾ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਚਰਨਜੀਤ ਸਿੰਘ ਓਡਰ, ਮੈਂਬਰ ਮੇਜਰ ਸਿੰਘ ਲਾਲੀ, ਮੇਲਾ ਕਮੇਟੀ ਪ੍ਰਧਾਨ ਸਵਰਗੀ ਜੱਸਾ ਸਿੰਘ ਵੇਰਕਾ ਮਿਲਕ ਪਲਾਂਟ ਰਿਟਾਇਰ ਸਪੁੱਤਰ ਗੁਰਪ੍ਰੀਤ ਸਿੰਘ ਫੌਜੀ, ਮੈਂਬਰ ਸਰਦੂਲ ਸਿੰਘ, ਮੈਂਬਰ ਬਲਵਿੰਦਰ ਸਿੰਘ, ਕਮੇਟੀ ਮੈਂਬਰ ਮਹਿਲ ਸਿੰਘ, ਸੁਖਦੇਵ ਸਿੰਘ, ਲਾਭ ਸਿੰਘ ਮੁਲਾਜ਼ਮ, ਕਾਰਜ ਸਿੰਘ ਅੰਗਰੇਜ ਸਿੰਘ, ਕਮੇਟੀ ਮੈਂਬਰ ਲਾਲ ਸਿੰਘ, ਪੰਜਾਬ ਸਿੰਘ ਆਦਿ ਹਾਜ਼ਰ ਸਨ।

## ਚੇਅਰਮੈਨ ਸੇਖਵਾਂ ਵੱਲੋਂ 66 ਕੇ.ਵੀ. ਬਿਜਲੀ-ਘਰ ਲੋਕ ਅਰਪਣ

ਕੋਟ ਧੰਦਲ/ਗੁਰਦਾਸਪੁਰ, 5 ਜੂਨ (ਕੁਲਜੀਤ ਖੋਖਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਲਈ 66 ਕੇ.ਵੀ. ਬਿਜਲੀ-ਘਰ ਦੇ ਰੂਪ ਵਿੱਚ ਵੱਡਾ ਤੋਹਫ਼ਾ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ 5.80 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ 66 ਕੇ.ਵੀ. ਬਿਜਲੀ-ਘਰ ਪਿੰਡ ਕੋਟ ਧੰਦਲ ਨੂੰ ਅੱਜ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਲੋਕ ਅਰਪਣ ਕੀਤਾ ਗਿਆ। 66 ਕੇ.ਵੀ. ਬਿਜਲੀ-ਘਰ ਪਿੰਡ ਕੋਟ ਧੰਦਲ ਦਾ ਉਦਘਾਟਨ ਕਰਦਿਆਂ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਬਿਜਲੀ-ਘਰ ਨੂੰ ਬਣਾਉਣ ਉੱਪਰ 5.80 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਬਿਜਲੀ-ਘਰ ਬਣਨ ਨਾਲ ਪਿੰਡ ਕੋਟ ਧੰਦਲ ਦੇ ਆਸ-ਪਾਸ ਦੇ ਪਿੰਡਾਂ ਦੀ 24



ਘੰਟੇ ਵਾਲੀ ਬਿਜਲੀ ਸਪਲਾਈ ਵਿੱਚ ਸੁਧਾਰ ਆਵੇਗਾ ਉੱਥੇ ਝੋਨੇ ਦੇ ਸੀਜ਼ਨ ਦੌਰਾਨ ਖਪਤਕਾਰਾਂ ਦੇ ਟਿਊਬਵੈੱਲ ਕੁਨੈਕਸ਼ਨਾਂ ਨੂੰ ਮਿਲਣ ਵਾਲੀ ਬਿਜਲੀ ਵੀ ਸਪਲਾਈ ਨਿਰਵਿਘਨ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਬਿਜਲੀ-ਘਰ ਦੇ ਬਣਨ ਤੇ ਚਾਲੂ ਹੋਣ ਨਾਲ 66 ਕੇ.ਵੀ. ਸਬ-ਸਟੇਸ਼ਨ ਕਾਹਨੂੰਵਾਨ, 66 ਕੇ.ਵੀ. ਸਬ-ਸਟੇਸ਼ਨ ਤੁਗਲਵਾਲ ਤੇ 66 ਕੇ.ਵੀ. ਸਬ-ਸਟੇਸ਼ਨ ਕਾਦੀਆਂ ਦਾ ਭਾਰ ਘੱਟ ਹੋਵੇਗਾ ਤੇ ਇਨ੍ਹਾਂ ਸਬ-ਸਟੇਸ਼ਨਾਂ ਤੋਂ ਚੱਲਦੇ ਫੀਡਰਾਂ ਅਧੀਨ ਪੈਂਦੇ ਖਪਤਕਾਰਾਂ ਨੂੰ ਵੀ ਵਧੀਆ ਬਿਜਲੀ ਸਪਲਾਈ ਮਿਲੇਗੀ। ਇਸ ਮੌਕੇ 'ਤੇ ਇੰਜ. ਜਗਜੋਤ ਸਿੰਘ ਬਾਜਵਾ, ਵਧੀਕ ਨਿਗਰਾਨ ਇੰਜੀ./ਸੰਚਾ, ਮੰਡਲ ਕਾਦੀਆਂ, ਇੰਜ. ਤੀਰਥ ਰਾਜ, ਉਪ ਮੰਡਲ ਅਫ਼ਸਰ ਕਾਹਨੂੰਵਾਨ, ਇੰਜ. ਜੱਸਾ ਸਿੰਘ, ਉਪ-ਮੰਡਲ ਅਫ਼ਸਰ ਕਾਦੀਆਂ, ਜੇ.ਈਜ਼ ਤੇ ਹੋਰ ਬਿਜਲੀ ਮੁਲਾਜ਼ਮਾਂ ਦੇ ਨਾਲ-ਨਾਲ ਆਪ ਆਗੂ ਹਰਜੀਤ ਸਿੰਘ ਟਿੱਕਾ, ਸੋਹਣ ਸਿੰਘ ਨੈਨੇਕੋਟ, ਚੇਅਰਮੈਨ ਮਾਰਕੀਟ ਕਮੇਟੀ ਜਸਪਾਲ ਸਿੰਘ ਪੰਧੇਰ, ਚੇਅਰਮੈਨ ਮੋਹਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਸ-ਪਾਸ ਦੇ ਪਿੰਡਾਂ ਦੇ ਪੰਚ-ਸਰਪੰਚ ਤੇ ਇਲਾਕਾ ਨਿਵਾਸੀ ਮੌਜੂਦ ਸਨ।

## ਛੋਟੇ ਵਪਾਰੀਆਂ, ਕਾਰੋਬਾਰੀਆਂ ਤੇ ਅਨੁਸੂਚਿਤ ਜਾਤੀਆਂ ਨੂੰ ਤੋਹਫ਼ਾ ਦੇਣਾ ਮਾਨ ਸਰਕਾਰ ਦਾ ਇਤਿਹਾਸਿਕ ਕਦਮ: ਡਾ. ਕੇ.ਜੇ. ਸਿੰਘ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 5 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਦੁਕਾਨਾਂ ਤੇ ਕਾਰੋਬਾਰੀ ਐਸਟੈਬਲਿਸ਼ਮੈਂਟ ਐਕਟ 1958 'ਚ ਸੋਧ ਕਰਕੇ ਲੇਬਰ ਇੰਸਪੈਕਟਰਾਂ ਦੀਆਂ ਮਨਮਾਨੀਆਂ ਨੂੰ ਨੱਥ ਪਵੇਗੀ। ਇਸ ਨਾਲ ਪੰਜਾਬ ਦੇ ਛੋਟੇ ਵਪਾਰੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਕਮਲਜੀਤ ਸਿੰਘ ਕੇ.ਜੇ. ਸਾਬਕਾ ਆਬਜ਼ਰਵਰ ਤੇ ਸੀਨੀਅਰ ਆਗੂ ਆਮ ਆਦਮੀ ਪਾਰਟੀ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਦਿਨ ਹਰ ਪਲ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਪੰਜਾਬ ਹਿੱਤ ਵਿੱਚ ਵੱਡੇ ਫੈਸਲੇ ਲੈ ਰਹੀ ਹੈ। ਜਿਸ ਤਹਿਤ ਪਿਛਲੀ ਦਿਨੀਂ ਪੰਜਾਬ ਦੇ ਛੋਟੇ ਕਾਰੋਬਾਰੀਆਂ ਤੇ ਦੁਕਾਨਦਾਰਾਂ ਦੇ ਹਿੱਤ ਵਿੱਚ ਅਤੇ ਨਾਲ ਹੀ ਐੱਸ.ਸੀ. ਵਰਗ ਦੇ ਲੋਕਾਂ ਲਈ ਵੱਡੇ ਐਲਾਨ ਕੀਤੇ ਹਨ। ਜਿੱਥੇ ਪੰਜਾਬ ਕਾਰੋਬਾਰੀਆਂ ਨੂੰ ਹਰ ਦਿਨ ਨਿਵੇਸ਼ ਕਰਨ ਲਈ ਪੰਜਾਬ ਆਉਣ ਦੇ ਸੱਦੇ ਦੇ ਰਹੀ ਹੈ, ਉੱਥੇ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ 2020 ਤੱਕ ਸਾਰੇ ਕਰਜ਼ਾ ਮੁਆਫ਼ ਕਰਨਾ ਬਹੁਤ ਹੀ ਵੱਡਾ ਕਦਮ ਜਿਵੇਂ ਅਸੀਂ ਸਾਰੇ ਜਾਣਦੇ ਪਿਛਲੀਆਂ ਸਰਕਾਰਾਂ ਦੌਰਾਨ ਛੋਟੇ ਕਾਰੋਬਾਰਿਆਂ ਤੇ ਵਪਾਰੀਆਂ ਤੇ ਐੱਸ.ਸੀ. ਵਰਗ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਪਰ ਮਾਨ ਸਰਕਾਰ ਕਿਸਾਨ, ਮਜ਼ਦੂਰ, ਵਪਾਰੀ, ਨੌਜਵਾਨਾਂ ਤੇ ਸਾਰੇ ਵਰਗਾਂ ਦੇ ਹਿੱਤ ਵਿੱਚ ਫੈਸਲੇ ਲੈ ਕੇ ਪੰਜਾਬ ਦਾ ਪੁੱਤ ਹੋਣ ਦਾ ਸਬੂਤ ਦੇ ਰਹੀ ਹੈ। ਹੁਣ ਝੋਨੇ ਲਗਾਉਣ ਦੇ ਸੀਜ਼ਨ ਦੀ ਸ਼ੁਰੂਆਤ ਹੋ ਚੁੱਕੀ ਹੈ। ਮਾਨ ਸਰਕਾਰ ਵੱਲੋਂ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਵਚਨਬੱਧ ਹੈ। ਹਰ ਪਿੰਡ ਹਰ ਖੇਤ ਨਹਿਰੀ ਖਾਲ ਵੀ ਬਣ ਕੇ ਤਿਆਰ ਹਨ, ਅਕਸਰ ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਦੇਖਣ ਨੂੰ ਆ ਰਿਹਾ ਕਿ ਪਿੰਡਾਂ ਦੇ ਕਿਸਾਨ ਖ਼ੁਦ ਕਹਿ ਰਹੇ ਨੇ ਕਿ ਸਾਡੇ ਨਹਿਰੀ ਖਾਲ ਵਿਚ ਕਰੀਬ 50 ਸਾਲ ਬਾਅਦ ਪਾਣੀ ਆਇਆ। ਪੰਜਾਬ ਦੇ ਕਿਸਾਨਾਂ ਨੂੰ ਨਿਰਵਿਘਨ ਅੱਠ ਘੰਟੇ ਬਿਜਲੀ ਦਿੱਤੀ ਜਾਂਦੀ ਹੈ ਉਹ ਵੀ ਦਿਨ ਵੇਲੇ ਤਾਂ ਜੋ ਸਹੀ ਤਰੀਕੇ ਨਾਲ ਆਪਣੀ ਖੇਤਾਂ ਦੀ ਸਿੰਚਾਈ ਕਰ ਸਕਣ। ਸਾਰਿਆਂ ਦਾ ਮੁੱਢਲਾ ਫਰਜ਼ ਹੈ ਅਸੀਂ ਧਰਤੀ ਹੇਠਲਾ ਪਾਣੀ ਬਚਾਈਏ ਤੇ ਨਹਿਰੀ ਪਾਣੀ ਰਾਹੀਂ ਖੇਤੀ ਕਰੀਏ।



## ਬਿੱਕਾ ਚਾਹਲ ਵੱਲੋਂ ਐੱਸ.ਐੱਚ.ਓ. ਰੰਗੜ-ਨੰਗਲ ਦਾ ਸਨਮਾਨ

ਬਟਾਲਾ, 5 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਪੁਲਿਸ ਥਾਣਾ ਰੰਗੜ-ਨੰਗਲ ਦੇ ਐੱਸ.ਐੱਚ.ਓ. ਬੀਬਾ ਰਾਜਬੀਰ ਕੌਰ ਨੂੰ ਇਲਾਕੇ ਦੇ ਸਿਰਕੱਢ ਆਗੂ, ਪਿੰਡ ਚਾਹਲ ਕਲਾਂ ਦੇ ਸਾਬਕਾ ਸਰਪੰਚ ਬਿਕਰਮਜੀਤ ਸਿੰਘ ਬਿੱਕਾ ਚਾਹਲ ਵੱਲੋਂ ਸਨਮਾਨਤ ਕੀਤਾ ਗਿਆ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਪਿੰਡ ਕਰਨਾਮੇ ਤੋਂ ਸਰਪੰਚ ਰਹੇ ਸਿਕੰਦਰ ਸਿੰਘ ਖੈਹਿਰਾ, ਪਿੰਡ ਰਧਾਨ ਤੋਂ ਗੁਰਦੀਪ ਸਿੰਘ ਬਾਜਵਾ, ਪੰਜਗਰਾਈਆਂ ਤੋਂ ਸਾਬਕਾ ਸਰਪੰਚ ਕਰਮਜੀਤ ਸਿੰਘ ਬਾਜਵਾ, ਆਪ ਆਗੂ ਕੁਲਵਿੰਦਰ ਸਿੰਘ ਬੱਬੀ, ਬਲਾਕ ਪ੍ਰਧਾਨ ਹਰਜੀਤ ਸਿੰਘ ਮੱਲੀ ਖੋਜੇਵਾਲ, ਆਦਿ ਆਗੂਆਂ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਕਿਹਾ ਕਿ ਸਾਨੂੰ ਆਸ ਹੈ ਕਿ ਐੱਸ.ਐੱਚ.ਓ. ਰੰਗੜ-ਨੰਗਲ, ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾਂ ਤੇ ਐੱਸ.ਐੱਸ.ਪੀ. ਸੁਹੇਲ ਮੀਰ ਕਾਸਮ ਵੱਲੋਂ ਦਿੱਤੀਆਂ ਸ਼ਕਤੀਆਂ ਅਨੁਸਾਰ ਆਪਣੀ ਟੀਮ ਸਮੇਤ ਵਧੀਆ ਕੰਮ ਕਰਕੇ, ਇੱਕ ਮਿਸਾਲ ਪੈਦਾ ਕਰਨਗੇ। ਸਰਪੰਚ ਬਿੱਕਾ ਚਾਹਲ ਨੇ ਕਿਹਾ ਕਿ ਜੇ ਕੋਈ ਪ੍ਰਸ਼ਾਸਨਿਕ ਅਧਿਕਾਰੀ ਸ਼ਲਾਘਾਯੋਗ ਕਾਰਜ ਕਰਦਾ ਹੈ ਤਾਂ ਉਸ ਦੀ ਹੌਸਲਾ ਅਫ਼ਜ਼ਾਈ ਕਰਨੀ ਬਣਦੀ ਹੈ ਤਾਂ ਕਿ ਉਸ ਅਫਸਰ ਨੂੰ ਵੀ ਅਹਿਸਾਸ ਹੋਵੇ ਕਿ ਹਲਕੇ ਦੇ ਲੋਕ ਉਸ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪੁਲਿਸ ਅਫਸਰ ਜਾਨ ਦੀ ਪ੍ਰਵਾਹ ਕੀਤੇ ਬਗੈਰ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਂਦੇ ਹੋਏ ਭੈੜੇ ਅਨਸਰਾਂ ਨੂੰ ਨਕੇਲ ਪਾਉਣ ਵਿੱਚ ਲੱਗੇ ਹੋਏ ਹਨ, ਜਿਨ੍ਹਾਂ ਵਿੱਚੋਂ ਰਜਵੰਤ ਕੌਰ ਇੱਕ ਹਨ। ਇਸ ਮੌਕੇ ਐੱਸ.ਐੱਚ.ਓ. ਰਜਵੰਤ ਕੌਰ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਭੈਅ ਮੁਕਤ ਤੇ ਸਾਫ਼-ਸੁਥਰਾ ਵਾਤਾਵਰਨ ਦੇਣਾ ਸਾਡਾ ਮੁੱਢਲਾ ਫ਼ਰਜ਼ ਹੈ, ਮੈਂ ਤੇ ਮੇਰੇ ਸਾਥੀ ਐੱਸ.ਐੱਸ.ਪੀ. ਸਾਹਿਬ ਦੇ ਹੁਕਮਾਂ ਤਹਿਤ ਤੇ ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਅਗਵਾਈ ਹੇਠ ਆਪਣੀ ਡਿਊਟੀ ਬਾਖ਼ੂਬੀ ਨਿਭਾ ਰਹੇ ਹਾਂ। ਉਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਚੋਰ, ਠੱਗ, ਨਸ਼ਿਆਂ ਦੇ ਵਪਾਰੀ ਜਾਂ ਸਮਾਜ ਨੂੰ ਗੰਧਲਾ ਕਰਨ ਵਾਲੇ ਕਿਸੇ ਭੈੜੇ ਅਨਸਰ ਦੀ ਸਿਫ਼ਾਰਸ਼ ਨਾ ਕੀਤੀ ਜਾਵੇ, ਬਲਕਿ ਸਮਾਜ ਵਿੱਚ ਪੈਦਾ ਹੋਏ ਗੰਦ ਨੂੰ ਸਾਫ ਕਰਨ ਲਈ ਵੱਧ ਤੋਂ ਵੱਧ ਪੁਲਿਸ ਨੂੰ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਰਣਜੀਤ ਸਿੰਘ ਚੌਕੀ ਇੰਚਾਰਜ ਪੰਜਗਰਾਈਆਂ, ਥਾਣੇਦਾਰ ਪਲਵਿੰਦਰ ਸਿੰਘ ਸਿੰਘ, ਥਾਣੇਦਾਰ ਹਰਦੀਪ ਸਿੰਘ, ਥਾਣੇਦਾਰ ਹਰਜਿੰਦਰ ਸਿੰਘ, ਦਲਜੀਤ ਸਿੰਘ ਮੁੱਖ ਮੁਨਸ਼ੀ, ਹਰਵਿੰਦਰਪਾਲ ਸਿੰਘ, ਜਰਨੈਲ ਸਿੰਘ ਤੇ ਇਲਾਕੇ ਦੇ ਮੋਹਤਬਰ ਸੱਜਣ ਮੌਜੂਦ ਸਨ।



## ਵਿਧਾਇਕ ਰੰਧਾਵਾ ਵੱਲੋਂ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡਾਂ ਦੇ ਪਹਿਰੇਦਾਰਾਂ ਨਾਲ ਬੈਠਕਾਂ

ਕਲਾਨੌਰ, 5 ਜੂਨ (ਇਕਬਾਲ ਵਾਲੀਆ/ਕਮਲਜੀਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆ ਰਹੇ ਹਨ ਤੇ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਸੂਬੇ ਵਿੱਚ ਨਸ਼ਿਆਂ ਨੂੰ ਠੱਲ੍ਹ ਪਈ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਭੰਗਵਾਂ, ਔਜਲਾ, ਰਸੂਲਪੁਰ ਵਿਖੇ ਪਿੰਡਾਂ ਦੇ ਪਹਿਰੇਦਾਰਾਂ ਨਾਲ ਕੀਤੀਆਂ ਬੈਠਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਵੱਡੇ ਪੱਧਰ 'ਤੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਹੈ ਤੇ ਨਸ਼ਾ ਵੇਚ ਕੇ ਬਣਾਈਆਂ ਉਨ੍ਹਾਂ ਦੀ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਹਿ-ਢੇਰੀ ਕੀਤਾ ਗਿਆ ਹੈ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਨਜ਼ਦੀਕ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਜੇਕਰ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸ ਦਾ ਮੁਫ਼ਤ ਇਲਾਜ ਕਰਕੇ ਨਸ਼ਾ ਛੁਡਾਇਆ ਜਾਵੇਗਾ ਤੇ ਨਾਲ ਹੀ ਉਸ ਦਾ ਪੁਨਰਵਾਸ ਵੀ ਕੀਤਾ ਜਾਵੇਗਾ। ਨਸ਼ਾ ਮੁਕਤੀ ਯਾਤਰਾ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਸਮੱਗਰੀ ਵੰਡੀ ਗਈ। ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡਾਂ ਦੇ ਵਸਨੀਕਾਂ ਨੂੰ ਨਸ਼ੇ ਦੀ ਰੋਕਥਾਮ ਵਿੱਚ ਯੋਗਦਾਨ ਪਾਉਣ ਲਈ ਸਹੁੰ ਵੀ ਚੁਕਾਈ। ਇਸ ਮੌਕੇ ਉਨ੍ਹਾਂ ਦੇ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਅਰਸ਼ਦੀਪ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।



## ਰੁੱਖਾਂ ਦੀ ਮਹੱਤਤਾ ਨੂੰ ਵੇਖਦਿਆਂ ਪੌਦਾ ਲਗਾ ਕੇ ਉਸਦੀ ਸੰਭਾਲ ਜ਼ਰੂਰ ਕਰੋ: ਵਿਧਾਇਕ ਕਲਸੀ

ਬਟਾਲਾ, 5 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਸੂਬੇ ਵਿੱਚ ਜੰਗਲਾਤ ਵਿਭਾਗ ਵੱਲੋਂ ਵੱਖੋ-ਵੱਖ ਸਕੀਮਾਂ ਤਹਿਤ ਤਕਰੀਬਨ 60 ਲੱਖ ਬੂਟੇ ਲਗਾਏ ਜਾਣਗੇ ਤੇ ਸੂਬੇ ਵਿੱਚ ਬੂਟੇ ਲਗਾਉਣ ਸਬੰਧੀ ਮੁਹਿੰਮ ਇਸ ਸਾਲ 1 ਜੁਲਾਈ ਤੋਂ ਸ਼ੁਰੂ ਹੋਵੇਗੀ। ਵਿਧਾਇਕ ਸ਼ੈਰੀ ਕਲਸੀ ਨੇ 'ਵਿਸ਼ਵ ਵਾਤਾਵਰਨ ਦਿਵਸ' ਦੇ ਮੱਦੇਨਜ਼ਰ ਰੁੱਖਾਂ ਦੀ ਮਹੱਤਤਾ ਨੂੰ ਸਮਝਦਿਆਂ ਨਾਗਰਿਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਨਾਗਰਿਕਾ ਨੂੰ ਅਪੀਲ ਕਰਦਿਆਂ ਕਿਹਾ ਕਿ ਹਰ ਇੱਕ ਵਿਅਕਤੀ ਨੂੰ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਤੇ ਉਸਨੂੰ ਅਪਣਾ ਕੇ ਉਸਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੂਟੇ ਲਗਾ ਕੇ ਉਸਦਾ ਪਾਲਣ-ਪੋਸ਼ਣ ਕਰਨਾ ਲਾਜ਼ਮੀ ਹੈ ਤਾਂ ਹੀ ਉਹ ਬੂਟਾ ਰੁੱਖ ਬਣ ਕੇ ਸਾਨੂੰ ਛਾਂ ਦੇਣ ਦੇ ਨਾਲ-ਨਾਲ ਸਾਡੇ ਵਾਤਾਵਰਨ ਨੂੰ ਸ਼ੁੱਧ ਰੱਖੇਗਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਰੁੱਖਾਂ ਦੀ ਗਿਣਤੀ ਜਿੰਨੀ ਜ਼ਿਆਦਾ ਹੋਵੇਗੀ, ਉਨੀ ਹੀ ਮੌਸਮ ਵਿਚ ਤਪਸ਼ ਘੱਟ ਹੋਵੇਗੀ ਤੇ ਗਰਮੀ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਚੰਗੇ ਵਾਤਾਵਰਨ ਲਈ ਰੁੱਖ ਲਗਾਉਣ, ਪਾਣੀ ਦੀ ਬੱਚਤ ਕਰਨ, ਪਰਾਲ਼ੀ ਨੂੰ ਅੱਗ ਨਾ ਲਗਾਉਣ, ਪ੍ਰਦੂਸ਼ਣ ਘਟਾਉਣ ਤੇ ਵਾਤਾਵਰਨ ਦੀ ਰੱਖਿਆ ਲਈ ਜਾਗਰੂਕਤਾ ਵਧਾਉਣ ਦਾ ਸੰਕਲਪ ਲੈਣ ਦਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਸਾਰੀਆਂ ਵਿਭਾਗੀ ਸਕੀਮਾਂ ਸਮੇਂ ਸਿਰ ਪੂਰੀਆਂ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਤੇ ਪੌਦੇ ਲਗਾਏ ਜਾਣ ਦੀ ਮੁਹਿੰਮ ਵਿੱਚ ਲੋਕਾਂ ਦੀ ਭਾਗੀਦਾਰੀ ਵੀ ਯਕੀਨੀ ਬਣਾਉਣ ਲਈ ਕਿਹਾ।



## ਜ਼ਿਲ੍ਹਾ ਕਚਹਿਰੀਆਂ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ

ਗੁਰਦਾਸਪੁਰ, 5 ਜੂਨ (ਜਗੀਰ ਸਿੰਘ ਮੰਡ/ਜਗਮੋਹਨ ਬਾਗੋਵਾਂਣੀ): ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਤੇ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਹਰਪ੍ਰੀਤ ਸਿੰਘ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਜ਼ਿਲ੍ਹਾ ਕਚਹਿਰੀਆਂ, ਗੁਰਦਾਸਪੁਰ ਵਿੱਚ ਅੱਜ ਵਿਸ਼ਵ ਵਾਤਾਵਰਨ ਦਿਵਸ-2025 ਮਨਾਇਆ ਗਿਆ। ਇਸ ਮੌਕੇ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੁਆਰਾ ਚਲਾਈ ਜਾ ਰਹੀ 'ਪੌਦੇ ਲਗਾਉਣ ਦੀ ਮੁਹਿੰਮ' ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਵਿਖੇ ਪਾਰਕਿੰਗ ਏਰੀਆ



ਵਿੱਚ ਬਹੁਤ ਵੱਡੇ ਕੂੜੇ ਦੇ ਢੇਰ ਨੂੰ ਸਾਫ਼ ਕੀਤਾ ਗਿਆ ਤੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਗੁਰੂ ਨਾਨਕ ਬਗੀਚੀ ਤਿਆਰ ਕੀਤੀ ਗਈ। ਇਸ ਮੌਕੇ ਗੁਰਦਾਸਪੁਰ ਸੈਸ਼ਨ ਡਵੀਜ਼ਨ ਦੇ ਸਮੂਹ ਜੱਜ ਸਾਹਿਬਾਨਾਂ ਵੱਲੋਂ ਵੱਖ-ਵੱਖ ਕਿਸਮ ਦੇ ਪੌਦੇ ਲਗਾਏ ਗਏ ਤੇ ਵਿਸ਼ਵ ਵਾਤਾਵਰਨ ਦਿਵਸ-2025 ਮਨਾਇਆ ਗਿਆ। ਇਸ ਮੌਕੇ ਜੁਡੀਸ਼ੀਅਲ ਜੱਜ ਸਾਹਿਬਾਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਹਰ ਸਾਲ 5 ਜੂਨ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਸਾਨੂੰ ਕੁਦਰਤ ਪ੍ਰਤੀ ਸਾਡੀ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਦਾ ਥੀਮ 'ਪਲਾਸਟਿਕ ਪ੍ਰਦੂਸ਼ਣ ਖ਼ਤਮ ਕਰੋ' ਹੈ। ਉਨ੍ਹਾਂ ਕਿਹਾ ਕਿ ਸਾਡੇ ਗ੍ਰਹਿ ਧਰਤੀ ਉੱਪਰ ਜੇਕਰ ਜੀਵਨ ਦੀ ਹੋਂਦ ਨੂੰ ਕਾਇਮ ਰੱਖਣਾ ਹੈ ਤਾਂ ਪੌਦੇ ਲਗਾ ਕੇ ਇਸ ਗ੍ਰਹਿ ਨੂੰ ਹਰਾ-ਭਰਾ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਲਮੀ ਤਪਸ਼ ਨੂੰ ਘੱਟ ਕਰਨ ਲਈ ਵੀ ਵੱਧ ਤੋਂ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਦੇਖ-ਭਾਲ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਪਲਾਸਟਿਕ ਦੀ ਵਰਤੋਂ ਰਾਹੀਂ ਹੁੰਦੇ ਪ੍ਰਦੂਸ਼ਣ ਨੂੰ ਰੋਕਣ ਲਈ ਵੀ ਸਾਰਿਆਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਬਾਰ ਐਸੋਸੀਏਸ਼ਨ ਗੁਰਦਾਸਪੁਰ ਦੇ ਵਕੀਲ ਸਾਹਿਬਾਨ ਤੇ ਜੰਗਲਾਤ ਵਿਭਾਗ ਦੇ ਕਰਮਚਾਰੀ ਵੀ ਹਾਜ਼ਰ ਸਨ।

## ਤਹਿਸੀਲ ਕੰਪਲੈਕਸ ਕਚਹਿਰੀਆਂ ਅੰਦਰ ਸੜਕ ਦੀ ਹਾਲਤ ਖਸਤਾ, ਰਾਹਗੀਰ ਪ੍ਰੇਸ਼ਾਨ





ਗੜ੍ਹਸ਼ੰਕਰ, 5 ਜੂਨ (ਅਜਮੇਰ ਸਿੰਘ ਭਨੋਟ): ਗੜ੍ਹਸ਼ੰਕਰ ਦੀ ਤਹਿਸੀਲ ਕੰਪਲੈਕਸ ਤੇ ਕਚਹਿਰੀਆਂ ਦੇ ਅੰਦਰ ਦੀ ਸੜਕ ਖਸਤਾ ਹਾਲ ਹੋਣ ਕਰਕੇ ਇਥੇ ਕੰਮ ਕਰਵਾਉਣ ਆਏ ਲੋਕਾਂ ਤੇ ਰਾਹਗੀਰ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਜਾਣਕਾਰੀ ਦਿੰਦੇ ਹੋਏ ਐਡਵੋਕੇਟ ਹਰਮੇਸ਼ ਲਾਲ ਆਜ਼ਾਦ, ਐਡਵੋਕੇਟ ਲਲਿਤ ਕੁਮਾਰ, ਦੀਪਾ ਤੇ ਹੋਰਾਂ ਨੇ ਦੱਸਿਆ ਕਿ ਤਹਿਸੀਲ ਕੰਪਲੈਕਸ ਦੇ ਅੰਦਰ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਤੇ ਪ੍ਰਸ਼ਾਸਨ ਦੀ ਅਣਦੇਖੀ ਦੇ ਕਾਰਨ ਇੱਥੇ ਸੜਕ ਦੇ ਵਿੱਚ ਵੱਡੇ-ਵੱਡੇ ਟੋਏ ਪੈ ਚੁੱਕੇ ਹਨ ਤੇ ਥੋੜਾ ਜਿਹਾ ਮੀਂਹ ਪੈਣ ਦੇ ਨਾਲ ਇੱਥੇ ਲੰਘਣਾ ਵੀ ਔਖਾ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਥਾਂ 'ਤੇ ਤਹਿਸੀਲ ਕੰਪਲੈਕਸ, ਕਚਹਿਰੀਆਂ ਤੇ ਕੋਰਟ ਵੀ ਮੌਜੂਦ ਹੈ ਜਿਸ ਦੇ ਵਿੱਚ ਵੱਡੀ ਗਿਣਤੀ ਦੇ ਵਿੱਚ ਲੋਕਾਂ ਨੂੰ ਕੰਮ ਕਾਜ ਲਈ ਆਉਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਥਾਂ 'ਤੇ ਸੜਕ ਤੋਂ ਇਲਾਵਾ ਪਾਰਕਿੰਗ ਦੀ ਵੱਡੀ ਸਮੱਸਿਆ ਬਣੀ ਹੋਈ ਹੈ। ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸੜਕ ਨੂੰ ਬਣਾਇਆ ਜਾਵੇ ਤੇ ਪਾਰਕਿੰਗ ਦੀ ਸਮੱਸਿਆ ਦਾ ਵੀ ਹੱਲ ਕੀਤਾ ਜਾਵੇ, ਤਾਂ ਕਿ ਲੋਕਾਂ ਨੂੰ ਪ੍ਰੇਸ਼ਾਨੀ ਤੋਂ ਰਾਹਤ ਮਿਲ ਸਕੇ। ਇਸ ਸਬੰਧ ਵਿੱਚ ਸੁਖਜਿੰਦਰ ਸਿੰਘ ਤਹਿਸੀਲਦਾਰ ਗੜ੍ਹਸ਼ੰਕਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਸਮੱਸਿਆ ਨੂੰ ਹੱਲ ਕਰਨ ਦੀ ਗੱਲ ਕਹੀ। ਹੁਣ ਦੇਖਣਾ ਹੋਵੇਗਾ ਕਿ ਕਦੋਂ ਤੱਕ ਇਸ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

## ਲੋਕ ਨਸ਼ੇ ਖ਼ਿਲਾਫ਼ ਆਪਣਾ ਸਹਿਯੋਗ ਦੇਣ ਤੇ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ 'ਚ ਇਲਾਜ ਕਰਵਾਉਣ

ਫਤਹਿਗੜ੍ਹ ਚੂੜੀਆਂ, 5 ਜੂਨ (ਰਾਜਨ ਸ਼ਰਮਾ): ਹਲਕਾ ਫਤਹਿਗੜ੍ਹ ਚੂੜੀਆਂ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਪਿੰਡ ਡੁਲਟ, ਆਜਮਪੁਰ, ਪੱਤੀ ਚੰਡੀਗੜ੍ਹ, ਪਿੰਡੀ, ਝੰਜੀਆਂ, ਸ਼ਹਿਰ ਫਤਹਿਗੜ੍ਹ ਚੂੜੀਆਂ ਦੀ ਵਾਰਡ ਨੰਬਰ 11 ਵਿੱਚ 'ਨਸ਼ਾ ਮੁਕਤੀ ਯਾਤਰਾ' ਤਹਿਤ ਜਨ ਸਭਾ ਕੀਤੀ ਗਈ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਯੁੱਧ ਸ਼ੁਰੂ ਕੀਤਾ ਗਿਆ ਹੈ ਤੇ ਲੋਕਾਂ ਦੇ ਸਾਥ ਨਾਲ ਇਸ ਲੜਾਈ ਨੂੰ ਜਿੱਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਿਕੰਜਾ ਕੱਸਿਆ ਗਿਆ ਹੈ ਤੇ ਨਸ਼ਾ ਤਸਕਰਾਂ ਦੀ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਖ਼ਿਲਾਫ਼ ਆਪਣਾ ਸਹਿਯੋਗ ਦੇਣ ਤੇ ਜੋ ਲੋਕ ਕਿਸੇ ਕਾਰਨ ਨਸ਼ੇ ਦੇ ਜਾਲ ਵਿੱਚ ਫਸ ਗਏ ਹਨ, ਉਨ੍ਹਾਂ



ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾਉਣ। ਉਨ੍ਹਾਂ ਦੱਸਿਆ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਪੀੜਤਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ੇ ਵਿਰੁੱਧ ਲੜਨ ਦੀ ਸਹੁੰ ਵੀ ਚੁਕਾਈ। ਇਸ ਮੌਕ ਪਰਮਜੀਤ ਸਿੰਘ ਪੰਮਾ, ਪ੍ਰਗਟ ਸਿੰਘ ਆਜਮਪੁਰ, ਦਲਬੀਰ ਸਿੰਘ, ਅਰਜਨ ਸਿੰਘ, ਕੁਲਵਿੰਦਰ ਸਿੰਘ, ਸਰਬਜੀਤ ਸਿੰਘ ਸ਼ੱਬਾ, ਰਾਮ ਸਿੰਘ, ਗਿਆਨ ਸਿੰਘ, ਸਰਪੰਚ ਮੰਗਾਂ ਮਸੀਹ, ਪੰਚ ਆਰਫ ਮਸੀਹ, ਪੰਚ ਸ਼ਕੀਰ ਮਸੀਹ, ਪੰਚ ਵਿਮਲਾ ਮਸੀਹ, ਸਲਵਿੰਦਰ ਸਿੰਘ, ਮਨਜੀਤ ਸਿੰਘ, ਹਰਪਿੰਦਰ ਸਿੰਘ, ਹਰਭੇਜ ਸਿੰਘ, ਹਰਭਜਨ ਸਿੰਘ, ਸਾਬਕਾ ਸਰਪੰਚ ਨਿੰਦਰ ਸਿੰਘ, ਲਖਵਿੰਦਰ ਸਿੰਘ, ਬਾਬਾ ਵਿੱਕੀ, ਸੁਖਦੇਵ ਸਿੰਘ, ਅਮਨਦੀਪ ਸਿੰਘ ਗੋਪੀ, ਹਰਿ ਓਮ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਲੋਕ ਭਲਾਈ ਲਈ ਸਮਰਪਿਤ ਸਾਂਸਦ ਅਰੋੜਾ : ਸੰਜੀਵ ਕਾਲੜਾ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਬੁੱਧਵਾਰ ਸ਼ਾਮ ਨੂੰ ਭਾਰਤ ਦੇ ਸਭ ਤੋਂ ਵੱਡੇ ਉਦਯੋਗਿਕ ਫਾਸਟਨਰ ਨਿਰਮਾਤਾ ਦੀਪਕ ਫਾਸਟਨਰਜ਼ ਲਿਮਟਿਡ ਦੇ ਦਫ਼ਤਰ ਦਾ ਦੌਰਾ ਕੀਤਾ ਅਤੇ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਸਮਰਥਨ ਮੰਗਿਆ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਅਰੋੜਾ ਨੇ ਆਪਣਾ ਤਿੰਨ ਸਾਲਾ ਰਿਪੋਰਟ ਕਾਰਡ ਪੇਸ਼ ਕੀਤਾ ਜਿਸ ਵਿੱਚ ਉਨ੍ਹਾਂ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਅਤੇ ਅੱਗੇ ਵਧਾਏ ਗਏ ਪ੍ਰਮੁੱਖ ਵਿਕਾਸ ਪ੍ਰੋਜੈਕਟਾਂ ਦਾ ਜ਼ਿਕਰ ਕੀਤਾ ਗਿਆ। ਇਨ੍ਹਾਂ ਵਿੱਚ ਹਲਵਾਰਾ ਹਵਾਈ ਅੱਡਾ, ਐਲੀਵੇਟਿਡ ਰੋਡ ਪ੍ਰੋਜੈਕਟ, ਈਐਸਆਈ ਅਤੇ ਸਿਵਲ ਹਸਪਤਾਲਾਂ ਦਾ ਅਪਗ੍ਰੇਡੇਸ਼ਨ ਅਤੇ ਸਿੱਧਵਾਂ ਨਹਿਰ ਉੱਤੇ ਚਾਰ ਨਵੇਂ ਪੁਲਾਂ ਦਾ ਨਿਰਮਾਣ ਸ਼ਾਮਲ ਹੈ। ਉਨ੍ਹਾਂ ਨੇ ਐਲੀਵੇਟਿਡ ਸੜਕ ਦੇ ਨਾਲ ਪਾਰਕਿੰਗ ਸਥਾਨ ਬਣਾਉਣ ਸਾਈਕਲ ਟਰੈਕਾਂ ਦਾ ਵਿਕਾਸ ਅਤੇ ਐਲੀਵੇਟਿਡ ਸੜਕ ਦੇ ਹੇਠਾਂ ਸੁੰਦਰੀਕਰਨ ਲਈ ਕੀਤੇ ਗਏ ਯਤਨਾਂ ਦਾ ਵੀ ਜ਼ਿਕਰ ਕੀਤਾ। ਮੈਨੂੰ ਖੁਸ਼ੀ ਹੈ ਕਿ ਨਿਰੰਤਰ ਯਤਨਾਂ ਦੇ ਨਤੀਜੇ ਵਜੋਂ ਸਾਰਥਕ ਵਿਕਾਸ ਹੋਇਆ ਹੈ ਅਰੋੜਾ ਨੇ ਕਿਹਾ। ਇਨ੍ਹਾਂ ਵੱਡੇ ਪੱਧਰ ਦੇ ਪ੍ਰੋਜੈਕਟਾਂ ਤੋਂ ਇਲਾਵਾ ਮੈਂ ਸ਼ਹਿਰ ਦੇ ਮੁੱਖ ਨਾਗਰਿਕ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਵੀ ਕੰਮ ਕੀਤਾ ਹੈ ਜਿਸ ਵਿੱਚ 15,000 ਤੋਂ ਵੱਧ ਐਲਈਡੀ ਸਟਰੀਟ ਲਾਈਟਾਂ ਦੀ ਸਥਾਪਨਾ ਸੜਕਾਂ ਅਤੇ ਜਨਤਕ ਪਾਰਕਾਂ ਵਿੱਚ ਸੁਧਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਸ਼ਾਮਲ ਹਨ। ਉਨ੍ਹਾਂ ਨੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਮਰਥਨ ਕਰਨ ਅਤੇ ਵਿਕਾਸ ਦੀ ਪ੍ਰਗਤੀ ਦੇ ਆਧਾਰ 'ਤੇ ਉਨ੍ਹਾਂ ਨੂੰ ਵੋਟ ਪਾਉਣ। ਦੀਪਕ ਫਾਸਟਨਰਜ਼ ਲਿਮਟਿਡ ਦੇ ਪ੍ਰੈਜ਼ੀਡੈਂਟ ਅਤੇ ਮੈਨੇਜਿੰਗ ਡਾਇਰੈਕਟਰ ਸੰਜੀਵ ਕਾਲੜਾ ਨੇ ਵਿਕਾਸ ਵਿੱਚ ਅਰੋੜਾ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਹ ਇੱਕ ਚੰਗੇ ਇਨਸਾਨ ਹਨ ਅਤੇ ਸਮਾਜ ਪ੍ਰਤੀ ਪੂਰੀ ਤਰ੍ਹਾਂ ਨਾਲ ਵਚਨਬੱਧ ਹਨ। ਅੱਜ ਦੇ ਸਿਆਸਤਦਾਨਾਂ ਵਿੱਚੋਂ ਅਰੋੜਾ ਲੋਕ ਭਲਾਈ ਪ੍ਰਤੀ ਆਪਣੇ ਜਨੂੰਨ ਅਤੇ ਸਮਰਪਣ ਲਈ ਜਾਣੇ ਜਾਂਦੇ ਹਨ ਕਾਲੜਾ ਨੇ ਕਿਹਾ।

## ਲੁਧਿਆਣਾ ਪੱਛਮੀ ਜ਼ਿਮਨੀ ਚੋਣ-14 ਉਮੀਦਵਾਰ ਲੜਨਗੇ ਚੋਣ : ਸਿਬਿਨ ਸੀ



ਲੁਧਿਆਣਾ/ਚੰਡੀਗੜ੍ਹ, 5 ਮਈ (ਵਿਸ਼ਾਲ ਸ਼ਰਮਾ) : ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਲਈ ਕੁੱਲ 14 ਉਮੀਦਵਾਰ ਚੋਣ ਲੜਨਗੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਅੱਜ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਇੱਕ ਆਜ਼ਾਦ ਉਮੀਦਵਾਰ ਕਮਲ ਪਵਾਰ ਵੱਲੋਂ ਨਾਮਜ਼ਦਗੀ ਵਾਪਸ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 15 ਨਾਮਜ਼ਦਗੀਆਂ ਸਹੀ ਪਾਈਆਂ ਗਈਆਂ ਸਨ ਅਤੇ ਹੁਣ ਇੱਕ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲੈਣ ਤੋਂ ਬਾਅਦ ਕੁੱਲ 14 ਉਮੀਦਵਾਰਾਂ ਚੋਣ ਮੈਦਾਨ ਵਿਚ ਰਹਿ ਗਏ ਹਨ। ਜ਼ਿਕਰਯੋਗ ਹੈ ਕਿ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ ਅਤੇ 23 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

## 'ਸਾਕਾ ਨੀਲਾ ਤਾਰਾ' ਤੋਂ ਕਿਵੇਂ ਬਚ ਸਕਦੇ ਹਾਂ : ਠਾਕੁਰ ਦਲੀਪ ਸਿੰਘ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਇਹਨਾਂ ਦਿਨਾਂ ਵਿਚ ਬਹੁਤ ਥਾਵਾਂ ਤੇ 1984 ਵਿੱਚ ਹੋਏ 'ਸਾਕਾ ਨੀਲਾ ਤਾਰਾ' ਦੀ ਯਾਦ ਵਿੱਚ ਕਈ ਸਮਾਗਮ ਕੀਤੇ ਜਾ ਰਹੇ ਹਨ। ਇਹਨਾਂ ਦਿਨਾਂ ਵਿਚ ਹਰਿ ਮੰਦਿਰ ਸਾਹਿਬ ਉਤੇ ਹਮਲਾ ਹੋਇਆ ਅਤੇ ਬਹੁਤ ਸਾਰੇ ਸਿੱਖਾਂ ਦੀਆਂ ਅਨਮੋਲ ਜਾਨਾਂ ਗਈਆਂ। ਸਿੱਖਾਂ ਨੂੰ ਅਤੰਕਵਾਦੀ ਕਹਿ ਕੇ ਬਦਨਾਮ ਕੀਤਾ ਗਿਆ। ਹੁਣ ਇਹਨਾਂ ਸਮਾਗਮਾਂ ਦੌਰਾਨ ਅਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਸਿੱਖਾਂ ਦਾ ਇਹ ਨੁਕਸਾਨ ਕਿਉਂ ਹੋਇਆ।

ਜਿਸ ਭਾਰਤ ਦੇਸ਼ ਦੀ ਸਵਤੰਤਰਤਾ ਵਾਸਤੇ ਅਸੀਂ ਸਿੱਖਾਂ ਨੇ ਸਭ ਤੋਂ ਵੱਧ ਸ਼ਹੀਦੀਆਂ ਦਿੱਤੀਆਂ ਅਤੇ ਕਸ਼ਟ ਝੱਲੇ ਉਸ ਸਾਡੇ ਸਵਤੰਤਰ ਭਾਰਤ ਵਿੱਚ ਸਾਡੇ ਨਾਲ ਭਾਰਤ ਸਰਕਾਰ ਵਲੋਂ ਹੀ ਦੁਰਵਿਹਾਰ ਕਿਉਂ ਹੋਇਆ ਮੈਂ ਇਸ ਗੱਲ ਉੱਤੇ ਬਹੁਤ ਵਿਚਾਰ ਕੇ ਇਹ ਨਿਸ਼ਕਰਸ਼ ਕੱਢਿਆ ਹੈ ਕਿ ਸਾਡੇ ਨਾਲ ਐਸੇ ਅਤਿਆਚਾਰ ਤਾਂ ਹੁੰਦੇ ਹਨ ਕਿਉਂਕਿ ਅਸੀਂ ਗੁਰਬਾਣੀ ਵਿੱਚ ਲਿਖੇ ਨੂੰ ਮੰਨਦੇ ਨਹੀਂ ਕੇਵਲ ਮੱਥੇ ਟੇਕਦੇ ਹਾਂ ਗੁਰਬਾਣੀ ਵਿੱਚ ਲਿਖਿਆ ਹੈ ਸਿੱਖਾਂ ਨੂੰ ਵਿਚਾਰਵਾਨ ਹੋਣਾ ਚਾਹੀਦਾ ਹੈ ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ਪਰ ਅਸੀਂ ਵਿਚਾਰਨ ਵੱਲ ਤੁਰਦੇ ਹੀ ਨਹੀਂ ਵਿਚਾਰਵਾਨ ਹੋਣਾ ਤਾਂ ਦੂਰ ਦੀ ਗੱਲ ਹੈ। ਗੁਰਬਾਣੀ ਵਿਚ ਸਿੱਖਾਂ ਵਾਸਤੇ ਦੂਸਰਾ ਆਦੇਸ਼ ਹੈ ਇਕੱਠੇ ਹੋਵੋ ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ। ਅਸੀਂ ਇਕੱਠੇ ਤਾਂ ਕੀ ਹੋਣਾ ਹੈ ਏਕਤਾ ਦੀ ਗੱਲ ਸੁਣਦੇ ਤੱਕ ਨਹੀਂ ਉਲਟਾ ਹਰ ਸਮੇਂ ਇੱਕ-ਦੂਸਰੇ ਦਾ ਵਿਰੋਧ ਕਰਦੇ ਹਾਂ। ਸਾਰੇ ਸਮਾਗਮਾਂ ਵਿੱਚ ਆਪਾਂ ਹਰਿਮੰਦਿਰ ਸਾਹਿਬ ਅਤੇ ਸਿੱਖਾਂ ਦੇ ਨੁਕਸਾਨ ਦਾ ਦੋਸ਼ ਕਿਸੇ ਉਤੇ ਲਾ ਰਹੇ ਹਾਂ। ਹੈਰਾਨੀ ਦੀ ਗੱਲ ਹੈ ਜਿਸ ਉੱਤੇ ਦੋਸ਼ ਲਾ ਰਹੇ ਹਾਂ ਉਸੇ ਤੋਂ ਨਿਆਂ ਦੀ ਮੰਗ ਕਰ ਰਹੇ ਹਾਂ। ਜੋ ਕਿ ਗੁਰਬਾਣੀ ਵਿਚ ਲਿਖੇ ਦਾ ਵਿਰੋਧ ਹੈ। ਗੁਰਬਾਣੀ ਵਿਚ ਲਿਖਿਆ ਹੈ ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।

1984 ਵਿਚ ਸਿੱਖਾਂ ਦਾ ਨੁਕਸਾਨ ਹੋਣ ਦੇ ਤਿੰਨ ਵੱਡੇ ਕਾਰਨ ਹਨ। ਪਹਿਲਾ ਕਾਰਨ ਹੈ ਸਿੱਖ ਵਿਚਾਰਵਾਨ ਨਹੀਂ ਸੀ। ਦੂਸਰਾ ਕਾਰਨ ਸਿੱਖ ਇਕੱਠੇ ਨਹੀਂ ਸਨ। ਤੀਸਰਾ ਕਾਰਨ ਰਾਜ ਸਿਖਾਂ ਦਾ ਨਹੀਂ ਸੀ। ਚੌਥਾ ਕਾਰਨ ਸਿੱਖ ਆਖੇ ਜਾਂਦੇ ਸਿੱਖ ਸਰੂਪ ਵਾਲੇ (ਕੇਸ-ਦਾੜ੍ਹੀ ਵਾਲੇ) ਨੇਤਾਵਾਂ ਦੀ ਸੋਚ ਪੰਥ ਪ੍ਰਤੀ ਸੁਹਿਰਦ ਨਹੀਂ ਸੀ। ਇਹਨਾਂ ਕਾਰਨਾਂ ਕਰਕੇ ਇਹ ਸਾਕਾ ਹੋਇਆ। ਇਸ ਵਾਸਤੇ ਇਹਨਾਂ ਤਿੰਨਾਂ ਕਾਰਨਾ ਨੂੰ ਦੂਰ ਕਰਨ ਲਈ 1.ਸਿੱਖਾਂ ਨੂੰ ਵਿਚਾਰਵਾਨ ਬਣਨ ਦੀ ਲੋੜ ਹੈ। 2.ਸਿੱਖਾਂ ਨੂੰ ਇਕੱਠੇ ਹੋਣ ਦੀ ਲੋੜ ਹੈ। 3.ਆਪਣਾ ਰਾਜ ਸਥਾਪਿਤ ਕਰਨ ਦੀ ਲੋੜ ਹੈ। 4.ਸਿੱਖੀ ਸਰੂਪ ਵਾਲੇ ਸਿੱਖ ਅਖਵਾਉਂਦੇ ਨੇਤਾਵਾਂ ਨੂੰ ਆਪਣੀ ਸੋਚ ਪੰਥ ਪ੍ਰਤੀ ਸੁਹਿਰਦ ਬਣਾਉਣ ਦੀ ਲੋੜ ਹੈ।

ਪੰਥ ਵਧਾਉਣ ਲਈ ਸਿੱਖ ਦੀ ਪਰਿਭਾਸ਼ਾ ਬਦਲਣ ਦੀ ਲੋੜ ਹੈ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲਾ ਕੇਵਲ ਮਨੁੱਖ ਹੀ ਨਹੀਂ ਹਰ ਪ੍ਰਾਣੀ ਸਿੱਖ ਹੈ। ਗੁਰਦੁਆਰਿਆਂ ਵਿੱਚ ਵੋਟਾਂ ਨਾਲ ਕਮੇਟੀਆਂ ਚੁਣਨ ਦੀ



ਬਜਾਏ ਸਰਬ-ਸੰਮਤੀ ਕਰਨੀ ਅਤੀ ਆਵਸ਼ੱਕ ਹੈ। ਅੱਜ ਆਪਾਂ ਗੁਰਦੁਆਰਿਆਂ ਵਿੱਚ ਗੋਲਕਾਂ ਅਤੇ ਪਦਵੀਆਂ ਪਿੱਛੇ ਹੀ ਲੜੀ ਜਾਂਦੇ ਹਾਂ ਤਾਂ ਅਸੀਂ ਆਪਸ ਵਿੱਚ ਲੜ ਕੇ ਕਿਸੇ ਵੱਡੇ ਖੇਤਰ ਉੱਤੇ ਰਾਜ ਕਿਵੇਂ ਕਰਾਂਗੇ।

## ਸ਼ੈਡੋ ਰਜਿਸਟਰਾਂ ਦਾ ਮਿਲਾਨ 9,13,17 ਜੂਨ ਨੂੰ ਉਮੀਦਵਾਰਾਂ ਦੇ ਰਜਿਸਟਰਾਂ ਨਾਲ ਕੀਤਾ ਜਾਵੇਗਾ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਖਰਚਾ ਨਿਗਰਾਨ ਇੰਦਾਨਾ ਅਸ਼ੋਕ ਕੁਮਾਰ 9,13 ਅਤੇ 17 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਚਤ ਭਵਨ ਵਿਖੇ 14 ਚੋਣ ਲੜ ਰਹੇ ਉਮੀਦਵਾਰਾਂ ਦੁਆਰਾ ਰੱਖੇ ਗਏ ਰਜਿਸਟਰਾਂ ਨਾਲ ਸ਼ੈਡੋ ਰਜਿਸਟਰਾਂ ਦੀ ਕਰਾਸ-ਚੈਕਿੰਗ ਕਰਨਗੇ। ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਸੰਜੀਵ ਅਰੋੜਾ, ਇੰਡੀਅਨ ਨੈਸ਼ਨਲ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ, ਭਾਜਪਾ ਦੇ ਜੀਵਨ ਗੁਪਤਾ, ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ, ਰਾਸ਼ਟਰੀ ਲੋਕ ਸੇਵਾ ਪਾਰਟੀ ਦੇ ਜਤਿੰਦਰ ਕੁਮਾਰ ਸ਼ਰਮਾ ਅਤੇ ਸ਼੍ਰੋਮਣੀ ਅਕਾਲ ਦਲ (ਅੰਮ੍ਰਿਤਸਰ) ਦੇ ਨਵਨੀਤ ਕੁਮਾਰ ਦੇ ਖਰਚਾ ਰਜਿਸਟਰਾਂ ਦਾ ਮਿਲਾਨ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕੀਤਾ ਜਾਵੇਗਾ। ਆਜ਼ਾਦ ਉਮੀਦਵਾਰਾਂ ਐਲਬਰਟ ਦੂਆ, ਗੁਰਦੀਪ ਸਿੰਘ ਕਾਹਲੋਂ, ਨੀਤੂ, ਪਰਮਜੀਤ ਸਿੰਘ ਭਾਰਜ, ਪਵਨਦੀਪ ਸਿੰਘ, ਇੰਜੀਨੀਅਰ ਬਲਦੇਵ ਸਿੰਘ ਕਟਾਣਾ, ਰਾਜੇਸ਼ ਸ਼ਰਮਾ ਅਤੇ ਰੇਣੂ ਦੇ ਖਰਚ ਰਜਿਸਟਰਾਂ ਦਾ ਮਿਲਾਨ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਅੱਗੇ ਕਿਹਾ ਕਿ ਸਾਰੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਆਪਣਾ ਖਰਚ ਰਜਿਸਟਰ ਅਤੇ ਹੋਰ ਰਿਕਾਰਡ ਜਿਵੇਂ ਕਿ ਕੈਸ਼ ਬੁੱਕ, ਬੈਂਕ ਵਾਊਚਰ, ਬੈਂਕ ਸਟੇਟਮੈਂਟ ਅਤੇ ਸਾਰੇ ਖਾਤੇ ਦੇ ਰਿਕਾਰਡ ਲਿਆਉਣੇ ਚਾਹੀਦੇ ਹਨ।

## ਵਿਸ਼ਵ ਵਾਤਾਵਰਨ ਦਿਵਸ 'ਤੇ ਸ਼੍ਰੀ ਰਾਧਾ ਕ੍ਰਿਸ਼ਨ ਗਊਸ਼ਾਲਾ ਸੇਵਾ ਸੁਸਾਇਟੀ ਵਿਖੇ ਬੂਟੇ ਲਗਾਏ



ਡੇਹਲੋਂ, 5 ਜੂਨ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ): ਵਣ ਮੰਡਲ ਅਫਸਰ ਲੁਧਿਆਣਾ ਸ਼੍ਰੀ ਰਾਜੇਸ਼ ਗੁਲਾਟੀ ਜੀ, ਵਣ ਰੇਂਜ ਅਫਸਰ ਦੋਰਾਹਾ ਸ਼੍ਰੀ ਕਮਲਪ੍ਰੀਤ ਸਿੰਘ ਜੀ ਅਤੇ ਬਲਾਕ ਅਫ਼ਸਰ ਸ਼੍ਰੀ ਤੀਰਥ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀ? ਰਾਧਾ ਕ੍ਰਿਸ਼ਨ ਗਊਸ਼ਾਲਾ ਸੇਵਾ ਸੁਸਾਇਟੀ ਸਾਹਨੇਵਾਲ ਸੜਕ ਡੇਹਲੋਂ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਸ਼੍ਰੀ ਅਮਰਜੀਤ ਸਿੰਘ ਸੰਧੂ ਤੇ ਚੇਅਰਮੈਨ ਰਣਬੀਰ ਸਿੰਘ ਮਹਿਮੀ ਤੋਂ ਬੂਟਾ ਲਗਾਵਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ ਜਿਸ ਵਿੱਚ ਵਾਤਾਵਰਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪਲਾਸਟਿਕ ਨਾ ਵਰਤਣ ਲਈ ਪ੍ਰੇਰਿਤ ਕੀਤਾ ਗਿਆ ਇਸ ਮੌਕੇ ਤੇ ਸ਼੍ਰੀ ਜਸਵੀਰ ਸਿੰਘ ਸ਼ੇਰਗਿੱਲ ਇੰਚਾਰਜ ਡੇਹਲੋਂ ਬੀਟ, ਸ਼੍ਰੀ ਸੁਖਵਿੰਦਰ ਸਿੰਘ ਕੈਲੈ (ਐਸ ਕੇ ਡੇਹਲੋਂ), ਸ਼੍ਰੀ ਬਲਵਿੰਦਰ ਸਿੰਘ ਜੱਸੋਵਾਲ, ਸ਼੍ਰੀ ਅੰਮ੍ਰਿਤਪਾਲ ਸਿੰਘ ਗਿੱਲ, ਸ਼੍ਰੀ ਤਿ?ਰਭੁਵਨ ਕੁਮਾਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸੁਖਬੀਰ ਬਾਦਲ ਦੀ ਹਾਜ਼ਰੀ 'ਚ ਸਾਬਕਾ ਮੰਤਰੀ ਠੰਡਲ ਮੁੜ ਅਕਾਲੀ ਦਲ ਵਿੱਚ ਸ਼ਾਮਲ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਨੂੰ ਦੋਆਬਾ ਇਲਾਕੇ ਅਤੇ ਲੁਧਿਆਣਾ ਪੱਛਮੀ ਮਨੀ ਚੋਣ ਵਿਚ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਢਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਬਾਦਲ ਨੇ ਇਸ ਮੌਕੇ ਕਿਹਾ ਕਿ ਪੰਜਾਬ ਵਿਚ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਸਿਰਫ ਸ਼੍ਰੋਮਣੀਅਕਾਲੀ ਦਲ ਹੀ ਮੁੜ ਸੂਬੇ ਨੂੰ ਸਾਂਤੀ ਤੇ ਵਿਕਾਸ ਦੇ ਰਾਹ 'ਤੇ ਲੈ ਕੇ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਸਰਦਾਰ ਠੰਢਲ ਨੇ ਮੁੜ ਪਾਰਟੀ ਵਿਚ ਵਾਪਸੀ ਦਾ ਫੈਸਲਾ ਕੀਤਾ ਹੈ ਅਤੇ ਇਹੀ ਕਾਰਨ ਹੈ ਕਿ ਆਉਂਦੇ ਦਿਨਾਂ ਵਿਚ ਹੋਰ ਸਿਆਸੀ ਪਾਰਟੀਆਂ ਦੇ ਆਗੂ ਵੀ ਵੱਡੀ ਗਿਣਤੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸਾਮਲ ਹੋਣਗੇ। ਇਸ ਮੌਕੇ ਸੰਬੋਧਨ ਕਰਦਿਆਂ ਸਰਦਾਰ ਸੋਹਣ ਸਿੰਘ ਠੰਢਲ ਨੇ ਕਿਹਾ ਕਿ ਉਹਨਾਂ ਆਪਣੇ ਹਲਕੇ ਦੇ ਕੁਝ ਮਸਲਿਆਂ ਕਾਰਨ ਪਾਰਟੀ ਛੱਡੀ ਸੀ ਪਰ ਦਿਲੋਂ ਮੈਂ ਹਮੇਸਾ ਅਕਾਲੀ ਦਲ ਦੇ ਨੇੜੇ ਰਿਹਾ। ਉਹਨਾਂ ਕਿਹਾ ਕਿ ਮੈਂ ਕਦੇ ਵੀ ਅਕਾਲੀ ਦਲ ਦੀ ਨਿੰਦਾ ਨਹੀਂ ਕੀਤੀ ਅਤੇ ਪਾਰਟੀ ਨੇ ਵੀ ਮੈਨੂੰ ਹਮੇਸ਼ਾ ਮਾਣ ਸਤਿਕਾਰ ਦਿੱਤਾ। ਬਾਦਲ ਨੇ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਵੀ ਵੇਖਿਆ ਹੈ ਕਿ ਕਿਵੇਂ ਪਿਛਲੇ 8 ਸਾਲਾਂ ਵਿਚ ਕਾਂਗਰਸ ਤੇ ਆਪ ਸਰਕਾਰਾਂ ਦੇ ਰਾਜ ਵਿਚ ਵਿਕਾਸ ਕਾਰਜ ਠੱਪ ਹੋ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੀ ਵਾਗਡੋਰ ਅਰਵਿੰਦ ਕੇਜਰੀਵਾਲ ਤੇ ਉਸਦੀ ਜੁੰਡਲੀ ਹੱਥ ਸੌਂਪਣ ਦੀ ਵੀ ਨਿਖੇਧੀ ਕੀਤੀ। ਇਸ ਮੌਕੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਮਹੇਸਇੰਦਰ ਸਿੰਘ ਗਰੇਵਾਲ, ਭੁਪਿੰਦਰ ਸਿੰਘ ਭਿੰਦਾ, ਸਰਨਜੀਤ ਢਿੱਲੋਂ ਪਰਉਪਕਾਰ ਸਿੰਘ ਘੁੰਮਣ, ਵੀ ਹਾਜਰ ਸਨ। ਬਾਅਦ ਵਿਚ ਪਾਰਟੀ ਪ੍ਰਧਾਨ ਨੇ ਪਾਰਟੀ ਵਰਕਰਾਂ ਨਾਲ ਬੂਥ ਵਾਈਜ ਮੀਟਿੰਗਾਂ ਕੀਤੀਆਂ ਅਤੇ ਚੋਣ ਪ੍ਰਚਾਰ ਮੁਹਿੰਮ ਦੀ ਸਮੀਖਿਆ ਕੀਤੀ।

## ਸੁਖਬੀਰ ਬਾਦਲ ਨਾਲ ਕਮਲਜੀਤ ਮਠਾੜੂ ਨੇ ਬੂਥ ਇੰਚਾਰਜਾਂ ਦੀਆਂ ਮੀਟਿੰਗਾਂ ਕਰਵਾਈਆਂ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਸਥਾਨਕ ਵਾਰਡ ਨੰਬਰ 56 ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਗਦੀਸ਼ ਸਿੰਘ ਬਿੱਟੂ ਅਤੇ ਸੁਰਮੀਤ ਤਲਵੰਡੀ ਦੇ ਘਰ ਉਚੇਚੇ ਤੌਰ 'ਤੇ ਪਹੁੰਚੇ ਜਿੱਥੇ ਕਿ ਉਹਨਾਂ ਨੇ ਦੋ ਮੀਟਿੰਗਾਂ ਕੀਤੀਆਂ। ਵਾਰਡ ਇੰਚਾਰਜ ਕਮਲਜੀਤ ਸਿੰਘ ਮਠਾੜੂ ਨੇ ਸਰਦਾਰ ਬਾਦਲ ਨਾਲ ਇਸ ਵਾਰਡ ਦੀਆਂ ਵੱਖ ਵੱਖ ਬੂਥ ਕਮੇਟੀਆਂ ਦੇ ਇੰਚਾਰਜਾਂ ਨਾਲ ਮੁਲਾਕਾਤ ਕਰਵਾਈ। ਸ ਬਾਦਲ ਨੇ ਕਮੇਟੀ ਇੰਚਾਰਜਾਂ ਨੂੰ ਹੱਲਾਸ਼ੇਰੀ ਦਿੰਦਿਆਂ ਤਕੜੇ ਹੋ ਕੇ ਕੰਮ ਕਰਨ ਲਈ ਆਖਿਆ ਅਤੇ ਇਹ ਵੀ ਕਿਹਾ ਕਿ ਉਹ ਇਲਾਕੇ ਦੀ ਇੱਕ ਇੱਕ ਵੋਟ ਅਕਾਲੀ ਦਲ ਦੇ ਹੱਕ ਵਿੱਚ ਭੁਗਤਾਉਣ ਤਾਂ ਕਿ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਨੂੰ ਵੱਡੇ ਫਰਕ ਨਾਲ ਜਿਤਾਇਆ ਜਾ ਸਕੇ। ਇਸ ਮੌਕੇ ਸਤਵਿੰਦਰ ਸਿੰਘ ਮਠਾੜੂ, ਸ਼ਰਨਬੀਰ ਸਿੰਘ, ਸੁਭਾਸ਼, ਬਲਜੀਤ ਸਿੰਘ, ਰਾਜ ਕੁਮਾਰ, ਕ੍ਰਿਸ਼ਨਾ, ਰਮਨਦੀਪ, ਆਸ਼ਾ ਸਿੰਘ, ਕੁਲਦੀਪ ਸਿੰਘ ਮੰਡ, ਨਰਾਇਣ ਸਿੰਘ, ਸੋਹਣ ਸਿੰਘ, ਭੁਪਿੰਦਰ ਸਿੰਘ, ਰੁਪਿੰਦਰ ਸਿੰਘ, ਸਾਹਿਲ, ਪਵਨ ਕੌਰ ਗਿੱਲ ਅਤੇ ਸੋਨੂੰ ਬਿਰਲਾ ਆਦਿ ਵੀ ਮੌਜੂਦ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਲੁਧਿਆਣਾ ਵੱਲੋਂ 'ਰੁੱਖ ਲਗਾਓ' ਮੁਹਿੰਮ ਦਾ ਆਗਾਜ਼



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਲੁਧਿਆਣਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ -2025 ਮੌਕੇ ਅੱਜ ਜ਼ਿਲ੍ਹਾ ਕਚਹਿਰੀਆਂ ਲੁਧਿਆਣਾ ਵਿਖੇ 'ਰੁੱਖ ਲਗਾਓ' ਮੁਹਿੰਮ ਦਾ ਆਗਾਜ਼ ਕੀਤਾ ਗਿਆ। ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਰੀ ਹਦਾਇਤਾਂ, ਮੈਡਮ ਹਰਪ੍ਰੀਤ ਕੌਰ ਰੰਧਾਵਾ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕਮ ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਚਹਿਰੀਆਂ ਲੁਧਿਆਣਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਰੁੱਖ ਲਗਾਓ ਮੁਹਿੰਮ ਪੂਰਾ ਇੱਕ ਮਹੀਨਾ ਜਾਰੀ ਰਹੇਗੀ।

ਇਸ ਮੌਕੇ ਉਨ੍ਹਾਂ ਨਾਲ ਮੈਡਮ ਸਾਰੂ ਮਹਿਤਾ, ਮਾਨਯੋਗ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀ ਸੰਦੀਪ ਸਿੰਘ ਬਾਜਵਾ ਮਾਨਯੋਗ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀ ਜਸਪਿੰਦਰ ਸਿੰਘ, ਮਾਨਯੋਗ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਸ੍ਰੀਮਤੀ ਡੇਜ਼ੀ ਬਾਂਗਰ, ਮਾਨਯੋਗ ਸਿਵਲ ਜੱਜ ਸੀਨੀਅਰ ਡਵੀਜ਼ਨ, ਸ੍ਰੀਮਤੀ ਸੁਮਿਤ ਸੱਭਰਵਾਲ, ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ, ਸ੍ਰੀ ਵਿਪਿਨ ਸੱਗਰ, ਸਕੱਤਰ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ, ਸ੍ਰੀ ਹਿਮਾਂਸ਼ੂ ਵਾਲੀਆ, ਸਕੱਤਰ ਜ਼ਿਲ੍ਹਾ ਬਾਰ ਐਸੋਸੀਏਸ਼ਨ, ਸ੍ਰੀ ਰਾਜੇਸ਼ ਗੁਲਾਟੀ, ਜ਼ਿਲ੍ਹਾ ਜੰਗਲਾਤ ਅਫਸਰ, ਸ੍ਰੀ ਕਮਲਪ੍ਰੀਤ ਸਿੰਘ, ਰੇਂਜ ਅਫਸਰ ਮੌਜੂਦ ਸਨ। ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਸੈਸ਼ਨ ਜੱਜ ਵੱਲੋਂ ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਮੁਹਿੰਮ ਤਹਿਤ 05 ਜੂਨ ਤੋਂ 5 ਜੁਲਾਈ, 2025 ਤੱਕ ਜ਼ਿਲ੍ਹਾ ਕਚਹਿਰੀਆਂ, ਪ੍ਰਬੰਧਕੀ ਕੰਪਲੈਕਸ, ਲੁਧਿਆਣਾ, ਸਮੂਹ ਸਬ-ਡਵੀਜ਼ਨਾਂ (ਜਗਰਾਓਂ, ਪਾਇਲ, ਸਮਰਾਲਾ, ਖੰਨਾ), ਸੈਂਟਰਲ ਜੇਲ੍ਹ, ਬੋਰਸਟਲ ਜੇਲ੍ਹ, ਵੂਮੈਨ ਜੇਲ੍ਹ, ਲੁਧਿਆਣਾ, ਵੱਖ ਵੱਖ ਪਿੰਡਾਂ ਅਤੇ ਸਕੂਲਾਂ ਆਦਿ ਵਿਖੇ ਵਣ ਵਿਭਾਗ ਲੁਧਿਆਣਾ ਦੇ ਸਹਿਯੋਗ ਨਾਲ 15000 ਦੇ ਕਰੀਬ ਬੂਟੇ ਲਗਾਏ ਜਾਣੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਮੁਹਿੰਮ ਦੇ ਆਖਰੀ ਦਿਨ "ਇੱਕ ਜੱਜ - ਇੱਕ ਰੁੱਖ" ਪ੍ਰਾਜੈਕਟ ਚਲਾਇਆ ਜਾਵੇਗਾ। ਜਿਸ ਅਧੀਨ ਹਰੇਕ ਜੁਡੀਸ਼ੀਅਲ ਅਫਸਰ ਨੂੰ ਇੱਕ ਬੂਟਾ ਦਿੱਤਾ ਜਾਵੇਗਾ।

## ਹਲਕਾ ਦੱਖਣੀ ਦੇ ਵਸਨੀਕਾਂ ਨੂੰ 24 ਘੰਟੇ ਨਿਰਵਿਘਨ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ : ਵਿਧਾਇਕ ਛੀਨਾ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਲੁਧਿਆਣਾ ਦੇ ਵਸਨੀਕਾਂ ਨੂੰ ਸਾਫ-ਸੁਥਰੇ ਪੀਣ ਵਾਲੇ ਪਾਣੀ ਦੀ 24 ਘੰਟੇ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਨਵੇਂ ਪਾਈਪਲਾਈਨ ਪ੍ਰੋਜੈਕਟ ਦੇ ਰਸਮੀ ਉਦਘਾਟਨ ਕੀਤਾ। ਵਿਧਾਇਕ ਛੀਨਾ ਦੀ ਅਗਵਾਈ ਹੇਠ, ਵਿਸ਼ਵ ਬੈਂਕ ਦੀ ਸਹਾਇਤਾ ਨਾਲ ਨਹਿਰੀ ਪਾਣੀ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਪ੍ਰੋਜੈਕਟ ਤਹਿਤ ਈਸਟਮੈਨ ਚੌਂਕ ਤੋਂ ਕੰਗਣਵਾਲ ਤੱਕ ਇੱਕ ਨਵੀ ਪਾਈਪਲਾਈਨ ਵਿਛਾਈ ਜਾਵੇਗੀ। ਇਸ ਯੋਜਨਾ ਰਾਹੀਂ, ਨਹਿਰੀ ਪਾਣੀ ਸਿੱਧਾ ਹਰ ਘਰ ਤੱਕ ਪਹੁੰਚੇਗਾ, ਜਿਸ ਨਾਲ ਸਾਫ਼, ਸਿਹਤਮੰਦ ਅਤੇ ਨਿਰੰਤਰ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ। ਵਿਧਾਇਕ ਛੀਨਾ ਨੇ ਕਿਹਾ ਕਿ ਪੁਰਾਣੀਆਂ, ਟੁੱਟੀਆਂ ਪਾਈਪਾਂ ਨੂੰ ਮਜ਼ਬੂਤ, ਨਵੀਂ-ਤਕਨੀਕ ਵਾਲੀਆਂ ਲਾਈਨਾਂ ਨਾਲ ਬਦਲਿਆ ਜਾਵੇਗਾ ਜੋ ਪਾਣੀ ਦੀ ਬਰਬਾਦੀ ਨੂੰ ਰੋਕਣ ਵਿੱਚ ਸਹਾਇਕ ਸਿੱਧ ਹੋਵੇਗੀ। ਵਿਧਾਇਕ ਛੀਨਾ ਨੇ ਸਪੱਸ਼ਟ ਕੀਤਾ ਕਿ ਇਹ ਪ੍ਰੋਜੈਕਟ ਕਰੀਬ ਤਿੰਨ ਸਾਲਾਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ ਅਤੇ ਸ਼ਹਿਰ ਦੇ ਵਸਨੀਕਾਂ ਨੂੰ 10 ਘੰਟੇ ਦੀ ਬਜਾਏ 24 ਘੰਟੇ ਪਾਣੀ ਦੀ ਪੂਰਤੀ ਕੀਤੀ ਜਾਵੇਗੀ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬਿਜਲੀ, ਪਾਣੀ, ਸਟਰੀਟ ਲਾਈਟਾਂ, ਸਿਹਤ, ਮਿਆਰੀ ਸਿੱਖਿਆ ਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

## ਹਲਕਾ ਪੱਛਮੀ ਦੇ ਲੋਕ ਆਸ਼ੂ ਨੂੰ ਦੇ ਰਹੇ ਨੇ ਵੱਡਾ ਹੁੰਗਾਰਾ : ਡਾ ਓਂਕਾਰ ਚੰਦ ਸ਼ਰਮਾ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਤੋਂ ਹੋ ਰਹੀ ਉਪ ਚੋਣ ਵਿੱਚ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਹ ਵਿਚਾਰ ਸੀਨੀਅਰ ਕਾਂਗਰਸੀ ਆਗੂ ਡਾਕਟਰ ਓਂਕਾਰ ਚੰਦ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਆਖਿਆ ਕਿ ਆਸ਼ੂ ਘਰ ਘਰ ਵਿਚਰਨ ਵਾਲੇ ਵਿਅਕਤੀ ਹਨ। ਪਿਛਲੇ ਸਮੇਂ ਦੌਰਾਨ ਉਹਨਾਂ ਨੇ ਰਿਕਾਰਡ ਤੋੜ ਵਿਕਾਸ ਕਰਵਾਏ, ਜਿਸ ਕਾਰਨ ਉਹ ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਆਪਣੀ ਤਸਵੀਰ ਬਣਾਈ ਬੈਠੇ ਹਨ। ਉਹਨਾਂ ਕਿਹਾ ਕਿ ਇਹਨਾਂ ਚੋਣਾਂ ਵਿੱਚ ਆਸ਼ੂ ਵੱਡੇ ਫਰਕ ਨਾਲ ਜਿੱਤ ਕੇ ਸਾਹਮਣੇ ਆਉਣਗੇ ਅਤੇ ਵਿਧਾਨ ਸਭਾ ਵਿੱਚ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨਗੇ।

## ਐਮ.ਪੀ. ਅਰੋੜਾ ਨੇ ਉਦਯੋਗਪਤੀਆਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਅਤੇ ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੇ ਵੀਰਵਾਰ ਨੂੰ ਇੱਥੇ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (FICO) ਦੁਆਰਾ ਆਯੋਜਿਤ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵਾਤਾਵਰਣ ਜ਼ਿੰਮੇਵਾਰੀ ਅਤੇ ਸਰਗਰਮ ਨਾਗਰਿਕ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਅਰੋੜਾ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ।

ਇਸ ਦਿਨ ਦੀ ਮਹੱਤਤਾ 'ਤੇ ਬੋਲਦਿਆਂ, ਅਰੋੜਾ ਨੇ ਕਿਹਾ ਕਿ ਵਿਸ਼ਵ ਵਾਤਾਵਰਣ ਦਿਵਸ ਉਦਯੋਗਾਂ ਨੂੰ ਟਿਕਾਊ ਅਭਿਆਸਾਂ ਨੂੰ ਅਪਣਾਉਣ ਲਈ ਇੱਕ ਮਹੱਤਵਪੂਰਨ ਯਾਦ ਦਿਵਾਉਂਦਾ ਹੈ। ਮੈਨੂੰ (FICO) ਇਸ ਮਹੱਤਵਪੂਰਨ ਦਿਨ ਨੂੰ ਮਨਾਉਂਦੇ ਹੋਏ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਉਨ੍ਹਾਂ ਟਿੱਪਣੀ ਕੀਤੀ ਸਾਰੀਆਂ ਉਦਯੋਗਿਕ ਇਕਾਈਆਂ ਨੂੰ ਵਾਤਾਵਰਣ ਅਨੁਕੂਲ ਢੰਗ ਨਾਲ ਕੰਮ ਕਰਨ ਦੀ ਅਪੀਲ ਕੀਤੀ। ਅਰੋੜਾ ਨੇ ਉਦਯੋਗਪਤੀਆਂ ਅਤੇ ਉੱਦਮੀਆਂ ਨੂੰ 19 ਜੂਨ ਨੂੰ ਹੋਣ ਵਾਲੀ ਉਪ ਚੋਣ ਵਿੱਚ ਆਪਣੀ ਵੋਟ ਪਾਉਣ ਦੀ ਭਾਵੁਕ ਅਪੀਲ ਕੀਤੀ। ਹਰ ਵੋਟ ਮਾਇਨੇ ਰੱਖਦੀ ਹੈ ਉਨ੍ਹਾਂ ਨੇ ਲੋਕਤੰਤਰ ਵਿੱਚ ਨਾਗਰਿਕ ਜ਼ਿੰਮੇਵਾਰੀ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ। ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਸਭਾ ਮੈਂਬਰ ਵਜੋਂ ਆਪਣੇ ਕਾਰਜਕਾਲ 'ਤੇ ਵਿਚਾਰ ਕਰਦੇ ਹੋਏ ਅਰੋੜਾ ਨੇ ਆਪਣਾ ਰਿਪੋਰਟ ਕਾਰਡ ਸਾਂਝਾ ਕੀਤਾ ਜਿਸ ਵਿੱਚ ਕਈ ਲੰਬੇ ਸਮੇਂ ਤੋਂ ਲਟਕ ਰਹੇ ਮੁੱਦਿਆਂ ਦੇ ਹੱਲ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਨੇ ਉਦਯੋਗ ਲਈ ਇੱਕ-ਵਾਰੀ ਨਿਪਟਾਰਾ (OTS) ਯੋਜਨਾ ਨੂੰ ਲਾਗੂ ਕਰਨ ਦਾ ਜ਼ਿਕਰ ਕੀਤਾ - ਜੋ ਕਿ 30 ਸਾਲਾਂ ਤੋਂ ਵੱਧ ਸਮੇਂ ਤੋਂ ਲਟਕਿਆ ਹੋਇਆ ਮੁੱਦਾ ਹੈ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਵਜੋਂ ਫੋਕਲ ਪੁਆਇੰਟ ਦੇ ਸਾਰੇ ਪੜਾਵਾਂ ਵਿੱਚ ਸੜਕਾਂ ਦੀ ਰੀਲੇਅ ਕਰਨ ਤੋਂ ਇਲਾਵਾ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੇ ਰਾਜ ਸਭਾ ਤੋਂ ਇਲਾਵਾ ਰਾਜ ਅਤੇ ਕੇਂਦਰ ਪੱਧਰ 'ਤੇ ਸਾਈਕਲ ਅਤੇ ਟੈਕਸਟਾਈਲ ਸੈਕਟਰਾਂ ਸਮੇਤ ਉਦਯੋਗ ਨਾਲ ਸਬੰਧਤ ਚਿੰਤਾਵਾਂ ਨੂੰ ਲਗਾਤਾਰ ਉਠਾਇਆ ਹੈ। ਅਰੋੜਾ ਨੇ ਹਲਵਾਰਾ ਹਵਾਈ ਅੱਡਾ, ਐਲੀਵੇਟਿਡ ਰੋਡ ਅਤੇ ਲੁਧਿਆਣਾ ਵਿੱਚ ਈਐਸਆਈ ਅਤੇ ਸਿਵਲ ਹਸਪਤਾਲਾਂ ਦੇ ਅਪਗ੍ਰੇਡੇਸ਼ਨ ਸਮੇਤ ਮੁੱਖ ਵਿਕਾਸ ਪ੍ਰੋਜੈਕਟਾਂ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਪੰਜਾਬ ਦੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ, ਗੁਰਮੀਤ ਸਿੰਘ ਕੁਲਾਰ, ਕੇਕੇ ਸੇਠ, ਚਰਨਜੀਤ ਸਿੰਘ ਵਿਸ਼ਵਕਰਮਾ, ਐਸ.ਐਸ ਭੋਗਲ, ਰਾਹੁਲ ਆਹੂਜਾ, ਅਵਤਾਰ ਸਿੰਘ ਭੋਗਲ, ਸਤਨਾਮ ਸਿੰਘ ਮੱਕੜ, ਸੁਭਾਸ਼ ਲਾਕੜਾ, ਅਰਸ਼ਪ੍ਰੀਤ ਸਿੰਘ ਸਾਹਨੀ ਅਤੇ ਮਨਾਵਾ ਸਮੇਤ ਕਈ ਉੱਘੇ ਉਦਯੋਗਪਤੀ ਅਤੇ ਆਗੂ ਹਾਜ਼ਰ ਸਨ।

## ਟ੍ਰੈਫ਼ਿਕ ਪੁਲਿਸ ਜਗਰਾਓਂ ਨੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸ਼ਿਕੰਜਾ ਕਸਿਆ



ਜਗਰਾਓਂ, 5 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਪੁਲਿਸ ਜਿਲਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਸਖਤੀ ਕੀਤੀ ਗਈ ਹੈ। ਡੀਐਸਪੀ ਗੋਪਾਲ ਕ੍ਰਿਸ਼ਨ ਦੀ ਅਗਵਾਈ ਹੇਠ ਟਰੈਫਿਕ ਪੁਲਿਸ ਨੇ ਜਗਰਾਉਂ ਅੰਦਰ ਸਖਤ ਕਾਰਵਾਈ ਕੀਤੀ। ਜਗਰਾਉਂ ਟਰੈਫਿਕ ਇੰਚਾਰਜ ਕੁਮਾਰ ਸਿੰਘ ਦੀ ਅਗਵਾਈ ਹੇਠ ਏਐਸਆਈ ਮਹਿੰਦਰ ਕੁਮਾਰ, ਸੀਨੀਅਰ ਕਾਂਸਟੇਬਲ ਹਰਵਿੰਦਰ ਸਿੰਘ ਵੱਲੋਂ ਮੇਨ ਬੱਸ ਸਟੈਂਡ ਚੌਂਕ ਨਾਕਾਬੰਦੀ ਕੀਤੀ ਗਈ। ਇਸ ਮੌਕੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ। ਜਿਨ੍ਹਾਂ ਵਹੀਕਲਾਂ ਦੇ ਨੰਬਰ ਪਲੇਟ (ਹਾਈ ਸਕਿਉਰਟੀ ਨੰਬਰ ਪਲੇਟ) ਨਹੀਂ ਲੱਗੀ ਸੀ ਉਸ ਦਾ ਚਲਾਨ ਕੀਤਾ ਗਿਆ। ਇਸ ਮੌਕੇ ਫੇਸ ਕਵਰ, ਤਿੰਨ ਸਵਾਰ, ਘੱਟ ਉਮਰ ਦੇ ਬੱਚਿਆਂ ਦਾ ਵਹੀਕਲ ਚਲਾਉਣਾ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕੀਤੀ ਗਈ। ਟਰੈਫਿਕ ਪੁਲਿਸ ਵੱਲੋਂ 40 ਦੇ ਕਰੀਬ ਚਲਾਨ ਮੋਟਰ ਵਹੀਕਲ ਐਕਟ ਦੇ ਤਹਿਤ ਕੀਤੇ ਗਏ। ਗੱਲਬਾਤ ਦੌਰਾਨ ਟਰੈਫਿਕ ਇੰਚਾਰਜ ਕੁਮਾਰ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਗੱਡੀਆਂ ਦੀ ਗਲਤ ਪਾਰਕਿੰਗ ਨਾ ਕੀਤੀ ਜਾਵੇ, ਗੱਡੀਆਂ ਨੂੰ ਰਸਤੇ ਵਿੱਚ ਨਾ ਖੜਾ ਕੀਤਾ ਜਾਵੇ, ਰੇੜੀ ਫੜੀ ਵਾਲਿਆਂ ਨੂੰ ਵੀ ਸੰਦੇਸ਼ ਦਿੱਤਾ ਕਿ ਬਾਜ਼ਾਰ ਵਿੱਚ ਨਾ ਖੜੀਆਂ ਕੀਤੀਆਂ ਜਾਣ। ਉਹਨਾਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਦੁਕਾਨਾਂ ਦੇ ਅੱਗੇ ਸਮਾਨ ਨਾ ਰੱਖਿਆ ਜਾਵੇ। ਦੁਕਾਨਾਂ ਦਾ ਸਮਾਨ ਆਪਣੀ ਦੁਕਾਨ ਦੀ ਹਦੂਦ ਦੇ ਅੰਦਰ ਹੀ ਰੱਖਿਆ ਜਾਵੇ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸੇ ਤਰ੍ਹਾਂ ਨਾਕਾਬੰਦੀ ਜਾਰੀ ਰਹੇਗੀ

## ਅਦਾਲਤ ਦੁਆਰਾ ਆਸ਼ੂ ਦੇ ਪਰਚੇ ਰੱਦ ਕਰਨਾ ਇਨਸਾਫ਼ ਦੀ ਜਿੱਤ : ਐਡਵੋਕੇਟ ਕੌਸਲ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਮਾਨਯੋਗ ਅਦਾਲਤ ਨੇ ਭਾਰਤ ਭੂਸ਼ਣ ਵਿਰੁੱਧ ਪਰਚੇ ਰੱਦ ਕਰਕੇ ਨਿਆਂ ਪ੍ਰਣਾਲੀ ਵਿੱਚ ਲੋਕਾਂ ਦੇ ਭਰੋਸੇ ਨੂੰ ਮਜਬੂਤ ਕੀਤਾ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਲੀਗਲ ਸੈੱਲ ਦੇ ਸੀਨੀਅਰ ਵਕੀਲ ਸਾਹਿਬਾਨ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਸੀਨੀਅਰ ਐਡਵੋਕੇਟ ਰਾਜੀਵ ਕੌਸਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਫੈਸਲਾ ਇਹ ਸਾਬਤ ਕਰਦਾ ਹੈ ਕਿ ਭਾਰਤ ਦੀ ਨਿਆਂ ਪ੍ਰਣਾਲੀ ਅਜੇ ਵੀ ਸੰਵਿਧਾਨਕ ਮੂਲਾਂ ਤੇ ਨਿਰਪੱਖਤਾ ਅਤੇ ਸੱਚ ਦੇ ਉੱਤੇ ਅਟੁੱਟ ਭਰੋਸਾ ਰੱਖਦੀ ਹੈ।"ਸ੍ਰੀ ਕੌਸਲ ਨੇ ਕਿਹਾ ਕਿ ਇਹ ਸਿਰਫ ਇੱਕ ਕਾਨੂੰਨੀ ਲੜਾਈ ਨਹੀਂ ਸੀ, ਇਹ ਲੋਕਤੰਤਰ, ਇਨਸਾਫ ਅਤੇ ਆਵਾਜ ਉਠਾਉਣ ਦੇ ਅਧਿਕਾਰ ਦੀ ਰੱਖਿਆ ਦੀ ਲੜਾਈ ਸੀ।" ਜਿਸ ਵਿੱਚ ਭਾਰਤ ਭੂਸਣ ਆਸ਼ੂ ਤਰਾਸ ਕੇ ਨਿਕਲਿਆ ਤੇ ਅੱਜ ਹੀਰੇ ਵਾਂਗ ਸੱਭ ਦੇ ਸਾਹਮਣੇ ਹੈ। ਇਸ ਮੌਕੇ ਲੁਧਿਆਣਾ ਪੱਛਮੀ ਹਲਕੇ ਦੀ ਚੋਣ ਮੁਹਿੰਮ ਦੇ ਇੰਚਾਰਜ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਰਾਣਾ ਨੇ ਕਿਹਾ ਕਿ ਲੁਧਿਆਣਾ ਪੱਛਮੀ ਹਲਕੇ ਤੋਂ ਪਾਰਟੀ ਉਮੀਦਵਾਰ ਭਾਰਤ ਭੂਸਣ ਆਸ਼ੂ ਤੇ ਦਰਜ ਝੂਠੇ ਪਰਚੇ ਰੱਦ ਹੋਏ ਇਹ ਮੌਜੂਦਾ ਸਰਕਾਰ ਤੇ ਉਸਦੇ ਆਗੂਆਂ ਦੇ ਮੂੰਹ ਤੇ ਮਾਨਯੋਗ ਨਿਆਂ ਪ੍ਰਣਾਲੀ ਦੀ ਕਰਾਰੀ ਚਪੇੜ ਹੈ। ਇਸ ਸੱਤਿਆਮੇਵ ਜਯੱਤੇ ਮੀਟਿੰਗ ਦੌਰਾਨ ਸਾਮਲ ਵਕੀਲ ਭਾਈਚਾਰੇ ਵਿੱਚ ਐਡਵੋਕੇਟ ਹਿੰਮਾਸੂ ਵਾਲੀਆ, ਐਡਵੋਕੇਟ ਪੁਨੀਤ ਸਰੀਨ, ਐਡਵੋਕੇਟ ਮੰਨਣ ਬੇਰੀ, ਐਡਵੋਕੇਟ ਪ੍ਰਿਤਪਾਲ ਮਿੰਕਲ, ਐਡਵੋਕੇਟ ਸਰਬਜੀਤ ਸਰਹਾਲੀ, ਐਡਵੋਕੇਟ ਗੌਤਮ ਸਰਮਾ, ਐਡਵੋਕੇਟ ਸੰਨੀ ਸਰਮਾ, ਐਡਵੋਕੇਟ ਰਾਕੇਸ ਸਰਮਾ, ਐਡਵੋਕੇਟ ਪ੍ਰਭ ਸੰਘਾ, ਐਡਵੋਕੇਟ ਮਯੰਕ ਜੈਨ, ਐਡਵੋਕੇਟ ਰਮਜੀਤ ਐਡਵੋਕੇਟ, ਕਿਨ ਭੱਲਾ ਐਡਵੋਕੇਟ ਕੁਨਾਲ ਵੋਹਰਾ, ਐਡਵੋਕੇਟ ਦਿਨੇਸ ਸਰਮਾ ਅਤੇ ਐਡਵੋਕੇਟ ਪਰਮਵੀਰ ਸਿੰਘ ਮੌਜੂਦ ਸਨ।

## ਜੀਵਨ ਗੁਪਤਾ ਨੇ ਘਰ-ਘਰ ਪ੍ਰਚਾਰ ਕਰਕੇ ਲੋਕਾਂ ਨੂੰ ਕੇਂਦਰੀ ਯੋਜਨਾਵਾਂ ਤੋਂ ਜਾਣੂ ਕਰਵਾਇਆ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਸੀਟ 'ਤੇ 19ਜੂਨ ਨੂੰ ਹੋਣ ਵਾਲੀ ਉਪ ਚੋਣ ਤੋਂ ਪਹਿਲਾਂ ਜੰਗ ਤੇਜ਼ ਹੋਣ ਦੇ ਵਿੱਚ ਅੱਜ ਭਾਜਪਾ ਉਮੀਦਵਾਰ ਜੀਵਨ ਗੁਪਤਾ ਨੇ ਮਲਕੀਤ ਐਵੇਨਿਊ, ਸੁਨੀਲ ਪਾਰਕ ਕਲੋਨੀ, ਰਾਜੌਰੀ ਗਾਰਡਨ ਵਿੱਚ ਘਰ-ਘਰ ਪ੍ਰਚਾਰ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਭਲਾਈ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਘਰ-ਘਰ ਪ੍ਰਚਾਰ ਦੌਰਾਨ ਬਜ਼ੁਰਗਾਂ ਨੇ ਜੀਵਨ ਗੁਪਤਾ ਨੂੰ ਜਿੱਤ ਦਾ ਆਸ਼ੀਰਵਾਦ ਦਿੱਤਾ। ਘਰ-ਘਰ ਪ੍ਰਚਾਰ ਦੌਰਾਨ ਜੀਵਨ ਗੁਪਤਾ ਨੇ ਕਿਹਾ ਕਿ ਹਲਕਾ ਪੱਛਮੀ ਨੂੰ ਵਿਕਾਸ ਦੇ ਰਾਹ 'ਤੇ ਲਿਆਉਣ ਲਈ ਵਿੱਦਿਅਕ ਬੁਨਿਆਦੀ ਢਾਂਚੇ, ਸਿਹਤ ਸੇਵਾਵਾਂ ਦੇ ਨਾਲ-ਨਾਲ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ। ਵਿਕਾਸ ਕੰਮਾਂ ਵਿੱਚ ਭ੍ਰਿਸਟਾਚਾਰ ਨੂੰ ਰੋਕਣਾ ਉਨ੍ਹਾਂ ਦੀ ਤਰਜੀਹ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਵਾਰ ਹਲਕੇ ਦੇ ਲੋਕ ਕਾਂਗਰਸ, 'ਆਪ' ਦੀਆਂ ਧੋਖੇਬਾਜ ਨੀਤੀਆਂ ਵਿੱਚ ਨਹੀਂ ਫਸਣ ਵਾਲੇ ਹਨ। ਭਾਜਪਾ ਜੋ ਕਹਿੰਦੀ ਹੈ ਉਹ ਕਰਦੀ ਹੈ। ਗੁਪਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਪੰਜਾਬ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰ ਰਹੇ ਹਨ। 'ਆਪ' ਸਰਕਾਰ 'ਤੇ ਹਮਲਾ ਬੋਲਦਿਆਂ ਗੁਪਤਾ ਨੇ ਕਿਹਾ ਕਿ 'ਆਪ' ਉਮੀਦਵਾਰ ਸੰਜੀਵ ਅਰੋੜਾ ਪੱਛਮੀ ਵਿਧਾਨ ਸਭਾ ਵਿੱਚ ਵਿਕਾਸ ਦੇ ਵੱਡੇ-ਵੱਡੇ ਬੋਰਡ ਲਗਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਜਦੋਂ ਕਿ ਅਸਲੀਅਤ ਵਿੱਚ ਕੋਈ ਵਿਕਾਸ ਨਹੀਂ ਹੋਇਆ। 'ਆਪ' ਸਰਕਾਰ ਝੂਠ ਦਾ ਪੁਲੰਦਾ ਹੈ। ਇਸ ਮੌਕੇ ਕਮਲ ਕੁਮਾਰ, ਕੁੰਡਲ ਲਾਲ ਚਾਵਲਾ, ਸੁਨੀਲ ਟੰਡਨ, ਆਸੀਸ ਗੁਪਤਾ, ਲਲਿਤ, ਭੁਪਿੰਦਰ ਸਿੰਘ, ਵਿਪਿਨ ਜੈਨ, ਵਿਜੇ ਵਰਮਾ ਆਦਿ ਮੌਜੂਦ ਸਨ।

## ਪੰਜਾਬ ਸਰਕਾਰ ਵੱਲੋਂ ਨਸ਼ਾ ਵਿਰੁੱਧ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਅਤੇ ਨਾਜਾਇਜ਼ ਕਬਜ਼ੇ ਹਟਾਉਣ ਲਈ ਲਗਾਤਾਰ ਜਾਰੀ

### ਜਗਰਾਓਂ ਵਿਖੇ ਚੱਲਿਆ ਪੀਲਾ ਪੰਜਾ



ਜਗਰਾਓਂ, 5 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜਿਲਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਅਤੇ ਨਗਰ ਕੌਂਸਲ ਜਗਰਾਉਂ ਨਾਲ ਮਿਲ ਕੇ ਇੱਕ ਸਾਂਝਾ ਆਪਰੇਸ਼ਨ ਕੀਤਾ ਗਿਆ। ਨਗਰ ਕੌਂਸਲ ਦੀ ਪ੍ਰਾਪਰਟੀ 'ਤੇ ਨਜਾਇਜ਼ ਕਬਜ਼ਾ ਕਰਨ ਵਾਲੇ ਨਸ਼ਾ ਸਮਗਲਰ ਦੇ ਘਰ 'ਤੇ ਬੁਲਡੋਜ਼ਰ ਚਲਾਇਆ ਗਿਆ। ਇਸ ਮੌਕੇ ਡੀਐਸਪੀ ਜਸਜੋਤ ਸਿੰਘ, ਥਾਣਾ ਸਿਟੀ ਦੇ ਮੁੱਖ ਅਫਸਰ ਵਰਿੰਦਰ ਪਾਲ ਸਿੰਘ, ਥਾਣਾ ਸਦਰ ਦੇ ਮੁੱਖ ਅਫਸਰ ਸੁਰਜੀਤ ਸਿੰਘ ਤੋਂ ਇਲਾਵਾ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਅਤੇ ਨਗਰ ਕੌਂਸਲ ਦੀ ਟੀਮ ਅਤੇ ਭਾਰੀ ਪੁਲਿਸ ਫੋਰਸ ਮੁਹੱਲਾ ਗਾਂਧੀ ਨਗਰ ਵਿਖੇ ਪਹੁੰਚੀ। ਐਸਐਸਪੀ ਡਾਕਟਰ ਅੰਕਰ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਨਜਾਇਜ਼ ਕਬਜ਼ੇ ਧਾਰਕਾਂ ਅਤੇ ਨਸ਼ਾ ਸਮਗਲਰਾਂ ਵੱਲੋਂ ਨਸ਼ਾ ਵੇਚ ਕੇ ਬਣਾਈਆਂ ਪ੍ਰੋਪਰਟੀਆਂ ਉੱਪਰ ਕਾਰਵਾਈ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ।

ਉਹਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਵੱਲੋਂ ਇੱਕ ਪੱਤਰ ਜਾਰੀ ਹੋਇਆ ਹੈ ਹੈ, ਜਿਸ ਦੇ ਤਹਿਤ ਇਹ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵੱਲੋਂ ਬੇਨਤੀ ਕੀਤੀ ਗਈ ਸੀ ਕਿ ਜਗਰਾਉਂ ਸ਼ਹਿਰ ਅੰਦਰ ਕਈ ਨਜਾਇਜ਼ ਕਬਜ਼ੇ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਇਸੇ ਲੜੀ ਦੇ ਤਹਿਤ ਨਗਰ ਕੌਂਸਲ ਨੂੰ ਕਬਜ਼ਾ ਵਾਪਸ ਦਵਾਇਆ ਗਿਆ। ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਕਬਜ਼ਾਧਾਰਕ ਬੂਟਾ ਸਿੰਘ ਉਪਰ ਐਨਡੀਪੀਐਸ ਐਕਟ ਦੇ ਤਹਿਤ ਵੀ ਕਈ ਮੁਕਦਮੇ ਦਰਜ ਹਨ।

ਵਾਰਡ ਨੰਬਰ 10 ਦੇ ਕੌਂਸਲਰ ਮੇਸ਼ੀ ਸਹੋਤਾ ਨੇ ਦੱਸਿਆ ਕਿ ਬੂਟਾ ਸਿੰਘ ਨੂੰ ਕਈ ਵਾਰ ਫੋਨ ਵੀ ਕੀਤਾ ਕਿ ਉਹ ਪ੍ਰੋਪਰਟੀ ਦੇ ਕਾਗਜ਼ਾਤ ਵਗੈਰਾ ਲਿਆ ਕੇ ਵਿਖਾਵੇ ਪਰ ਉਹ ਕਾਗਜਾਤ ਵਿਖਾਉਣ ਵਿੱਚ ਅਸਮਰਥ ਰਹੇ। ਜਿਸ ਤੇ ਨੋਟਿਸ ਲੈਂਦਿਆਂ ਨਗਰ ਕੌਂਸਲ ਜਗਰਾਉਂ ਵੱਲੋਂ ਕਾਰਵਾਈ ਕੀਤੀ ਗਈ।

## ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਜੂਨ '84 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ



ਲੁਧਿਆਣਾ, 5 ਜੂਨ (ਕਰਨੈਲ ਸਿੰਘ ਐੱਮ.ਏ.): ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹਾਦਤ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸ਼ਹੀਦ ਸਿੰਘ, ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ-ਰੇਖ ਹੇਠ 809ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸਾਹਿਬ ਬਾਬੇ ਸ਼ਹੀਦਾਂ ਦੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਪੂਰਨ ਸਹਿਯੋਗ ਨਾਲ ਪਿੰਡ ਅਜਨੌਦ ਵਿਖੇ ਲਗਾਇਆ ਗਿਆ। ਇਸ ਮੌਕੇ 'ਤੇ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਗੁਰੂ ਅਰਜਨ ਦੇਵ ਮਹਾਰਾਜ ਜੀ ਅਤੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਕੀਤਾ ਗਿਆ ਦਾਨ ਦੇ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਸਮੇਂ ਗੁ: ਸਾਹਿਬ ਦੇ ਸੇਵਾਦਾਰ ਸੁਖਜਿੰਦਰ ਸਿੰਘ ਸੁੱਖੀ, ਸਾਬਕਾ ਸਰਪੰਚ ਬਲਜੀਤ ਸਿੰਘ ਦਿਓਲ, ਸਰਪੰਚ ਪਰਮਜੀਤ ਸਿੰਘ ਪੰਮਾ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਹਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਬਲਦੇਵ ਸਿੰਘ ਸੰਧੂ, ਗੁਰਮੀਤ ਸਿੰਘ ਖਾਲਸਾ, ਲਖਵੀਰ ਕੌਰ, ਲਵਪ੍ਰੀਤ ਸਿੰਘ ਲਾਲੀ ਆਦਿ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਅਕਾਲੀ ਦਲ ਦੇ ਪੀ.ਏ.ਸੀ. ਮੈਂਬਰ ਤੇ ਜ਼ਿਲ੍ਹਾ ਜਨਰਲ ਸਕੱਤਰ ਸਾਹਨੀ ਕਾਂਗਰਸ 'ਚ ਸ਼ਾਮਲ



ਲੁਧਿਆਣਾ, 5 ਜੂਨ (ਰਵਿੰਦਰ ਸਿੰਘ ਨਿੱਝਰ) : ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਕਾਂਗਰਸ ਪਾਰਟੀ ਵੱਲੋਂ ਆਯੋਜਿਤ ਜਨਤਕ ਅਤੇ ਘਰੇਲੂ ਮੀਟਿੰਗਾਂ ਨੂੰ ਸੰਬੋਧਨ ਕੀਤਾ। ਚੋਣ ਪ੍ਰਚਾਰ ਦੌਰਾਨ ਸੱਤਿਆਮੇਵ ਜਯਤੇ ਦੇ ਸਿਧਾਂਤ ਦੀ ਪਾਲਣਾ ਕਰਦੇ ਹੋਏ, ਆਸ਼ੂ ਨੇ ਇਸ ਵਾਰ ਵੀ ਪੱਛਮੀ ਵਿਧਾਨ ਸਭਾ ਦੇ ਲੋਕਾਂ ਨਾਲ ਕੋਈ ਝੂਠਾ ਵਾਅਦਾ ਨਾ ਕਰਨ ਦੀ ਨੀਤੀ ਜਾਰੀ ਰੱਖੀ ਹੈ। ਕੌਂਸਲਰ ਦੇ ਅਹੁਦੇ ਤੋਂ ਲੈ ਕੇ ਦੋ ਵਾਰ ਵਿਧਾਇਕ ਦੀ ਚੋਣ ਵਿੱਚ ਵੀ ਕਾਂਗਰਸੀ ਉਮੀਦਵਾਰ ਨੇ ਵੋਟਾਂ ਹਾਸਲ ਕਰਨ ਲਈ ਕਦੇ ਵੀ ਝੂਠੇ ਵਾਅਦੇ ਨਹੀਂ ਕੀਤੇ। ਆਸ਼ੂ ਦੇ ਸੱਤਿਆਮੇਵ ਜਯਤੇ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਦਲ ਪੀ.ਏ.ਸੀ ਮੈਂਬਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਾਹਨੀ ਨੇ ਬੁੱਧਵਾਰ ਨੂੰ ਅਕਾਲੀ ਦਲ ਛੱਡ ਕੇ ਕਾਂਗਰਸ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਭਾਰਤ ਭੂਸ਼ਣ ਆਸ਼ੂ ਨੇ ਇੰਦਰਜੀਤ ਸਾਹਨੀ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਸਾਹਨੀ ਨੇ ਇਸ ਮੌਕੇ ਕਿਹਾ ਕਿ ਉਸਨੇ ਬਲਜੀਤ ਸਿੰਘ ਬਿੱਲਾ ਦੀ ਪ੍ਰੇਰਨਾ ਸਦਕਾ ਕਾਂਗਰਸ ਪਾਰਟੀ ਜੁਆਇਨ ਕੀਤੀ ਹੈ। ਸਾਹਨੀ ਨੇ ਕਿਹਾ ਕਿ ਉਹਨਾਂ ਪਰਿਵਾਰ ਦਾਦੇ ਪੜਦਾਦੇ ਤੋਂ ਟਕਸਾਲੀ ਅਕਾਲੀ ਪਰਿਵਾਰ ਸੀ ਪਰ ਅੱਜ ਉਸਨੇ ਭਾਰਤ ਭੂਸ਼ਣ ਆਸ਼ੂ ਦੇ ਵਿਕਾਸ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਵਿੱਚ ਸਾਮਿਲ ਹੋਏ ਹਨ। ਇਸ ਮੌਕੇ ਸਾਬਕਾ ਕੌਂਸਲਰ ਹਰੀ ਸਿੰਘ ਬਰਾੜ ਅਤੇ ਮਨਦੀਪ ਰੇਖੀ ਵੀ ਮੌਜੂਦ ਸਨ। ਦੂਜੇ ਪਾਸੇ, ਵਾਰਡ-63 ਦੇ ਕਿਚਲੂ ਨਗਰ ਸਥਿਤ ਬਲਾਕ-ਐਫ ਵਿੱਚ ਪ੍ਰਮੋਦ ਚੋਪੜਾ ਦੇ ਘਰ ਹੋਈ ਮੀਟਿੰਗ ਵਿੱਚ ਸਥਾਨਕ ਲੋਕਾਂ ਨੇ ਇਸ ਵਾਰ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦਾ ਐਲਾਨ ਕੀਤਾ। ਭਾਰਤ ਭੂਸ਼ਣ ਆਸ਼ੂ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਝੂਠ ਦੇ ਆਧਾਰ 'ਤੇ ਰਾਜਨੀਤੀ ਕਰਕੇ ਚੋਣ ਮੈਦਾਨ ਵਿੱਚ ਵੋਟਾਂ ਨਹੀਂ ਹਾਸਲ ਕੀਤੀਆਂ।

ਚੋਣਾਂ ਹੋਣ ਜਾਂ ਆਮ ਦਿਨ ਹੋਣ ਦਿਖਾਵੇ ਦੀ ਬਜਾਏ ਉਹਨਾਂ ਨੇ ਹਮੇਸ਼ਾ ਆਪਣੇ ਮਨ ਵਿੱਚ ਸੱਤਿਆਮੇਵ ਜਯਤੇ ਦੀ ਜੋਤ ਜਗਾਈ ਰੱਖੀ ਹੈ। ਸਾਲ 2022 ਵਿੱਚ, ਝੂਠ ਦੇ ਆਧਾਰ 'ਤੇ ਸੱਤਾ ਵਿੱਚ ਆਉਣ ਵਾਲੇ ਖਾਸ ਲੋਕਾਂ ਦਾ ਸੱਚ ਜਨਤਾ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ। ਇਸ ਵਾਰ 19 ਮਈ ਨੂੰ ਝੂਠ ਦੀ ਰਾਜਨੀਤੀ ਖਤਮ ਹੋ ਜਾਵੇਗੀ। ਅਤੇ ਸੱਤਿਆਮੇਵ ਜਯਤੇ ਦੀ ਰੌਸ਼ਨੀ ਨਾਲ ਕਾਂਗਰਸ ਜਿੱਤੇਗੀ। ਇਸ ਮੌਕੇ ਸਾਬਕਾ ਮੇਅਰ ਬਲਕਾਰ ਸੰਧੂ, ਅਸ਼ਵਨੀ ਸ਼ਰਮਾ ਕਾਕੂ, ਸੰਜੇ ਅਗਨੀਹੋਤਰੀ, ਸ਼ਿਵਮ ਚੋਪੜਾ, ਵੈਭਵ ਮਿਗਲਾਨੀ, ਭਾਰਤ ਭੂਸ਼ਣ ਧੀਰ, ਰਾਕੇਸ਼, ਮੁਕੇਸ਼ ਜੈਨ ਆਦਿ ਵੀ ਹਾਜ਼ਰ ਸਨ।

# ਆਓ ਮਿਲ ਕੇ ਰੁੱਖ ਲਗਾਈਏ, ਵਾਤਾਵਰਨ ਨੂੰ ਸਾਫ਼ ਬਣਾਈਏ : ਜ਼ਿਲ੍ਹਾ ਅਤੇ ਸੈਸ਼ਨ ਜੱਜ ਅਵਤਾਰ ਸਿੰਘ

ਫਾਜ਼ਿਲਕਾ 5 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮਾਣਯੋਗ ਜਸਟਿਸ ਸ਼੍ਰੀ ਦੀਪਕ ਸਿੱਬਲ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਮੈਡਮ ਨਵਜੋਤ ਕੌਰ, ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਰਹਿਨੁਮਾਈ ਹੇਠ ਸਰਦਾਰ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਜੀ ਦੀ ਅਗਵਾਈ ਹੇਠ 5 ਜੂਨ 2025 ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਸਰਦਾਰ ਅਵਤਾਰ ਸਿੰਘ , ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼੍ਰੀ ਧਰਮਿੰਦਰ ਪਾਲ ਸਿੰਗਲਾ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਾਜ਼ਿਲਕਾ, ਸ਼੍ਰੀ ਦਰਬਾਰੀ ਲਾਲ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਾਜ਼ਿਲਕਾ, ਸ਼੍ਰੀ ਕ੍ਰਿਸ਼ਨ ਕੁਮਾਰ ਸਿੰਗਲਾ, ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਾਜ਼ਿਲਕਾ, ਸ਼੍ਰੀ ਤਰਨਤਾਰਨ ਸਿੰਘ ਬਿੰਦਰਾ, ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਾਜ਼ਿਲਕਾ, ਮੈਡਮ ਪਸ਼ਮਪ੍ਰੀਤ ਗਰੇਵਾਲ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਾਜ਼ਿਲਕਾ, ਸ਼੍ਰੀ ਅਜੈ ਮਿੱਤਲ ਮਾਣਯੋਗ ਸਿਵਿਲ ਜੱਜ (ਸੀ. ਡੀ.), ਫਾਜ਼ਿਲਕਾ, ਮੈਡਮ ਹਿਮਾਂਸ਼ੀ ਗਲਹੋਤਰਾ ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਫਾਜ਼ਿਲਕਾ, ਮੈਡਮ ਰੁਚੀ ਸਵਪਨ ਸ਼ਰਮਾ ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ/ਸਿਵਿਲ ਜੱਜ (ਸੀ. ਡੀ.)—ਕਮ—ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਸ਼੍ਰੀ ਹਰਪ੍ਰੀਤ ਸਿੰਘ ਮਾਣਯੋਗ ਵਧੀਕ ਸਿਵਿਲ ਜੱਜ (ਐਸ.ਡੀ.) ਫ਼ਾਜ਼ਿਲਕਾ ,ਮੈਡਮ ਸੰਦੀਪ ਕੌਰ, ਮਾਣਯੋਗ ਸਿਵਿਲ ਜੱਜ (ਜੇ.ਡੀ.) ਫ਼ਾਜ਼ਿਲਕਾ ਅਤੇ ਮੈਡਮ ਰਵਲੀਨ ਕੌਰ ਮਾਣਯੋਗ ਸਿਵਿਲ ਜੱਜ (ਜੇ.ਡੀ.) ਫ਼ਾਜ਼ਿਲਕਾ ਜੀ ਵੱਲੋਂ



ਜੁਡੀਸ਼ੀਅਲ ਕੋਰਟ ਕੰਪਲੈਕਸ, ਫਾਜ਼ਿਲਕਾ ਵਿਖੇ ਬੂਟੇ ਲਗਵਾ ਕੇ ਵਾਤਾਵਰਨ ਦਿਵਸ ਮਨਾਇਆ ਗਿਆ। ਸ. ਅਵਤਾਰ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਾਤਾਵਰਨ ਦਿਵਸ ਮਨਾਉਣ ਦਾ ਉਦੇਸ਼ ਵਾਤਾਵਰਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ। ਮਨੁੱਖ ਵਾਤਾਵਰਨ ਦਾ ਹਿੱਸਾ ਹੈ ਅਤੇ ਕੁਦਰਤ ਦੇ ਬਿਨਾ ਮਨੁੱਖ ਦਾ ਜੀਵਨ ਸੰਭਵ ਨਹੀਂ ਹੈ। ਸਾਨੂੰ ਇਸ ਭੀਸ਼ਣ ਗਰਮੀ ਤੋਂ ਬਚਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਵਧੇਰੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਾਲ ਇਹ ਦਿਨ ਪਲਾਸਟਿਕ ਪ੍ਰਦੂਸ਼ਣ ਦਾ ਖ਼ਾਤਮਾ ਥੀਮ ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਘੱਟ ਕਰਨੀ ਚਾਹੀਦੀ ਅਤੇ ਮੁੜ ਵਰਤੋਂ ਯੋਗ ਵਿਕਲਪ ਅਪਣਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਨੂੰ ਰਹਿੰਦ-ਖੂੰਹਦ ਪ੍ਰਬੰਧਨ ਬੁਨਿਆਦੀ ਢਾਂਚੇ ਅਤੇ ਰੀਸਾਈਕਲਿੰਗ ਯਤਨਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਮੁੜ ਵਰਤੋਂ ਯੋਗ ਬੈਗ ਅਤੇ ਬੋਤਲਾਂ ਚੁੱਕਣਾ, ਪਲਾਸਟਿਕ ਦੇ ਤੂੜੀ ਤੋਂ ਇਨਕਾਰ ਕਰਨਾ, ਅਤੇ ਆਪਣੇ ਕੂੜੇ ਨੂੰ ਸਹੀ ਢੰਗ ਨਾਲ ਛਾਂਟਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦਸਿਆ ਕਿ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਪ੍ਰਦੂਸ਼ਣ ਤੇਜ਼ੀ ਨਾਲ ਫੈਲ ਰਿਹਾ ਹੈ। ਵਧਦੇ ਪ੍ਰਦੂਸ਼ਣ ਕਾਰਨ ਕੁਦਰਤ ਖ਼ਤਰੇ ਵਿੱਚ ਹੈ। ਕੁਦਰਤ ਕਿਸੇ ਵੀ ਜੀਵ ਨੂੰ ਜੀਵਨ ਜਿਊਣ ਲਈ ਹਰ ਲੋੜੀਂਦੀ ਚੀਜ਼ ਪ੍ਰਦਾਨ ਕਰਦਾ ਹੈ। ਅਜਿਹੇ ਚ ਜੇਕਰ ਕੁਦਰਤ ਪ੍ਰਭਾਵਿਤ ਹੋਵੇਗੀ, ਤਾਂ ਜਨਜੀਵਨ ਵੀ ਪ੍ਰਭਾਵਿਤ ਹੋਵੇਗਾ। ਵਿਸ਼ਵ ਵਾਤਾਵਰਨ ਦਿਵਸ ਮਨਾਉਣ ਦੀ ਸ਼ੁਰੂਆਤ ਕੁਦਰਤ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੇ ਉਦੇਸ਼ ਨਾਲ ਹੀ ਕੀਤੀ ਗਈ ਸੀ। ਇਸ ਦਿਨ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ ਅਤੇ ਕੁਦਰਤ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਮੈਡਮ ਰੁਚੀ ਸਵਪਨ ਸ਼ਰਮਾ, ਸੀ ਜੇ ਐਮ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫ਼ਾਜ਼ਿਲਕਾ ਵੱਲੋਂ ਸੰਦੇਸ਼ ਦਿੱਤਾ ਗਿਆ ਕਿ ਕੁਦਰਤ ਨੇ ਬਚਾਉਣ ਲਈ ਸਾਨੂੰ ਸਭ ਨੂੰ ਇੱਕ ਜੁੱਟ ਹੋ ਕੇ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਪੌਦੇ ਲਗਾਉਣ ਤੋਂ ਬਾਅਦ ਇਹਨਾਂ ਨੂੰ ਸੰਭਾਲਣ ਵਿੱਚ ਵੀ ਯੋਗਦਾਨ ਪਾਉਣਾ ਚਾਹੀਦਾ ਹੈ।

# ਪੰਜਾਬ ਨੂੰ ਮੁੜ ਹੱਸਦਾ ਖੇਡਦਾ ਰੰਗਲਾ ਪੰਜਾਬ ਬਨਾਵਾਂਗੇ: ਸ਼ਮਸ਼ੇਰ ਸਿੰਘ

ਗੁਰਦਾਸਪੁਰ 5 ਜੂਨ (ਜਸਵਿੰਦਰ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਸ਼ੁਰੂ ਕੀਤੀ ਗਈ ਨਸ਼ਾ ਮੁਕਤੀ ਯਾਤਰਾ ਬੁੱਧਵਾਰ ਸ਼ਵੇਰ ਹਲਕੇ ਦੇ ਪਿੰਡ ਰਾਵਿਲ -ਗਾਦੀੜਾ -ਮੋਖੇ ਵਿਖੇ ਪੁੱਜੀ। ਜਿੱਥੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਇਸ ਯੁੱਧ ਵਿੱਚ ਸਾਥ ਦੇਣ ਦੀ ਅਪੀਲ ਕਰਦਿਆਂ ਹਾਜਰ ਲੋਕਾਂ ਨੂੰ ਨਸ਼ੇ ਦੇ ਖਿਲਾਫ ਆਖਰੀ ਹੱਲਾ ਬੋਲਣ ਦੀ ਸਮੂਹਿਕ ਸਹੁੰ ਚੁਕਵਾਈ ਗਈ ਇਸ ਮੌਕੇ ਤੇ ਪੰਚਾਇਤੀ ਸਕੱਤਰ ਅਵਤਾਰ ਸਿੰਘ ਦੇ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਜੀਵਨਚੱਕ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਡੀਨੇਟਰ ਕਾਰਤਿਕ ਦੋਆਬਾ,




ਸਰਪੰਚ ਰਾਜਵਿੰਦਰ ਕੌਰ ਸਰਪੰਚ ਕਮਲ ਕੁਮਾਰ ਸਰਪੰਚ ਅਜੇਪਾਲ ਸਿੰਘ ਗਿੱਲ ਵੀ ਉਹਨਾਂ ਦੇ ਨਾਲ ਮੌਜੂਦ ਸਨ। ਇਸ ਦੌਰਾਨ ਵਿਲੇਜ਼ ਡਿਫੈਂਸ ਕਮੇਟੀਆਂ, ਗਰਾਮ ਪੰਚਾਇਤਾਂ, ਯੂਥ ਕਲੱਬਾਂ ਅਤੇ ਲੋਕਾਂ ਦੀ ਭਰਵੀਂ ਸਮੂਲੀਅਤ ਵਾਲੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਇਸ ਪਵਿੱਤਰ ਧਰਤੀ ਨੂੰ ਨਸ਼ਾ ਮੁਕਤ ਬਨਾਉਣ ਲਈ ਵਿੱਢਿਆ ਗਿਆ ਯੁੱਧ ਨਸ਼ਿਆਂ ਵਿਰੁੱਧ ਫੈਸਲਾਕੁੰਨ ਦੌਰ ਵਿੱਚ ਪਹੁੰਚ ਚੁੱਕਾ ਹੈ ਅਤੇ ਜਿਸ ਨੂੰ ਹੁਣ ਅੰਜਾਮ ਤੱਕ ਪਹੁੰਚਾਉਣ ਲਈ ਆਮ ਲੋਕਾਂ ਦੇ ਸਹਿਯੋਗ ਦੀ ਲੋੜ ਹੈ। ਸਮਾਜ ਵਿੱਚ ਕੋਹੜ ਵਾਂਗ ਫੈਲ ਚੁੱਕੇ ਇਸ ਰੋਗ ਨੂੰ ਜੜ੍ਹੋਂ ਖਤਮ ਕਰਨ ਲਈ ਸਾਰੇ ਲੋਕਾਂ ਨੂੰ ਇਸ ਯੁੱਧ ਵਿੱਚ ਅਪਣਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਸਾਡਾ ਪੰਜਾਬ ਇਕ ਵਾਰ ਮੁੜ ਤੋਂ ਹੱਸਦਾ ਖੇਡਦਾ ਰੰਗਲਾ ਪੰਜਾਬ ਬਣ ਸਕੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਮੁਹਿੰਮ ਵਿੱਚ ਹੁਣ ਤੱਕ ਜਿੱਥੇ 12 ਹਜਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਫੜਿਆ ਜਾ ਚੁੱਕਾ ਹੈ ਅਤੇ ਨਸ਼ਾ ਤਸਕਰਾਂ ਦੀਆਂ ਗੈਰ ਕਾਨੂੰਨੀ ਜਾਇਦਾਦਾਂ ਨੂੰ ਪੰਜਾਬ ਸਰਕਾਰ ਵੱਲੋਂ ਬੁਲਡੋਜ਼ਰ ਫੇਰ ਕੇ ਢਹਿ ਢੇਰੀ ਕੀਤਾ ਜਾ ਰਿਹਾ ਹੈ। ਉੱਥੇ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਨਸ਼ੇ ਤੋਂ ਛੁਟਕਾਰਾ ਦਿਵਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਉਹਨਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ੇ ਦੇ ਚੁੰਗਲ ਵਿੱਚ ਫਸੇ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਛੁਡਾਊ ਇਲਾਜ ਕੇਂਦਰਾਂ ਤੱਕ ਲਿਆਂਦਾ ਜਾਵੇ। ਜਿਨ੍ਹਾਂ ਨੂੰ ਬਾਅਦ ਵਿੱਚ ਹੁਨਰ ਸਿਖਲਾਈ ਕਰਵਾ ਕੇ ਰੁਜਗਾਰ ਨਾਲ ਜੋੜਿਆ ਜਾਵੇਗਾ।

# ਸੜਕ ਹਾਦਸਿਆਂ ਦੇ ਪੀੜਤਾਂ ਨੂੰ ਹਸਪਤਾਲ ਲਿਜਾਉਣ ਵਾਲੇ ਨਾਗਰਿਕਾਂ ਨੂੰ 'ਫਰਿਸ਼ਤੇ' ਸਕੀਮ ਤਹਿਤ ਨਗਦ ਇਨਾਮ ਤੇ ਪ੍ਰਸ਼ੰਸਾ ਪੱਤਰ ਨਾਲ ਨਿਵਾਜਿਆ ਜਾਂਦਾ ਹੈ : ਡਾ. ਸੋਨਾ ਥਿੰਦ

ਫ਼ਤਹਿਗੜ੍ਹ ਸਾਹਿਬ, 5 ਜੂਨ (ਹਰਪ੍ਰੀਤ ਕੌਰ ਟਿਵਾਣਾ) :ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਅੱਜ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਵਿਆਪਕ ਪੱਧਰ ਤੇ ਉਪਰਾਲੇ ਕੀਤੇ ਜਾਣਾ ਸਮੇਂ ਦੀ ਅਹਿਮ ਲੋੜ ਹੈ। ਉਹਨਾਂ ਨੇ ਲੋਕ ਨਿਰਮਾਣ ਵਿਭਾਗ ਅਤੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੂੰ, ਅਜਿਹੇ ਸਾਰੇ ਬਲੈਕ ਸਪੋਟਸ ਉੱਤੇ ਢੁਕਵੇਂ ਸੰਕੇਤਕ ਚਿੰਨ ਅਤੇ ਬੋਰਡ ਲਗਵਾਉਣ ਦੀ ਹਦਾਇਤ ਕੀਤੀ ਜਿੱਥੇ ਸੜਕ ਦੁਰਘਟਨਾਵਾਂ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੜਕ ਦੁਰਘਟਨਾਵਾਂ ਦੇ ਪੀੜਤਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ




ਚਲਾਈ ਜਾ ਰਹੀ ਫਰਿਸ਼ਤੇ ਸਕੀਮ ਲਾਹੇਵੰਦ ਸਾਬਤ ਹੋ ਰਹੀ ਹੈ ਅਤੇ ਜੇਕਰ ਕੋਈ ਵੀ ਨਾਗਰਿਕ ਸਵੈ ਇੱਛਾ ਨਾਲ ਦੁਰਘਟਨਾ ਪੀੜਤਾਂ ਦੀ ਜਾਨ ਬਚਾਉਣ ਵਿੱਚ ਮਦਦ ਕਰਦਾ ਹੈ ਤਾਂ ਉਸ ਨੂੰ 'ਫਰਿਸ਼ਤਾ' ਮੰਨਦੇ ਹੋਏ 2 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਨਾਲ ਨਿਵਾਜਿਆ ਜਾਂਦਾ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਦੁਰਘਟਨਾਵਾਂ ਵਿੱਚ ਪੀੜਤ ਹੋਣ ਵਾਲੇ ਵਿਅਕਤੀਆਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੀਮਤੀ ਜਾਨਾਂ ਨੂੰ ਬਚਾਉਣ ਲਈ ਇਹ ਮਨੁੱਖਤਾ ਦੀ ਇੱਕ ਵੱਡੀ ਸੇਵਾ ਸਾਬਤ ਹੋਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਹੈਲਪਲਾਈਨ 108 ਐਂਬੂਲੈਂਸ ਸੇਵਾ, ਸੇਫ਼ ਸਕੂਲ ਵਾਹਨ ਸਕੀਮ, ਰਾਸ਼ਟਰੀ ਹਾਈਵੇ ਤੇ ਸਟੇਟ ਹਾਈਵੇ 'ਤੇ ਹਾਦਸਿਆਂ ਤੋਂ ਬਚਾਅ ਲਈ ਢੁਕਵੇਂ ਸਾਈਨ ਬੋਰਡ ਤੇ ਹੋਰ ਟਰੈਫਿਕ ਸੰਕੇਤ ਤੇ ਚਿੰਨ੍ਹ ਲਗਾਉਣ, ਓਵਰ ਸਪੀਡ ਵਾਹਨਾਂ ਦੇ ਚਲਾਨ ਕੱਟਣ, ਕਮਰਸ਼ੀਅਲ ਵਾਹਨਾਂ ਵਿੱਚ ਸਪੀਡ ਗਵਰਨਰ ਦੀ ਫਿਟਿੰਗ ਯਕੀਨੀ ਬਣਾਉਣ, ਬਲੈਕ ਸਪੋਟ 'ਤੇ ਚਿਤਾਵਨੀ ਬੋਰਡ ਲਗਾਉਣ ਸਮੇਤ ਵੱਖ-ਵੱਖ ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਢੁਕਵੀਂ ਕਾਰਵਾਈ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਰੀਜਨਲ ਟਰਾਂਸਪੋਰਟ ਅਫਸਰ ਚੇਤਨ ਬੰਗੜ ਨੇ ਦੱਸਿਆ ਕਿ ਬੀਤੇ ਦੋ ਮਹੀਨਿਆਂ ਵਿੱਚ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ 115 ਵਾਹਨ ਚਾਲਕਾਂ ਦੇ ਚਲਾਨ ਕੱਟ ਕੇ ਲਗਭਗ 28 ਲੱਖ ਰੁਪਏ ਜੁਰਮਾਨੇ ਵਜੋਂ ਵਸੂਲੇ ਗਏ ਹਨ। ਉਹਨਾਂ ਕਿਹਾ ਕਿ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਖਿਲਾਫ ਇਹ ਮੁਹਿੰਮ ਜਾਰੀ ਰੱਖੀ ਜਾਵੇਗੀ।

ਮੀਟਿੰਗ ਦੌਰਾਨ ਐਸਡੀਐਮ ਫਤਿਹਗੜ੍ਹ ਸਾਹਿਬ ਅਰਵਿੰਦ ਕੁਮਾਰ ਗੁਪਤਾ, ਐਸਡੀਐਮ ਬਸੀ ਪਠਾਣਾ ਹਰਵੀਰ ਕੌਰ, ਐਸਡੀਐਮ ਖਮਾਣੋਂ ਮਨਰੀਤ ਰਾਣਾ, ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਧੰਨ ਧੰਨ ਬਾਬਾ ਬਾਲਕ ਨਾਥ ਜੀ ਦਾ ਸਲਾਨਾ ਛਿੰਝ ਮੇਲਾ 14 ਨੂੰ

ਗੁਰਦਾਸਪੁਰ,5 ਜੂਨ (ਜਗਮੋਹਣ ਸਿੰਘ ਬਾਗੋਵਾਣੀ) ਪਿੰਡ ਬਾਗੋਵਾਣੀ ਵਿਖੇ ਧੰਨ ਧੰਨ ਬਾਬਾ ਬਾਲਕ ਨਾਥ ਅਤੇ ਪੂਜਨੀਕ ਬਾਬਾ ਸ਼ਿੰਗਾਰਾ ਨਾਥ ਜੀ ਤੇ ਮਾਤਾ ਮਹਿੰਦਰ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਛਿੰਝ ਮੇਲਾ ਕਰਵਾਇਆ ਜਾ ਰਿਹਾ ਹੈ। ਜੋ ਕਿ 14 ਜੂਨ ਦਿਨ ਸ਼ਨੀਵਾਰ ਨੂੰ ਸਾਰੇ ਹੀ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਵਿੱਚ ਦਰਸ਼ਕਾਂ ਦਾ




ਮਨੋਰੰਜਨ ਕਰਨ ਲਈ ਪੰਜਾਬ ਦੇ ਨਾਮਵਰ ਗਾਇਕ ਨਿੰਮਾ ਸ਼ੌਂਕੀ, ਪ੍ਰੀਤੀ ਵਾਲੀਆਂ ਜੀ ਆਪਣੇ ਚਰਚਿਤ ਗੀਤਾਂ ਨਾਲ ਲੋਕਾਂ ਦੀ ਸੇਵਾ ਕਰਨ ਗੇ ।ਉਸ ਤੋਂ ਬਾਅਦ ਵਿੱਚ ਸ਼ਾਮ ਨੂੰ ਕਬੱਡੀ ਦੇ ਮੈਚ ਅਤੇ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਸੇਵਾ ਦਾਰਾ ਵੱਲੋਂ ਪਿਆਰ ਸਹਿਤ ਬੇਨਤੀ ਹੈ ਕਿ ਮੇਲੇ ਵਿੱਚ ਪਹੁੰਚ ਕੇ ਮੇਲੇ ਦੀਆਂ ਰੌਣਕਾ ਨੂੰ ਵਧਾਉਣਾ ਜੀ। ਵੱਲੋਂ ਸਮੂਹ ਸਾਧ ਸੰਗਤ ਪਿੰਡ ਬਾਗੋਵਾਣੀ।

## ਭੋਗਪੁਰ ਗੁਰੂ ਰਾਮਦਾਸ ਨਗਰ ਮਹੱਲੇ ਵੱਲੋਂ ਸ਼ਬੀਲ

ਭੋਗਪੁਰ 5 ਜੂਨ ਅਮਰਜੀਤ ਸਿੰਘ ਸੈਣੀ ਜੰਡੀਰ) ਗੁਰੂ ਰਾਮਦਾਸ ਨਗਰ ਵਾਰਡ ਨੰਬਰ 9 ਭੋਗਪੁਰ ਨੌਜਵਾਨਾਂ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਠੰਡੇ ਮਿੱਠੇ ਜਲ ਦੀ ਸੁਬੀਲ ਲਗਾਈ ਗਈ ਅਤੇ ਗੁਰੂ ਕੇ ਲੰਗਰ ਵੀ ਲਗਾਏ ਗਏ। ਨੌਜਵਾਨਾਂ ਨੇ ਦੱਸਿਆ ਸੰਗਤਾਂ ਦੇ ਸਹਿਯੋਗ ਨਾਲ ਉਪਰਾਲੇ ਕੀਤੇ ਗਏ ਹਨ । ਇਸ ਮੌਕੇ ਤੇ ਗੁਰੂ ਰਾਮਦਾਸ ਨਗਰ ਮਹੱਲਾ ਨਿਵਾਸੀ ਅਤੇ ਸ੍ਰੀ ਕ੍ਰਿਸ਼ਨ ਮੰਦਰ ਦੇ ਪ੍ਰਧਾਨ ਸ਼ਰਮਾ ਸਾਹਿਬ ਵਲੋਂ ਸ਼ਰਧਾ ਤੇ ਭਾਵਨਾ ਨਾਲ ਸੇਵਾ ਨਿਭਾ ਰਹੇ ਸਨ।

# ਮੁਹਿੰਮ ਏਕ ਪੌਦਾ ਮਾਂ ਦੇ ਨਾਮ ਦੀ ਕੀਤੀ ਸ਼ੁਰੂਆਤ

ਕੋਟ ਈਸੇ ਖਾਂ, 5 ਜੂਨ (ਗਾਂਧੀ/ਖੁਰਾਣਾ) ਮਿਨਿਸਟਰੀ ਆਫ਼ ਇਨਵਾਇਰਨਮੈਂਟ, ਫਾਰਸਟ ਐਂਡ ਕਲਾਈਮੇਟ ਚੇਂਜ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਅਧੀਨ ਰਾਜ - ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਸਾਂਝੇ ਯਤਨਾਂ ਸਦਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਮੋਗਾ ਅਸ਼ੀਸ਼ ਕੁਮਾਰ ਸ਼ਰਮਾ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਗੁਰਦਿਆਲ ਸਿੰਘ ਮਠਾੜੂ ਅਤੇ ਇਨਵਾਇਰਨਮੈਂਟ ਐਜੂਕੇਸ਼ਨ ਪ੍ਰੋਗਰਾਮ ਦੇ ਜ਼ਿਲ੍ਹਾ ਕੋਆਰਡੀਨੇਟਰ ਡਾ. ਦੀਪਕ ਸ਼ਰਮਾ, ਈਕੋ ਕਲੱਬ ਅਤੇ ਐਕਟੀਵਿਟੀ ਇੰਚਾਰਜ ਪਲਵਿੰਦਰ ਸਿੰਘ ਸਰਾਂ ਦੀ ਯੋਗ ਅਗਵਾਈ ਹੇਠ ਮਿਸ਼ਨ ਲਾਈਫ਼ ਦੇ ਥੀਮ ਨੂੰ ਮੁੱਖ ਰੱਖਦੇ ਹੋਏ ਇਸ ਸਾਲ ਦੇ ਥੀਮ ਵਿਸ਼ਵ ਪੱਧਰ ਤੇ ਪਲਾਸਟਿਕ ਦਾ ਖ਼ਾਤਮਾ ਤਹਿਤ ਜਿਲ੍ਹਾ ਪੱਧਰੀ



ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ,ਜਿਸ ਦੇ ਮੁੱਖ ਮਹਿਮਾਨ ਗੁਰਦਿਆਲ ਸਿੰਘ ਮਠਾੜੂ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਮੋਗਾ ਨਾਲ ਬਲਵਿੰਦਰ ਸਿੰਘ ਬੀ. ਆਰ. ਸੀ ਅਤੇ ਵਾਤਾਵਰਣ ਸਿੱਖਿਆ ਟੀਮ ਦੇ ਬਲਾਕ ਕੋਆਰਡੀਨੇਟਰ ਰੁਪਿੰਦਰਜੀਤ ਕੌਰ ਸਟੇਟ ਐਵਾਰਡੀ, ਸੁਖਜਿੰਦਰ ਸਿੰਘ ਜੋਸਨ, ਜਤਿੰਦਰ ਕੁਮਾਰ, ਰਾਜਪਾਲ ਅਤੇ ਸਕੂਲ ਦੇ ਇੰਚਾਰਜ ਕੁਲਵੰਤ ਸਿੰਘ ਅਤੇ ਮੈਡਮ ਅਮਨਦੀਪ ਕੌਰ ਸ਼ਾਮਿਲ ਸਨ।ਇਸ ਮੌਕੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਗੁਰਦਿਆਲ ਸਿੰਘ ਮਠਾੜੂ ਜੀ, ਸਕੂਲ ਸਟਾਫ਼ ਅਤੇ ਗ੍ਰਾਮ ਪੰਚਾਇਤ ਵਲੋ 20 ਪੌਦੇ ਲਗਾ ਕੇ ਮੁਹਿੰਮ ਏਕ ਪੌਦਾ ਮਾਂ ਦੇ ਨਾਮ ਦੀ ਸ਼ੁਰੂਆਤ ਕੀਤੀ ਅਤੇ ਜਿਲ੍ਹਾ ਮੋਗਾ ਦੇ ਵੱਖ ਵੱਖ ਸਕੂਲਾਂ ਵਲੋ ਤਕਰੀਬਨ 480 ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ )ਮੋਗਾ ਵਲੋਂ ਵਿਸ਼ਵ ਵਾਤਾਵਰਨ ਦਿਵਸ ਸਬੰਧੀ ਸੰਬੋਧਨ ਹੁੰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਦੀ ਮੁੱਖ ਲੋੜ ਵਾਤਾਵਰਨ ਪ੍ਰਤੀ ਸੁਹਿਰਦ ਹੋਣ ਅਤੇ ਇਸ ਨੂੰ ਸੰਭਾਲਣ ਦੀ ਹੈ।ਉਹਨਾਂ ਨੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਮੌਜੂਦ ਪਤਵੰਤੇ ਸੱਜਣਾਂ ਨੂੰ ਆਪਣੇ ਆਲੇ ਦੁਆਲੇ ਛਾਂ ਵਾਲੇ, ਫਲਾਂ ਵਾਲੇ ਬੂਟੇ ਵੰਡਣ ਅਤੇ ਬੂਟਾ ਲੰਗਰ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ ਦਰਸ਼ਨ ਸਿੰਘ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ , ਤੇਜ ਸਿੰਘ, ਹਮੀਰ ਸਿੰਘ ਬਰਾੜ, ਜਗਤਾਰ ਸਿੰਘ ਪੰਚਾਇਤ ਮੈਂਬਰ ਸਮੇਤ ਸਮੂਹ ਗ੍ਰਾਮ ਪੰਚਾਇਤ ਨਿਧਾਵਾਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਬਲਾਕ ਕੋਆਰਡੀਨੇਟਰ ਸੁਖਜਿੰਦਰ ਸਿੰਘ ਜੋਸਨ ਅਤੇ ਜਿਲ੍ਹਾ ਰਿਸੋਰਸ ਕੋਆਰਡੀਨੇਟਰ ਨਵਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਮੁੱਚੇ ਈਕੋ ਕਲੱਬਾਂ ਵਾਤਾਵਰਨ ਸੰਭਾਲਣ ਲਈ ਬੂਟੇ ਲਗਾਉਣ ਦੇ ਨਾਲ-ਨਾਲ ਇਨ੍ਹਾਂ ਨੂੰ ਸੰਭਾਲਣ ਦੀ ਵੀ ਆਪਣੀ ਨੈਤਿਕ ਜ਼ਿੰਮੇਵਾਰੀ ਚੁੱਕਣ।

# ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਅਤੇ ਯੋਜਨਾਵਾਂ ਦਾ ਮੁਲਾਂਕਣ ਕੀਤਾ

ਗੁਰਦਾਸਪੁਰ, 5 ਜੂਨ (ਜਗੀਰ ਸਿੰਘ ਮੰਡ ) - ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੇ ਮੁਲਾਂਕਣ ਲਈ ਅੱਜ ਜ਼ਿਲ੍ਹਾ ਸਿਹਤ ਸੋਸਾਇਟੀ ਗੁਰਦਾਸਪੁਰ ਦੇ ਮੈਂਬਰਾਂ ਨਾਲ ਵੀਡੀਓ ਕਾਨਫ਼ਰੰਸ ਜਰੀਏ ਆਨ-ਲਾਈਨ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਵਿਭਾਗ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਨਵੇਂ ਬਣਾਏ ਜਾ ਰਹੇ ਆਮ ਆਦਮੀ ਕਲੀਨਿਕਾਂ ਦਾ ਕੰਮ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਸਿਹਤ ਸੇਵਾਵਾਂ ਦੇ



ਖੇਤਰ ਵਿੱਚ ਹੋਰ ਫ਼ਾਇਦਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸਮੂਹ ਆਮ ਆਦਮੀ ਕਲੀਨਿਕਾਂ, ਆਯੂਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਸਰਕਾਰ ਵੱਲੋਂ ਤੈਅ ਕੀਤੇ ਸਾਰੇ ਲੈਬ ਟੈਸਟ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇ ਅਤੇ ਸਰਕਾਰ ਵੱਲੋਂ ਤਹਿ ਸੂਚੀ ਅਨੁਸਾਰ ਸਾਰੀਆਂ ਦਵਾਈਆਂ ਦੀ ਸਪਲਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਇਲਾਜ ਕਰਵਾਉਣ ਪਹੁੰਚੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਇਸੇ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਸਿਹਤ ਅਮਲੇ ਵੱਲੋਂ ਫ਼ੀਲਡ ਸਰਵੇ ਕਰਕੇ ਮੱਛਰ ਦੇ ਲਾਰਵਾ ਦੀ ਭਾਲ ਕੀਤੀ ਜਾਵੇ। ਸਹਿਯੋਗੀ ਵਿਭਾਗਾਂ ਦੀ ਮਦਦ ਨਾਲ ਫੋਗਿੰਗ ਕਰਵਾਈ ਜਾਵੇ। ਮੀਟਿੰਗ ਦੌਰਾਨ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਸਮੂਹ ਨਗਰ ਕੌਂਸਲ ਨੂੰ ਫੋਗਿੰਗ ਲਈ ਲਿਖਿਆ ਗਿਆ ਹੈ ਅਤੇ ਰੈਪਿਡ ਕਿੱਟਾਂ ਨਾਲ ਮਲੇਰੀਆ ਆਦਿ ਦੀ ਮੌਕੇ ਤੇ ਟੈਸਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਅਲਾਈਸਾ ਟੈਸਟ ਦੀ ਸੁਵਿਧਾ ਉਪਲਬਧ ਹੈ, ਜਿਸ ਨਾਲ ਡੇਂਗੂ ਦਾ ਪਤਾ ਲੱਗਦਾ ਹੈ। ਇਸ ਦੇ ਨਾਲ ਹੀ ਗਰਮੀ ਦੇ ਮੱਦੇਨਜ਼ਰ ਹਸਪਤਾਲਾਂ ਵਿਚ ਕੂਲ ਰੂਮ ਬਣਾਏ ਗਏ ਹਨ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਆਉਂਦੇ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਵਾਟਰ ਸੈਂਪਲਿੰਗ ਵਧਾਈ ਜਾਵੇ ਅਤੇ ਸਿਹਤ ਸੰਸਥਾਵਾਂ ਵਿਚ ਓ.ਆਰ.ਐੱਸ ਦੇ ਪੈਕੇਟ ਜ਼ਰੂਰੀ ਮਾਤਰਾ ਵਿੱਚ ਉਪਲਬਧ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਗਰਭਵਤੀ ਮਾਵਾਂ ਦੀ ਰਜਿਸਟ੍ਰੇਸ਼ਨ 100 ਫ਼ੀਸਦੀ ਕੀਤੀ ਜਾਵੇ ਅਤੇ ਸੰਸਥਾਗਤ ਜਣੇਪਾ 100 ਫ਼ੀਸਦੀ ਕੀਤਾ ਜਾਵੇ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੜੀਆਂ ਦੀ ਜਨਮ ਦਰ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅਲਟਰਾਸਾਊਂਡ ਸਕੈਨ ਸੈਂਟਰਾਂ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਲਿੰਗ ਨਿਰਧਾਰਨ ਟੈਸਟ ਨਾ ਹੋਵੇ। ਟੀਕਾਕਰਨ ਦੀ ਐਂਟਰੀ ਆਨਲਾਈਨ ਪੋਰਟਲ ਤੇ ਵੀ ਹੋ ਰਹੀ ਹੈ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡੀਡੀਐਚਓ ਡਾ. ਵਿਨੋਦ , ਏ.ਸੀ.ਐੱਸ. ਡਾ. ਲਲਿਤ ਮੋਹਨ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਮਤਾ, ਡਾਕਟਰ ਗੁਰਪ੍ਰੀਤ ਕੌਰ, ਡਾ. ਵੰਦਨਾ, ਡਾਕਟਰ ਇਸ਼ੀਤਾ ਅਤੇ ਸਮੂਹ ਸੀਨੀਅਰ ਮੈਡੀਕਲ ਅਫ਼ਸਰ ਅਤੇ ਵੱਖ-ਵੱਖ ਵਿਭਾਗਾਂ ਦੇ ਅਫ਼ਸਰ ਹਾਜ਼ਰ ਸਨ।

# ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ - ਰਮਨ ਬਹਿਲ

ਗੁਰਦਾਸਪੁਰ, 5 ਜੂਨ (ਜਗੀਰ ਸਿੰਘ ਮੰਡ ) - ਨਸ਼ਾ ਮੁਕਤੀ ਯਾਤਰਾ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਦੀ ਇੱਕ ਅਜਿਹੀ ਪਹਿਲ ਕਦਮੀ ਹੈ, ਜਿਸ ਰਾਹੀਂ ਲੋਕਾਂ ਨਾਲ ਸਿੱਧਾ ਰਾਬਤਾ ਰੱਖਿਆ ਜਾ ਰਿਹਾ ਹੈ ਅਤੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕਰਨ ਵਿੱਚ ਵੱਡੇ ਪੱਧਰ ਉੱਤੇ ਮਦਦ ਮਿਲ ਰਹੀ ਹੈ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਗਜ਼ਨੀਪੁਰ, ਤਤਲੇ, ਕੋਟ ਮੋਹਨ ਲਾਲ, ਪੂਰੋਵਾਲ ਅਰਾਈਆਂ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਅਧੀਨ ਵਿਲੇਜ ਡਿਫੈਂਸ ਕਮੇਟੀਆਂ ਨਾਲ



ਕੀਤੀਆਂ ਮੀਟਿੰਗਾਂ ਦੌਰਾਨ ਕੀਤਾ। ਇਸ ਮੌਕੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿੱਚ ਇੱਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਜਾਵੇ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ। ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਉੱਪਰ ਮਿਸਾਲੀ ਕਾਰਵਾਈਆਂ ਕਰ ਕੇ ਬਹੁਤ ਹੱਦ ਤੱਕ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਸੂਬੇ ਨੂੰ ਮੁੜ ਹੱਸਦਾ-ਵੱਸਦਾ ਤੇ ਰੰਗਲਾ ਪੰਜਾਬ ਬਣਾਉਣ ਦੇ ਰਾਹ ਪਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ। ਹੁਣ ਇਹ ਮੁਹਿੰਮ ਜ਼ਮੀਨੀ ਪੱਧਰ ਭਾਵ ਪਿੰਡਾਂ ਅਤੇ ਵਾਰਡਾਂ ਵਿਚੋਂ ਚੱਲਣ ਲੱਗੀ ਹੈ, ਜਿਸ ਨੂੰ ਨਸ਼ਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਉਨ੍ਹਾਂ ਨੇ ਸਮੂਹ ਹਾਜ਼ਰੀਨ ਨੂੰ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਦਾ ਪ੍ਰਣ ਵੀ ਦਿਵਾਇਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਸਬੰਧੀ ਪ੍ਰਸ਼ਾਸਨ ਤੇ ਪੁਲਿਸ ਵਿਭਾਗ ਨੂੰ ਸਹਿਯੋਗ ਦੇਣ।

ਇਸ ਮੌਕੇ ਹਲਕਾ ਕੋਆਰਡੀਨੇਟਰ ਨੀਰਜ ਸਲਹੋਤਰਾ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਬਲਾਕ ਪ੍ਰਧਾਨ ਹਿਤੇਸ਼ ਮਹਾਜਨ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਨਿਸ਼ਾਨ ਸਿੰਘ ਜੌੜਾ ਛੱਤਰਾਂ, ਬਲਾਕ ਪ੍ਰਧਾਨ ਰੌਸ਼ਨ ਲਾਲ, ਸਰਪੰਚ ਦਵਿੰਦਰ ਸਿੰਘ ਗਜ਼ਨੀਪੁਰ, ਸਰਪੰਚ ਸੁਖਵਿੰਦਰਪਾਲ ਸਿੰਘ ਤਤਲੇ, ਸਰਪੰਚ ਸ਼ਮਸ਼ੇਰ ਸਿੰਘ ਸ਼ੇਰਾ ਕੋਟ ਮੋਹਨ ਲਾਲ, ਸਰਪੰਚ ਭਗਵੰਤ ਸਿੰਘ ਪੂਰੋਵਾਲ ਅਰਾਈਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਕੌਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਵਾਤਾਵਰਣ ਦਿਵਸ ਮਨਾਇਆ

ਫਾਜ਼ਿਲਕਾ 6 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮਦਨ ਗੋਪਾਲ ਰੋਡ 'ਤੇ ਸਥਿਤ ਕੌਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ, ਫਾਜ਼ਿਲਕਾ ਵਿੱਚ ਅੱਜ ਵਿਸ਼ਵ ਵਾਤਾਵਰਣ ਦਿਵਸ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ




ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਵਾਤਾਵਰਣ ਸੰਰਕਸ਼ਣ ਦਾ ਸੰਦੇਸ਼ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਪੌਦਾਰੋਪਨ ਨਾਲ ਹੋਈ, ਜਿਸ ਵਿੱਚ ਬੱਚਿਆਂ ਨੇ ਸਕੂਲ ਪ੍ਰਾਂਗਣ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਖ਼ੂਬਸੂਰਤ ਚਾਰਟ ਤੇ ਪੋਸਟਰ ਤਿਆਰ ਕਰਕੇ ਪਲਾਸਟਿਕ ਦੀ ਵਰਤੋਂ ਨਾ ਕਰਨ, ਦਰੱਖਤਾਂ ਦੀ ਰੱਖਿਆ ਕਰਨ ਅਤੇ ਵਧ ਤੋਂ ਵਧ ਪੌਧੇ ਲਗਾਉਣ ਵਰਗੇ ਸੰਦੇਸ਼ ਦਿੱਤੇ।ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਸੁਨੀਤਾ ਗੁੰਬਰ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵਾਤਾਵਰਣ ਸੰਰਕਸ਼ਣ ਦੇ ਮਹੱਤਵ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਾਫ ਅਤੇ ਪ੍ਰਦੂਸ਼ਣ ਰਹਿਤ ਬਣਾਵਾਂਗੇ ਤਾਂ ਨਾ ਸਿਰਫ ਅਸੀਂ ਸਿਹਤਮੰਦ ਰਹਾਂਗੇ, ਸਗੋਂ ਭਵਿੱਖ ਦੀ ਪੀੜ੍ਹੀ ਲਈ ਵੀ ਇੱਕ ਚੰਗੀ ਦੁਨੀਆਂ ਛੱਡ ਕੇ ਜਾਣਗੇ। ਉਨ੍ਹਾਂ ਬੱਚਿਆਂ ਨੂੰ ਸਮਝਾਇਆ ਕਿ ਪਲਾਸਟਿਕ ਦੀ ਵਰਤੋਂ ਘੱਟ ਕਰੋ, ਕੂੜਾ ਸਿਰਫ ਕੂੜਾਦਾਨ ਵਿੱਚ ਪਾਓ, ਪੌਧਿਆਂ ਦੀ ਸੰਭਾਲ ਕਰੋ ਅਤੇ ਹਰ ਮੌਕੇ 'ਤੇ ਪੌਦਾਰੋਪਨ ਕਰੋ।

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਅਤੇ ਉਨ੍ਹਾਂ ਨੂੰ ਕੁਦਰਤ ਨਾਲ ਜੋੜਨ ਦਾ ਅਨੁਭਵ ਦਿਵਾਉਣਾ ਸੀ। ਸਕੂਲ ਪ੍ਰਬੰਧਕਾਂ ਨੇ ਵੀ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ ਵੱਲ ਨਿਯਮਤ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ। ਤੰਦਰੁਸਤ ਜੀਵਨ ਲਈ ਸਾਫ ਸੁਥਰਾ ਵਾਤਾਵਰਣ ਜ਼ਰੂਰੀ ਹੈ—ਇਸ ਮੁੱਖ ਸੰਦੇਸ਼ ਨਾਲ ਪ੍ਰੋਗਰਾਮ ਦਾ ਸਮਾਪਨ ਹੋਇਆ।

# ਲੋਕਾਂ ਨੂੰ ਨਸ਼ਿਆਂ ਦੇ ਕੋਹੜ ਨੂੰ ਜੜੋਂ ਖਤਮ ਕਰਨ ਲਈ ਅੱਗੇ ਆਉਣ ਲਈ ਕਿਹਾ

ਸ੍ਰੀ ਹਰਗੋਬਿੰਦਪੁਰ ਸਾਹਿਬ (ਬਟਾਲਾ), 5 ਜੂਨ (ਚ.ਨ.ਸ.) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ, ਪਿੰਡ ਤੇ ਵਾਰਡ ਪੱਧਰੀ ਰੱਖਿਆ ਕਮੇਟੀਆਂ ਅਤੇ ਆਮ ਲੋਕ ਪੂਰਨ ਸਹਿਯੋਗ ਦੇ ਰਹੇ ਹਨ ਅਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁਕੰਮਲ ਤੌਰ 'ਤੇ ਨਸ਼ਾ ਮੁਕਤ ਹੋ ਜਾਵੇਗਾ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੀ ਅਗਵਾਈ ਹੇਠ ਹਲਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ, ਲੋਕਾਂ ਨੂੰ ਨਸ਼ਿਆਂ ਵਿਰੁੱਧ ਲੜਨ ਦੀ ਸਹੁੰ ਚੁਕਾਈ ਜਾ ਰਹੀ ਹੈ। ਜਿਸ ਦੇ ਚੱਲਦਿਆਂ ਚੱਲ ਰਹੀ 'ਨਸ਼ਾ ਮੁਕਤੀ ਯਾਤਰਾ' ਪਿੰਡ ਨਸੀਰਪੁਰ, ਸਾਗਰਪੁਰਾ, ਖੋਜਵਾਲਾ ਤੇ ਮੰਨਣ ਵਿਖੇ ਪੁੱਜੀ। ਇਸ ਮੌਕੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੇ ਭਰਾ ਅਮਰੀਕ ਸਿੰਘ ਵਲੋਂ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਕੋਹੜ ਨੂੰ ਜੜੋਂ ਖਤਮ ਕਰਨ ਲਈ ਅੱਗੇ ਆਉਣ ਲਈ ਕਿਹਾ। ਉਨਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਇਸ ਬਿਮਾਰੀ ਨੂੰ ਖਤਮ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਫੈਸਲਾਕੁੰਨ ਲੜਾਈ ਸ਼ੁਰੂ ਕਰ ਕੀਤੀ ਗਈ ਹੈ ਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਕੇਵਲ ਸਰਕਾਰ ਦੀ ਨਹੀਂ ਇਸ ਲਈ ਸਾਨੂੰ ਸਾਰਿਆਂ ਨੂੰ ਇਸ ਦਾ ਹਿੱਸਾ ਬਣਨਾ ਪਵੇਗਾ। ਉਨ੍ਹਾਂ ਕਿਹਾ ਕਿ ਬਹੁਤ ਚੰਗੀ ਗੱਲ ਹੈ ਕਿ 'ਨਸ਼ਾ ਮੁਕਤੀ ਯਾਤਰਾ' ਵਿੱਚ ਸਮਾਜ ਦਾ ਹਰੇਕ ਵਰਗ ਵੱਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਲੋਕ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹਨ।ਇਸ ਮੌਕੇ ਹਲਕਾ ਕੁਆਰਡੀਨੇਟਰ ਕਿਸਾਨ ਵਿੰਗ ਦੇ ਪ੍ਰਧਾਨ ਹਰਜਿੰਦਰ ਸਿੰਘ ਜਹਾਦਪੁਰ, ਹਲਕਾ ਯੂਥ ਪ੍ਰਧਾਨ ਅਤੇ ਸਰਪੰਚ ਦਵਿੰਦਰ ਸਿੰਘ, ਬਲਾਕ ਪ੍ਰਧਾਨ ਹਰਜੀਤ ਸਿੰਘ ਖੋਜੇਵਾਲ, ਸਰਪੰਚ ਗੁਰਮੀਤ ਸਿੰਘ ਮੀਤਾ ਖੋਜੇਵਾਲ, ਚੇਅਰਮੈਨ ਡਾਕਟਰ ਬੱਬੂ, ਐਸ.ਐਚ.ਓ ਮੈਡਮ ਰਜਵੰਤ ਕੌਰ ਥਾਣਾ ਰੰਗੜ ਨੰਗਲ, ਬਲਾਕ ਪ੍ਰਧਾਨ ਰਵਿੰਦਰ ਸਿੰਘ ਜੱਜ, ਬੀਸੀ ਵਿੰਗ ਦੇ ਪ੍ਰਧਾਨ ਤਕਦੀਰ ਸਿੰਘ ਡਡਿਆਣਾ, ਡਾਕਟਰ ਸੁਖ ਨਤ, ਅਤੇ ਸੀਨੀਅਰ ਆਗੂ ਦਿਲਬਾਗ ਸਿੰਘ ਸਲੋ ਚਾਹਲ ਹਾਜ਼ਰ ਸਨ।

# ਸਿਵਲ ਹਸਪਤਾਲ ਫਾਜਿਲਕਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਫ਼ਾਜ਼ਿਲਕਾ, 5 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਦੀ ਉਚੇਚੀ ਨਿਗਰਾਨੀ ਵਿੱਚ ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ, ਡਾਕਟਰ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾਕਟਰ ਐਰਿਕ ਸੀਨੀਅਰ ਮੈਡੀਕਲ



ਅਫ਼ਸਰ ਦੀ ਪ੍ਰਧਾਨਗੀ ਵਿੱਚ ਵਿਸ਼ਵ ਵਾਤਾਵਰਣ ਦਿਵਸ ਪਲਾਸਟਿਕ ਦੇ ਪ੍ਰਦੂਸ਼ਣ ਨੂੰ ਖ਼ਤਮ ਕਰਨਾ ਹੈ ਥੀਮ ਵਿੱਚ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਮਨਾਇਆ ਗਿਆ। ਇਸ ਸਮੇਂ ਸਿਵਲ ਹਸਪਤਾਲ ਅਤੇ ਦਫ਼ਤਰ ਸਿਵਲ ਸਰਜਨ ਫਾਜ਼ਿਲਕਾ ਵਿਖੇ ਪੌਦੇ ਵੀ ਲਗਾਏ ਗਏ। ਇਸ ਸਮੇਂ ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦਾ ਮੁੱਖ ਮਕਸਦ ਆਪਣੇ ਵਾਤਾਵਰਣ ਦੀ ਸੰਭਾਲ ਕਰਨ ਅਤੇ ਵੱਧ ਤੋ ਵੱਧ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਾ ਭਰਾ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ। ਉਹਨਾਂ ਕਿਹਾ ਕਿ ਅਸੀਂ ਪ੍ਰਦੂਸ਼ਣ ਨੂੰ ਘਟਾ ਕੇ ਨਵੇਂ ਉਪਾਵਾਂ ਨੂੰ ਅਪਣਾ ਕੇ ਅਸੀਂ ਵਾਤਾਵਰਣ ਪ੍ਰਣਾਲੀ ਨੂੰ ਬਹਾਲ ਕਰਨ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਾਂ। ਸਾਨੂੰ ਆਲੇ ਦੁਆਲੇ ਵਿੱਚ ਵੱਧ ਤੋਂ ਵੱਧ ਰੁੱਖ ਲਗਾ ਕੇ, ਆਪਣੇ ਆਲੇ ਦੁਆਲੇ ਨੂੰ ਸਾਫ਼ ਸੁਥਰਾ ਰੱਖ ਕੇ, ਪਾਣੀ ਦੀ ਦੁਰਵਰਤੋਂ ਘੱਟ ਕਰਕੇ, ਊਰਜਾ ਕੁਸ਼ਲ ਉਪਕਰਣਾਂ ਦੀ ਵਰਤੋਂ ਕਰਕੇ, ਆਪਣੇ ਨਿੱਜੀ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਨਾ ਕਰਕੇ ਜਨਤਕ ਆਵਾਜਾਈ ਦੀ ਵਰਤੋਂ ਕਰਕੇ, ਅਸੀਂ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਫਿਰ ਤੋਂ ਤਾਜ਼ਾ ਕਰ ਸਕਦੇ ਹਾਂ।

ਡਾਕਟਰ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਨੇ ਕਿਹਾ ਕਿ ਚੰਗੀ ਸਿਹਤ ਅਤੇ ਬਿਮਾਰੀਆਂ ਤੋਂ ਬਚਣ ਲਈ ਵਾਤਾਵਰਣ ਦੀ ਸੰਭਾਲ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਪਲਾਸਟਿਕ ਮਿੰਟਾਂ ਲਈ ਲਾਭਦਾਇਕ ਅਤੇ ਦਹਾਕਿਆਂ ਲਈ ਨੁਕਸਾਨਦੇਹ ਹੈ।ਪਲਾਸਟਿਕ ਦੀਆਂ ਬੋਤਲਾਂ ਨਸ਼ਟ ਹੋਣ ਲਈ 450 ਸਾਲ, ਪਲਾਸਟਿਕ ਸਟ੍ਰਾਸ ਨਸ਼ਟ ਹੋਣ ਲਈ 200 ਸਾਲ, ਕੌਫ਼ੀ ਕੱਪ ਨਸ਼ਟ ਕਰਨ ਲਈ 30 ਸਾਲ ਅਤੇ ਪਲਾਸਟਿਕ ਦੇ ਲਿਫ਼ਾਫੇ ਨਸ਼ਟ ਹੋਣ ਲਈ 20 ਸਾਲ ਲਗਦੇ ਹਨ। ਡਾਕਟਰ ਸੁਨੀਤਾ ਕੰਬੋਜ਼ ਐਪੀਡਮੈਲੋਜਿਸਟ ਨੇ ਦੱਸਿਆ ਕਿ ਧਰਤੀ ਨੂੰ ਸੰਭਾਲਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਇਸ ਲਈ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਤ ਹਵਾ ਨਾਲ ਅੱਖਾਂ ਅਤੇ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਵਿਨੋਦ ਖੁਰਾਣਾ, ਮਨਬੀਰ ਸਿੰਘ ਅਤੇ ਦਿਵੇਸ਼ ਕੁਮਾਰ ਨੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ, ਬਿਜਲੀ ਦੀ ਵਰਤੋਂ ਘੱਟ ਕਰਨ ਅਤੇ ਕੂੜੇ ਦਾ ਨਿਪਟਾਰਾ ਸਹੀ ਤਰੀਕੇ ਨਾਲ ਕਰਨ ਦੀ ਅਪੀਲ ਕੀਤੀ।

## ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ ਵੱਲੋਂ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ-ਦਿਹਾੜਾ ਧੂਮ-ਧਾਮ ਨਾਲ ਮਨਾਇਆ




ਲੁਧਿਆਣਾ, 5 ਜੂਨ (ਕਰਨੈਲ ਸਿੰਘ ਐੱਮ.ਏ.) : ਬੀਤੇ ਦਿਨੀਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ਵੱਲੋਂ ਦੀਨ-ਦੁਖੀਆਂ ਦੇ ਮਸੀਹਾ, ਯੁੱਗ ਪੁਰਸ਼ ਅਤੇ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ-ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਪਿੰਗਲਵਾੜਾ ਸੰਸਥਾ ਦੇ ਮੁੱਖ ਦਫਤਰ ਵਿਖੇ ਮਨਾਇਆ ਗਿਆ। ਇਸ ਮੌਕੇ ਸੰਗਤਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਉਪਰੰਤ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਪਿੰਗਲਵਾੜਾ ਸੰਸਥਾ ਦੇ ਵੱਖ-ਵੱਖ ਕਲਾਸਾਂ ਵਿੱਚ ਪੜ੍ਹਦੇ ਬੱਚੇ-ਬੱਚੀਆਂ ਆਦਿ ਵੱਲੋਂ ਗੁਰਬਾਣੀ ਦੇ ਇਲਾਹੀ ਕੀਰਤਨ ਨਾਲ ਪੰਡਾਲ ਵਿੱਚ ਮੌਕੇ ਬੈਠੀਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਗੁਰਬਾਣੀ ਦੇ ਰਸੀਏ ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਲਗਵਾਈ ਗਈ। ਇਸ ਮੌਕੇ ਡਾ: ਇੰਦਰਜੀਤ ਕੌਰ ਨੇ ਸੰਗਤਾਂ ਦੇ ਸਨਮੁੱਖ ਹੋ ਕੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਤ ਪੂਰਨ ਸਿੰਘ ਜੀ ਦੇ ਜਨਮ- ਦਿਹਾੜੇ ਤੇ ਆਉ ਸਭ ਪ੍ਰਣ ਲਈਏ ਕਿ ਅਸੀਂ ਸਮਾਜਿਕ ਕੁਰੀਤੀਆਂ ਵਿਰੁੱਧ ਉੱਠ ਖੜ੍ਹੇ ਹੋਈਏ ਅਤੇ ਕਿਸੇ ਵੀ ਥਾਂ ਹੋ ਰਹੇ ਅਨਿਆਂ ਨੂੰ ਠੱਲ੍ਹ ਪਾਉਣ ਲਈ ਰਲ-ਮਿਲ ਇਕੱਤਰ ਹੋਈਏ। ਅੱਜ ਲੋੜ ਹੈ ਭਗਤ ਪੂਰਨ ਸਿੰਘ ਜੀ ਵੱਲੋਂ ਮਨੁੱਖਤਾ ਦੇ ਬਚਾਓ ਲਈ ਜੋ ਬਹੁਤ ਸਮਾਂ ਪਹਿਲਾਂ ਹੋਕਾ ਦੇ ਦਿੱਤਾ ਸੀ, ਉਸ ਤੇ ਕੰਮ ਕਰੀਏ। ਪੰਜਾਬ ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਅਖਵਾਉਂਦੀ ਹੈ ਪਰ ਅਫਸੋਸ ਹੈ ਕਿ ਅਜੋਕਾ ਪੰਜਾਬ ਵਾਤਾਵਰਨ ਪੱਖੋਂ ਪਲੀਤ ਹੋ ਰਿਹਾ ਹੈ ਅਤੇ ਇਸਦੇ ਗੱਭਰੂ-ਮੁਟਿਆਰਾਂ ਨਸ਼ੇ ਦੇ ਗੁਲਾਮ ਹੋ ਰਹੇ ਹਨ। ਇਸ ਮੌਕੇ ਉਚੇਚੇ ਤੌਰ ਤੇ ਕਿਸਾਨੀ ਆਗੂ ਸ: ਬਲਬੀਰ ਸਿੰਘ ਰਾਜੇਵਾਲ ਨੇ ਭਗਤ ਪੂਰਨ ਸਿੰਘ ਜੀ ਦੇ ਜਨਮ-ਦਿਨ ਦੀ ਵਧਾਈ ਦੇ ਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਤ ਪੂਰਨ ਸਿੰਘ ਅਸਲ ਵਿੱਚ ਬਹੁਤ ਵੱਡੀ ਸੰਸਥਾ ਸੀ ਅਤੇ ਅਜਿਹੀਆਂ ਸੱਚੀਆਂ-ਸੁੱਚੀਆਂ ਰੂਹਾਂ ਦਾ ਦੁਨੀਆਂ ਤੇ ਆਉਣਾ ਹੀ ਮਨੁੱਖਤਾ ਨੂੰ ਸੇਧ ਦੇਣਾ ਮਕਸਦ ਹੁੰਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਰਿਪੋਰਟਾਂ ਵਿੱਚ ਅੰਕੜੇ ਜਾਰੀ ਹੋ ਰਹੇ ਹਨ ਉਹ ਪੰਜਾਬੀਆਂ ਲਈ ਖਤਰੇ ਦੀ ਘੰਟੀ ਹੈ। ਇਸ ਮੌਕੇ ਡਾ: ਗੁਰਚਰਨ ਸਿੰਘ ਨੂਰਪੁਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿੰਗਲਵਾੜਾ ਸੰਸਥਾ ਜੋ ਮਨੁੱਖਤਾ ਦੀ ਭਲਾਈ ਲਈ ਵੱਡੇ-ਵੱਡੇ ਕਾਰਜ ਕਰ ਰਹੀ ਹੈ, ਉਸਦਾ ਕੋਈ ਸਾਨੀਂ ਨਹੀਂ ਅਤੇ ਭਗਤ ਪੂਰਨ ਸਿੰਘ ਦੀ ਸੋਚ ਨੂੰ ਡਾ: ਇੰਦਰਜੀਤ ਕੌਰ, ਮੁੱਖ ਸੇਵਾਦਾਰ ਪਿੰਗਲਵਾੜਾ ਦੀ ਅਗਵਾਈ ਵਿੱਚ ਜੋ ਵਧਾਇਆ ਜਾ ਰਿਹਾ ਹੈ, ਉਹ ਬਹੁਤ ਸ਼ਲਾਘਾਯੋਗ ਹੈ। ਇਸ ਮੌਕੇ ਆਈਆਂ ਹੋਈਆਂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਢਾਡੀ ਜਥੇ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਸ: ਸੋਹਨ ਸਿੰਘ ਅਤੇ ਸ੍ਰ: ਸੁਰਿੰਦਰ ਸਿੰਘ ਨੇ ਪਾਣੀ ਦੀ ਮਹੱਤਤਾ ਤੇ ਕਵਿਤਾ ਪੇਸ਼ ਕੀਤੀ। ਸ੍ਰ: ਅਮਰਜੀਤ ਸਿੰਘ, ਗੁਰਮਤਿ ਕਾਲਜ ਨੇ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਸੇਧਾਂ ਤੇ ਸੰਗਤਾਂ ਨੂੰ ਚੱਲਣ ਲਈ ਪ੍ਰੇਰਿਤ ਕੀਤਾ। ਡਾ: ਸੁੰਦਰ ਸ਼ਿਆਮ ਦੀਪਤੀ ਨੇ ਕਿਹਾ ਕਿ ਭਗਤ ਪੂਰਨ ਸਿੰਘ ਵਰਗੇ ਸਮਾਜ ਸੇਵੀਆਂ ਦੀ ਅੱਜ ਫੇਰ ਸਮਾਜ ਨੂੰ ਲੋੜ ਹੈ। ਇਸ ਦੌਰਾਨ ਪੰਜਾਬੀਆਂ ਦੇ ਪ੍ਰਵਾਸ ਤੇ ਝਾਤ ਪਾਉਂਦੀ ਅਸੀਂ ਕਿਉਂ ਪ੍ਰਦੇਸੀ ਹੋਈਏ ਸੰਪਾਦਕ ਡਾ: ਇੰਦਰਜੀਤ ਕੌਰ ਅਤੇ ਵਾਤਾਵਰਨ ਮਸਲਿਆਂ ਤੇ ਡੂੰਘੀ ਸੋਝੀ ਰੱਖਣ ਵਾਲੇ ਲੇਖਕ ਵਿਜੈ ਬੰਬੇਲੀ ਦੇ ਲੇਖਾਂ ਦੀ ਪੁਸਤਕ ਭਲਕ ਤੱਕ ਦੇਰ ਹੋ ਜਾਏਗੀ ਰੀਲੀਜ਼ ਕੀਤੀਆਂ ਗਈਆਂ। ਇਸ ਮੌਕੇ ਸ੍ਰ: ਮੁਖਤਾਰ ਸਿੰਘ ਗੁਰਾਇਆ ਆਨਰੇਰੀ ਸਕੱਤਰ, ਸ੍ਰ: ਰਾਜਬੀਰ ਸਿੰਘ ਮੈਂਬਰ, ਸ੍ਰ: ਹਰਜੀਤ ਸਿੰਘ ਅਰੋੜਾ ਮੈਂਬਰ, ਬੀਬੀ ਪ੍ਰੀਤਇੰਦਰ ਕੌਰ ਮੈਂਬਰ, ਸ਼ ?ਗੀ ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਸ੍ਰ: ਰਜਿੰਦਰਪਾਲ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਕਰਨਲ ਦਰਸ਼ਨ ਸਿੰਘ ਬਾਵਾ, ਸ੍ਰ: ਪਰਮਿੰਦਰਜੀਤ ਸਿੰਘ ਭੱਟੀ, ਬੀਬੀ ਸੁਰਿੰਦਰ ਕੌਰ ਭੱਟੀ, ਸ੍ਰ: ਰਜਿੰਦਰਪਾਲ ਸਿੰਘ ਡਾਇਰੈਕਟਰ ਗੂੰਗੇ- ਬੋਲਿਆਂ ਦਾ ਸਕੂਲ, ਸ਼੍ਰੀ ਤਿਲਕ ਰਾਜ ਜਨਰਲ ਮੈਨੇਜਰ, ਸ੍ਰ: ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਸ੍ਰ: ਗੁਰਨਾਇਬ ਸਿੰਘ, ਸ੍ਰ: ਨਰਿੰਦਰਪਾਲ ਸਿੰਘ ਸੋਹਲ, ਸ੍ਰ: ਤਜਿੰਦਰਭਾਨ ਸਿੰਘ ਬੇਦੀ, ਸ਼ ?ਗੀ ਗੁਲਸ਼ਨ ਰੰਜਨ, ਬੀਬੀ ਹਰਤੇਜਪਾਲ ਕੌਰ, ਸ੍ਰ: ਬਲਬੀਰ ਸਿੰਘ ਰਾਜੇਵਾਲ ਕਿਸਾਨ ਆਗੂ, ਸਮਾਜ ਸੇਵਕ ਪਵਨ ਸ਼ਰਮਾ, ਸਾਬਕਾ ਇੰਸਪੈਕਟਰ ਰਾਜਵਿੰਦਰ ਕੌਰ, ਸ੍ਰ: ਗੁਰਚਰਨ ਸਿੰਘ ਨੂਰਪੁਰ, ਪ੍ਰੋ: (ਡਾ:) ਕੁਲਦੀਪ ਸਿੰਘ, ਡਾ: ਪ੍ਰਭਜੀਤ ਕੌਰ, ਡਾ: ਸ਼ਿਆਮ ਸੁੰਦਰ ਦੀਪਤੀ, ਮਿਸਜ਼ ਦੀਪਤੀ, ਵਾਤਾਵਰਨ ਪ੍ਰੇਮੀ ਵਿਜੈ ਬੰਬੇਲੀ, ਮੇਜਰ ਸਿੰਘ ਮਸਾਣੀਆਂ ਸੰਗਰੂਰ ਆਦਿ ਹਾਜ਼ਰ ਸਨ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀ ਵੀ ਹਾਜ਼ਰ ਸਨ। ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ.ਅਨੀਤਾ ਬੱਤਰਾ, ਪ੍ਰਿੰ.ਦਲਜੀਤ ਕੌਰ, ਕੋਆਰੀਡੀਨੇਟਰ ਸੁਨੀਤਾ ਨਈਅਰ, ਪ੍ਰਿੰ. ਲਖਵਿੰਦਰ ਕੌਰ, ਵੱਖ-ਵੱਖ ਵਾਰਡਾਂ ਤੇ ਵਿਭਾਗਾਂ ਦੇ ਇੰਚਾਰਜ ਤੇ ਸਟਾਫ਼ ਮੈਂਬਰ ਆਦਿ ਹਾਜ਼ਰ ਸਨ।

## ਲੁਧਿਆਣਾ ਪਲਾਗਰਸ ਡਰਾਈਵ ਪਲਾਸਟਿਕ ਨੂੰ ਹਰਾਉਣ ਲਈ ਇੱਕਜੁੱਟ ਹੋਇਆ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਵਿਸ਼ਵ ਵਾਤਾਵਰਣ ਦਿਵਸ ਮਨਾਉਣ ਲਈ ਪਲਾਗਰਸ ਡਰਾਈਵ 2025 ਵਿੱਚ 1000 ਤੋਂ ਵੱਧ ਨਾਗਰਿਕਾਂ ਨੇ ਹਿੱਸਾ ਲਿਆ ਜਿਸ ਨਾਲ ਲੁਧਿਆਣਾ ਇੱਕ ਸ਼ਹਿਰ-ਵਿਆਪੀ ਵਾਤਾਵਰਣ ਕਾਰਵਾਈ ਦੇ ਪ੍ਰਤੀਕ ਵਿੱਚ ਬਦਲ ਗਿਆ। ਇਹ ਸਮਾਗਮ ਸ਼ਹਿਰ ਭਰ ਵਿੱਚ 16 ਥਾਵਾਂ 'ਤੇ ਫੈਲਿਆ ਜਿਸ ਵਿੱਚ ਦੁੱਗਰੀ,ਮਾਡਲ ਟਾਊਨ, ਕੈਨਾਲ ਰੋਡ,ਸਰਾਭਾ ਨਗਰ ਅਤੇ ਜਲੰਧਰ ਬਾਈਪਾਸ ਸ਼ਾਮਲ ਹਨ। ਭਾਗੀਦਾਰਾਂ ਨੇ ਸਵੇਰੇ 7:00 ਵਜੇ ਤੱਕ ਪਲਾਸਟਿਕ ਦਾ ਕੂੜਾ ਇਕੱਠਾ ਕਰਕੇ ਇਸਨੂੰ ਕੇਂਦਰੀ ਸਥਾਨ ਰੋਜ਼ ਗਾਰਡਨ ਵਿੱਚ ਜਮ ?ਹਾਂ ਕੀਤਾ। ਨਗਰ ਨਿਗਮ ਨੂੰ 5 ਟਨ ਤੋਂ ਵੱਧ ਪਲਾਸਟਿਕ ਪ੍ਰਾਪਤ ਹੋਇਆ ਜਿਸਨੂੰ 16 ਈ-ਰਿਕਸ਼ਾ, 2 ਟੈਂਪੂਆਂ ਅਤੇ ਇੱਕ ਟਰਾਲੀ ਰਾਹੀਂ ਲਿਜਾਇਆ ਗਿਆ ਅਤੇ ਇਹ ਸਾਰਾ ਰੀਸਾਈਕਲਿੰਗ ਲਈ ਭੇਜਿਆ ਗਿਆ। ਡਰਾਈਵ ਤੋਂ ਬਾਅਦ ਇੱਕ ਜੀਵੰਤ ਜਸ਼ਨ ਦੀ ਮੇਜ਼ਬਾਨੀ ਕੀਤੀ ਜਿਸ ਵਿੱਚ 15 ਸਟਾਲਾਂ ਨੇ ਵਾਤਾਵਰਣ ਅਨੁਕੂਲ ਉਤਪਾਦਾਂ, ਸਿਹਤ ਅਤੇ ਜਾਗਰੂਕਤਾ ਲਈ ਯੋਗਾ ਸੈਸ਼ਨ, ਇੱਕ ਅਨੰਦਮਈ ਭਾਈਚਾਰਕ ਨਾਚ ਅਤੇ ਪਲਾਸਟਿਕ ਨੂੰ ਹਰਾਉਣ ਲਈ ਇੱਕ ਸਮੂਹਿਕ ਪ੍ਰਣ ਨੂੰ ਉਤਸ਼ਾਹਿਤ ਕੀਤਾ। ਇਹ ਪ੍ਰੋਗਰਾਮ ਸਾਡੇ ਜੀਵਨ ਵਿੱਚੋਂ ਪਲਾਸਟਿਕ ਦੇ ਕੂੜੇ ਨੂੰ ਘਟਾਉਣ ਦੇ ਸੰਕਲਪ ਨਾਲ ਸਮਾਪਤ ਹੋਇਆ।

## ਹਲਕਾ ਦੱਖਣੀ ਦੇ ਵਸਨੀਕਾਂ ਨੂੰ 24 ਘੰਟੇ ਨਿਰਵਿਘਨ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ : ਵਿਧਾਇਕ ਛੀਨਾ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਲੁਧਿਆਣਾ ਦੇ ਵਸਨੀਕਾਂ ਨੂੰ ਸਾਫ-ਸੁੱਥਰੇ ਪੀਣ ਵਾਲੇ ਪਾਣੀ ਦੀ 24 ਘੰਟੇ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਨਵੇਂ ਪਾਈਪਲਾਈਨ ਪ੍ਰੋਜੈਕਟ ਦੇ ਰਸਮੀ ਉਦਘਾਟਨ ਕੀਤਾ। ਵਿਧਾਇਕ ਛੀਨਾ ਦੀ ਅਗਵਾਈ ਹੇਠ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਨਹਿਰੀ ਪਾਣੀ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਪ੍ਰੋਜੈਕਟ ਤਹਿਤ ਈਸਟਮੈਨ ਚੌਕ ਤੋਂ ਕੰਗਣਵਾਲ ਤੱਕ ਇੱਕ ਨਵੀ ਪਾਈਪਲਾਈਨ ਵਿਛਾਈ ਜਾਵੇਗੀ। ਇਸ ਯੋਜਨਾ ਰਾਹੀਂ ਨਹਿਰੀ ਪਾਣੀ ਸਿੱਧਾ ਹਰ ਘਰ ਤੱਕ ਪਹੁੰਚੇਗਾ ਜਿਸ ਨਾਲ ਸਾਫ਼, ਸਿਹਤਮੰਦ ਅਤੇ ਨਿਰੰਤਰ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ। ਵਿਧਾਇਕ ਛੀਨਾ ਨੇ ਕਿਹਾ ਕਿ ਪੁਰਾਣੀਆਂ,ਟੁੱਟੀਆਂ ਪਾਈਪਾਂ ਨੂੰ ਮਜ਼ਬੂਤ, ਨਵੀਂ-ਤਕਨੀਕ ਵਾਲੀਆਂ ਲਾਈਨਾਂ ਨਾਲ ਬਦਲਿਆ ਜਾਵੇਗਾ ਜੋ ਪਾਣੀ ਦੀ ਬਰਬਾਦੀ ਨੂੰ ਰੋਕਣ ਵਿੱਚ ਸਹਾਇਕ ਸਿੱਧ ਹੋਵੇਗੀ। ਵਿਧਾਇਕ ਛੀਨਾ ਨੇ ਸਪੱਸ਼ਟ ਕੀਤਾ ਕਿ ਇਹ ਪ੍ਰੋਜੈਕਟ ਕਰੀਬ ਤਿੰਨ ਸਾਲਾਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ ਅਤੇ ਸ਼ਹਿਰ ਦੇ ਵਸਨੀਕਾਂ ਨੂੰ 10 ਘੰਟੇ ਦੀ ਬਜਾਏ 24 ਘੰਟੇ ਪਾਣੀ ਦੀ ਪੂਰਤੀ ਕੀਤੀ ਜਾਵੇਗੀ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬਿਜਲੀ, ਪਾਣੀ, ਸਟਰੀਟ ਲਾਈਟਾਂ, ਸਿਹਤ, ਮਿਆਰੀ ਸਿੱਖਿਆ ਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

## ਮਾਈਕਰੋ ਆਬਜ਼ਰਵਰਾਂ ਦੀ ਪਹਿਲੀ ਰੈਂਡਮਾਈਜ਼ੇਸ਼ਨ ਕੀਤੀ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ): ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਤਿਆਰੀ ਵਜੋਂ 66 ਮਾਈਕਰੋ-ਆਬਜ਼ਰਵਰਾਂ ਦੀ ਪਹਿਲੀ ਰੈਂਡਮਾਈਜ਼ੇਸ਼ਨ ਵੀਰਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੂਰੀ ਕੀਤੀ ਗਈ ਜਿਸਦੀ ਨਿਗਰਾਨੀ ਜਨਰਲ ਆਬਜ਼ਰਵਰ ਰਾਜੀਵ ਕੁਮਾਰ ਆਈ.ਏ.ਐਸ ਅਤੇ ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਕੀਤੀ।

ਇਨ੍ਹਾਂ ਚੋਣਾਂ ਵਿੱਚ ਕੁੱਲ 66 ਮਾਈਕਰੋ- ਆਬਜ਼ਰਵਰ ਆਪਣੀਆਂ ਡਿਊਟੀਆਂ ਨਿਭਾਉਣਗੇ। ਇਸ ਤੋਂ ਇਲਾਵਾ 100 ਪ੍ਰਤੀਸ਼ਤ ਕਰਮਚਾਰੀਆਂ ਨੂੰ ਰਿਜ਼ਰਵ ਵਿੱਚ ਰੱਖਿਆ ਗਿਆ ਹੈ। ਹਰੇਕ ਪੋਲਿੰਗ ਸਥਾਨ 'ਤੇ ਕਾਰਵਾਈ ਦਾ ਬਾਰੀਕੀ ਨਾਲ ਨਿਰੀਖਣ ਕਰਨ ਅਤੇ ਸ਼ਾਂਤੀਪੂਰਨ ਅਤੇ ਪਾਰਦਰਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹੇ ਵਿੱਚ ਪੋਲਿੰਗ ਵਾਲੇ ਦਿਨ 66 ਮਾਈਕਰੋ-ਆਬਜ਼ਰਵਰ ਤਾਇਨਾਤ ਕੀਤੇ ਜਾਣਗੇ। ਮਾਈਕਰੋ ਆਬਜ਼ਰਵਰਾਂ ਨੂੰ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ) ਦੇ ਕੰਨ ਅਤੇ ਅੱਖਾਂ ਕਰਾਰ ਦਿੰਦੇ ਹੋਏ ਜਨਰਲ ਆਬਜ਼ਰਵਰ ਰਾਜੀਵ ਕੁਮਾਰ ਆਈ.ਏ.ਐਸ ਅਤੇ ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸ਼ਾਂਤੀਪੂਰਨ ਜ਼ਿਮਨੀ ਚੋਣ ਪ੍ਰਕਿਰਿਆ ਲਈ ਮਾਈਕਰੋ ਆਬਜ਼ਰਵਰਾਂ ਦੀ ਬਹੁਤ ਵੱਡੀ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਮਾਈਕਰੋ ਆਬਜ਼ਰਵਰ 19 ਜੂਨ ਨੂੰ ਉਨ੍ਹਾਂ ਨੂੰ ਸੌਂਪੀ ਗਈ ਸਮੁੱਚੀ ਚੋਣ ਪ੍ਰਕਿਰਿਆ 'ਤੇ ਨੇੜਿਓਂ ਨਜ਼ਰ ਰੱਖਣਗੇ।

ਉਨ੍ਹਾਂ ਕਿਹਾ ਕਿ ਪੋਲਿੰਗ ਸਟਾਫ ਲਈ ਤਿਆਰੀ ਅਭਿਆਸ ਵਜੋਂ ਮਾਈਕਰੋ ਆਬਜ਼ਰਵਰਾਂ ਨੂੰ 19 ਜੂਨ ਨੂੰ ਸਵੇਰੇ 7 ਵਜੇ ਅਸਲ ਪੋਲਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੌਕ ਪੋਲ ਕਰਵਾਉਣਾ ਹੋਵੇਗਾ। ਇਸ ਤੋਂ ਇਲਾਵਾ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਚੋਣ ਕੰਮ ਪਾਰਦਰਸ਼ੀ ਢੰਗ ਨਾਲ ਕੀਤਾ ਗਿਆ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਉਲੰਘਣਾ ਨਹੀਂ ਹੋਈ ਹੈ।

## ਦੂਜੇ ਦਿਨ ਪੋਲਿੰਗ ਕਰਮਚਾਰੀਆਂ ਲਈ ਸਿਖਲਾਈ ਸੈਸ਼ਨ ਦਾ ਆਯੋਜਨ



ਲੁਧਿਆਣਾ, 5 ਜੂਨ (ਵਿਸ਼ਾਲ ਸ਼ਰਮਾ) : ਵੀਰਵਾਰ ਨੂੰ ਲਗਾਤਾਰ ਦੂਜੇ ਦਿਨ ਖਾਲਸਾ ਕਾਲਜ (ਲੜਕੀਆਂ), ਸਿਵਲ ਲਾਈਨਜ਼ ਲੁਧਿਆਣਾ ਵਿੱਚ ਪ੍ਰੀਜ਼ਾਈਡਿੰਗ ਅਫਸਰਾਂ (ਪੀ.ਆਰ.ਓ) ਲਈ ਈ.ਵੀ.ਐਮ, ਵੀ.ਵੀ ਪੈਟ ਮਸ਼ੀਨਾਂ ਅਤੇ ਈ.ਸੀ.ਆਈ ਨੈਟ ਐਪਲੀਕੇਸ਼ਨ 'ਤੇ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸਿਖਲਾਈ ਅਭਿਆਸ ਕਰਵਾਉਣ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੋਲਿੰਗ ਕਰਮਚਾਰੀ ਚੋਣ ਨਿਯਮਾਂ ਅਤੇ ਪ੍ਰਕਿਰਿਆਵਾਂ ਤੋਂ ਪੂਰੀ ਤਰ੍ਹਾਂ ਜਾਣੂ ਹੋਣ। ਅਧਿਕਾਰੀਆਂ ਨੇ ਦੱਸਿਆ ਕਿ ਪੋਲਿੰਗ ਕਰਮਚਾਰੀਆਂ ਦੇ ਸਮੂਹ ਬਣਾਏ ਗਏ ਸਨ ਅਤੇ ਸਿਖਲਾਈ ਅਭਿਆਸ ਦੋ ਦਿਨਾਂ ਤੱਕ ਜਾਰੀ ਰਿਹਾ। ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ) ਦੇ ਸਕੱਤਰ ਅਸ਼ਵਨੀ ਕੁਮਾਰ ਮੋਹਲ, ਈ.ਵੀ.ਐਮ ਨੋਡਲ ਅਫਸਰ ਬਿਹਾਰ ਦੀਰਾਜ ਕੁਮਾਰ, ਐਸ.ਡੀ.ਐਮ ਜਸਲੀਨ ਭੁੱਲਰ ਸਮੇਤ ਹੋਰ ਸੀਨੀਅਰ ਅਧਿਕਾਰੀਆਂ ਨੇ ਸਿਖਲਾਈ ਸੈਸ਼ਨਾਂ ਦੀ ਨਿਗਰਾਨੀ ਕੀਤੀ। ਜਿੱਥੇ ਪੀ.ਆਰ.ਓ ਲਈ ਈ.ਵੀ.ਐਮ ਅਤੇ ਵੀ.ਵੀ ਪੈਟ ਮਸ਼ੀਨਾਂ ਦੀ ਸਿਖਲਾਈ ਆਯੋਜਿਤ ਕੀਤੀ ਗਈ ਉੱਥੇ ਪੀ.ਆਰ.ਓ ਲਈ ਈ.ਸੀ.ਆਈ ਨੈਟ ਐਪਲੀਕੇਸ਼ਨ ਲਈ ਸਿਖਲਾਈ ਸੈਸ਼ਨ ਵੀ ਆਯੋਜਿਤ ਕੀਤਾ ਗਿਆ। ਸਿਖਲਾਈ ਸੈਸ਼ਨ ਦੌਰਾਨ ਈ.ਸੀ.ਆਈ ਨੈਟ ਐਪਲੀਕੇਸ਼ਨ ਦੇ ਕੰਮਕਾਜ ਬਾਰੇ ਇੱਕ ਪੇਸ਼ਕਾਰੀ ਵੀ ਸਾਂਝੀ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਿਖਲਾਈ ਸੈਸ਼ਨ ਦੌਰਾਨ ਵਰਤੀਆਂ ਜਾਣ ਵਾਲੀਆਂ ਈ.ਵੀ.ਐਮ ਅਤੇ ਵੀ.ਵੀ ਪੈਟ ਮਸ਼ੀਨਾਂ ਸਿਰਫ਼ ਸਿਖਲਾਈ ਦੇ ਉਦੇਸ਼ਾਂ ਲਈ ਹਨ। ਸਿਖਲਾਈ ਸੈਸ਼ਨਾਂ ਦੌਰਾਨ ਪੀ.ਆਰ.ਓ ਨੂੰ ਈ.ਵੀ.ਐਮ ਅਤੇ ਵੀ.ਵੀ ਪੈਟ ਮਸ਼ੀਨਾਂ ਦੇ ਕੰਮਕਾਜ ਬਾਰੇ ਸਿੱਖਿਅਤ ਕਰਨ ਲਈ ਮਾਸਟਰ ਟ ?ਰੇਨਰ ਵੀ ਤਾਇਨਾਤ ਕੀਤੇ ਗਏ ਸਨ।

## ਜਗਰਾਓਂ ਟ੍ਰੈਫਿਕ ਪੁਲਿਸ ਨੇ 40 ਤੋਂ ਵੱਧ ਚਲਾਨ ਕੱਟੇ ਬਾਕੀਆਂ ਨੂੰ ਵਾਰਨਿੰਗ ਦੇ ਕੇ ਛੱਡਿਆ



ਜਗਰਾਓਂ, 5 ਜੂਨ (ਦਵਿੰਦਰ ਜੈਨ) : ਅੱਜ ਜਗਰਾਓਂ ਸਾਹਿਰ ਵਿੱਚ ਮਾਨਯੋਗ ਐਸਐਸਪੀ ਸਾਹਿਬ ਅੰਕੁਰ ਗੁਪਤਾ ਲੁਧਿਆਣਾ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਤੇ ਡੀਐਸਪੀ ਕਿਸ਼ਨ ਗੋਪਾਲ ਦੀ ਅਗਵਾਈ ਹੇਠ ਤਹਿਸੀਲ ਚੌਂਕ ਜੁਗਰਾਓ ਵਿਖੇ ਸਵੇਰੇ 11 ਵਜੇ ਦੇ ਲੱਗਭੱਗ ਟਰੈਫਿਕ ਪੁਲਿਸ ਜਗਰਾਉਂ ਨੇ ਸਖਤ ਕਾਰਵਾਈ ਕਰਦੇ ਹੋਏ ਬਾਈਕਲਾਂ ਦੀ ਚੈਕਿੰਗ ਕੀਤੀ ਜਿੰਨਾ ਵਿੱਚ ਬਿਨਾਂ ਨੰਬਰ ਪਲੇਟ ,ਬਿਨਾ ਨੰਬਰ , ਤਿੰਨ ਸਵਾਰੀ ਵਾਲੇ ਅਤੇ ਛੋਟੀ ਉਮਰ ਦੇ ਬੱਚਿਆਂ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕੀਤੀ ਗਈ ਇਸ ਮੌਕੇ 40 ਤੋਂ ਵੱਧ ਚਲਾਨ ਕੱਟੇ ਗਏ ਵੱਖ ਵੱਖ ਐਮ ਬੀ ਐਕਟ ਮੋਟਰ ਵਹੀਕਲ ਦੇ ਤਹਿਤ ਇਹ ਚਲਾਨ ਕੀਤੇ ਗਏ ਅਤੇ ਅੱਗੇ ਤੋਂ ਵੀ ਸਖਤੀ ਵਰਤੀ ਜਾਵੇਗੀ ਇਹ ਕਹਿ ਕੇ ਬਾਕੀ ਗਲਤ ਅਨਸਰ ਨੂੰ ਬਖਸ਼ਿਆ ਨਹੀਂ ਜਾਏਗਾ ਟਰੈਫਿਕ ਪੁਲਿਸ ਨੇ ਬਾਕੀਆਂ ਨੂੰ ਵਾਰਨਿੰਗ ਦੇ ਕੇ ਛੱਡਿਆ ਟਰੈਫਿਕ ਇੰਚਾਰਜ ਕੁਮਾਰ ਵਾਹਿਗੁਰੂ ਨੇ ਦੱਸਿਆ ਕਿ ਇਹ ਮੁਹਿੰਮ ਇਸੇ ਤਰ੍ਹਾਂ ਹੀ ਜਾਰੀ ਰਹੇਗੀ ਸ਼ਹਿਰ ਵਿੱਚ ਗੱਡੀਆਂ ਗਲਤ ਪਾਰਕਿੰਗ ਨਾ ਕੀਤੀਆਂ ਜਾਣ ਰੇੜੀ ਫੜੀ ਵਾਲਿਆਂ ਨੂੰ ਵੀ ਸੰਦੇਸ਼ ਦਿੱਤਾ ਕਿ ਉਹ ਬਾਜ਼ਾਰ ਵਿੱਚ ਸਾਈਡ ਤੇ ਖੜੀਆਂ ਕੀਤੀਆਂ ਜਾਣ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਕਿ ਆਪਣੀਆਂ ਦੁਕਾਨਾਂ ਦੇ ਅੱਗੇ ਸਮਾਨ ਨਾ ਰੱਖਿਆ ਜਾਵੇ। ਨਹੀਂ ਤੇ ਮਜਬੂਰਨ ਪੁਲੀਸ ਨੂੰ ਆਪਣੀ ਕਾਰਵਾਈ ਕਰਨੀ ਪਵੇਗੀ।

## ਡੀ.ਏ.ਵੀ. ਸਕੂਲ ਦੀ ਵਿਦਿਆਰਥਣ ਗੁਣਵੀਨ ਨੇ ਵੁਸ਼ੂ ਚੈਂਪੀਅਨਸ਼ਿਪ 'ਚ ਚਮਕਾਇਆ ਨਾਂ



ਜਗਰਾਓਂ, 5 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜਗਰਾਓਂ ਦੀ ਹੋਨਹਾਰ ਖਿਡਾਰੀ ਗੁਣਵੀਨ ਕੌਰ ਨੇ ਇੱਕ ਵਾਰ ਫਿਰ ਆਪਣੀ ਸ਼ਾਨਦਾਰ ਪ੍ਰਦਰਸ਼ਨ ਨਾਲ ਨਾ ਸਿਰਫ਼ ਖੇਤਰ ਬਲਕਿ ਸਾਰੇ ਪੰਜਾਬ ਦਾ ਵੀ ਮਾਨ ਵਧਾਇਆ ਹੈ। ਹਾਲ ਹੀ ਵਿੱਚ ਕਪੂਰਥਲਾ ਵਿਖੇ ਹੋਈ 27ਵੀਂ ਪੰਜਾਬ ਸਟੇਟ ਜੂਨੀਅਰ ਐਂਡ ਸੀਨੀਅਰ ਵੁਸ਼ੂ ਚੈਂਪੀਅਨਸ਼ਿਪ 2025 ਵਿੱਚ ਗੁਣਵੀਨ ਨੇ ਪਹਿਲੀ ਵਾਰ ਸੀਨੀਅਰ ਕੈਟਾਗਰੀ ਵਿੱਚ ਦਾਖਲਾ ਲੈ ਕੇ ਸਿਲਵਰ ਮੈਡਲ ਆਪਣੇ ਨਾਂ ਕੀਤਾ।ਜਾਣਕਾਰੀ ਅਨੁਸਾਰ, ਗੁਣਵੀਨ ਕੌਰ ਜਗਰਾਓਂ ਦੇ ਡੀਏਵੀ ਸਕੂਲ ਦੀ ਵਿਦਿਆਰਥਣ ਹੈ। ਇਸ ਤੋਂ ਪਹਿਲਾਂ ਉਹ ਜੂਨੀਅਰ ਕੈਟਾਗਰੀ 'ਚ ਖੇਡਦੀ ਸੀ। ਹੁਣੇ ਹੀ ਉਸਨੇ ਦਿੱਲੀ ਵਿਖੇ ਹੋਈ ਇੱਕ ਰਾਸ਼ਟਰੀ ਮੁਕਾਬਲੇ 'ਚ ਪੰਜਾਬ ਵਲੋਂ ਖੇਡਦੇ ਹੋਏ ਵੀ ਸਿਲਵਰ ਮੈਡਲ ਹਾਸਲ ਕੀਤਾ ਸੀ। ਉਥੋਂ ਵਾਪਸੀ 'ਤੇ ਉਸਦਾ ਸਨਮਾਨ ਲੋਕ ਸੇਵਾ ਸੋਸਾਇਟੀ ਅਤੇ ਗੁਰਦੁਆਰਾ ਮੋਰੀ ਗੇਟ ਦੀ ਸੰਯੁਕਤ ਕਮੇਟੀ ਵੱਲੋਂ ਕੀਤਾ ਗਿਆ ਸੀ।ਹੁਣ ਇਕ ਵਾਰ ਫਿਰ ਕਪੂਰਥਲਾ ਵਿੱਚ ਹੋਈ ਇਸ ਰਾਜ ਪੱਧਰੀ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਗੁਣਵੀਨ ਨੇ ਨਾ ਸਿਰਫ਼ ਸੀਨੀਅਰ ਵਰਗ ਵਿੱਚ ਸਿਲਵਰ ਮੈਡਲ ਜਿੱਤਿਆ, ਸਗੋਂ ਪੰਜਾਬ ਨੂੰ ਓਵਰਆਲ ਮੁਕਾਬਲੇ ਵਿੱਚ ਦੂਜੀ ਪੋਜ਼ੀਸ਼ਨ ਹਾਸਲ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ।6 ਸਾਲਾਂ ਪਹਿਲਾਂ ਸ਼ੁਰੂ ਕੀਤਾ ਸੀ ਸਫਰ, ਹੁਣ ਬਣੀ ਪੰਜਾਬ ਦੀ ਸ਼ਾਨ ਗੁਣਵੀਨ ਦੇ ਪਿਤਾ ਗੁਰਪ੍ਰੀਤ ਸਿੰਘ ਅਨੁਸਾਰ, ਉਸਨੇ 2019 ਵਿੱਚ ਕੇਵਲ 11 ਸਾਲ ਦੀ ਉਮਰ 'ਚ ਆਪਣੇ ਸਕੂਲ ਤੋਂ ਵੁਸ਼ੂ ਖੇਡ ਦੀ ਸ਼ੁਰੂਆਤ ਕੀਤੀ ਸੀ। 2022 ਵਿੱਚ ਡੀਏਵੀ ਨੈਸ਼ਨਲ ਲੈਵਲ 'ਤੇ ਸਿਲਵਰ ਮੈਡਲ ਜਿੱਤਣ ਤੋਂ ਬਾਅਦ ਉਸਨੇ 2023 ਤੇ 2024 ਵਿੱਚ ਲਗਾਤਾਰ ਦੋ ਵਾਰ ਗੋਲਡ ਮੈਡਲ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ।ਪੰਜਾਬ ਸਰਕਾਰ ਵੱਲੋਂ ਚਲਾਈ ਗਈ "ਖੇਡਾਂ ਵਤਨ ਪੰਜਾਬ ਦੀਆਂ"ਮੁਹਿੰਮ 'ਚ ਵੀ ਉਹ ਲਗਾਤਾਰ ਦੋ ਵਾਰ ਗੋਲਡ ਮੈਡਲ ਜਿੱਤ ਚੁੱਕੀ ਹੈ।ਪੰਜਾਬ ਤੋਂ ਬਾਹਰ ਵੀ ਚਮਕਾ ਗੁਣਵੀਨ ਦਾ ਮੁੱਕਾ ਵਿੱਚ ਖੇਡਦਿਆਂ ਉਹ ਗੋਲਡ ਮੈਡਲ ਤੋ ਕੁਝ ਅੰਕਾਂ ਦੇ ਫਰਕ ਨਾਲ ਚੁਕ ਗਈ ਸੀ।ਸਾਰੀ ਜਗਰਾਓਂ ਖੁਸ਼ - ਨੇਤਾਵਾਂ ਤੇ ਸਕੂਲ ਪ੍ਰਬੰਧਨ ਵੱਲੋਂ ਵਧਾਈ ਆਂਗੁਣਵੀਨ ਦੀ ਇਸ ਉਪਲਬਧੀ ਕਾਰਨ ਜਗਰਾਓਂ ਖੇਤਰ 'ਚ ਖੁਸ਼ੀ ਦੀ ਲਹਿਰ ਹੈ। ਅਕਾਲੀ ਦਲ ਦੇ ਸਾਬਕਾ ਵਿਧਾਇਕ ਐਸ. ਆਰ. ਕਲੇਰ ਅਤੇ ਭਾਜਪਾ ਦੇ ਜ਼ਿਲ੍ਹਾ ਮਹਾਸਚਿਵ ਡਾ. ਰਜਿੰਦਰ ਸ਼ਰਮਾ ਨੇ ਉਸਨੂੰ ਵਧਾਈ ਦਿੰਦਿਆਂ ਕਿਹਾ ਕਿ ਇਹੀ ਧੀ ਇੱਕ ਦਿਨ ਦੇਸ਼ ਦਾ ਨਾਂ ਓਲੰਪਿਕ 'ਚ ਰੌਸ਼ਨ ਕਰੇਗੀ।ਦੂਜੇ ਪਾਸੇ, ਗੁਣਵੀਨ ਨੇ ਆਪਣੀ ਸਫਲਤਾ ਦਾ ਸ਼੍ਰੇਅ ਆਪਣੇ ਕੋਚ ਸੁਰਿੰਦਰ ਵਿਜ ਹੈਪੀ, ਮਾਪਿਆਂ ਅਤੇ ਡੀਏਵੀ ਸਕੂਲ ਨੂੰ ਦਿੱਤਾ ਅਤੇ ਅੱਗੇ ਗੋਲਡ ਮੈਡਲ ਲਿਆਉਣ ਦਾ ਵਾਅਦਾ ਕੀਤਾ।ਉਸਦੇ ਪਿਤਾ ਗੁਰਪ੍ਰੀਤ ਸਿੰਘ, ਮਾਤਾ ਮਨਪ੍ਰੀਤ ਕੌਰ, ਤਾਇਆ ਅਕਾਲੀ ਆਗੂ ਹਰਦੇਵ ਸਿੰਘ ਬੋਬੀ ਅਤੇ ਦੀਪਇੰਦਰ ਸਿੰਘ ਭੰਡਾਰੀ ਨੇ ਕਿਹਾ ਕਿ ਉਹਨਾਂ ਦੀ ਧੀ ਇੱਕ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰੇਗੀ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਗੁਣਵੀਨ ਦੇ ਓਲੰਪਿਕ ਖ਼ਵਾਬ ਨੂੰ ਪੂਰਾ ਕਰਨ ਲਈ ਉਸਨੂੰ ਲਗਾਤਾਰ ਪ੍ਰੋਤਸਾਹਨ ਅਤੇ ਸਹੀ ਮਾਰਗਦਰਸ਼ਨ ਮਿਲਣਾ ਚਾਹੀਦਾ ਹੈ।

## 'ਆਪ' ਨੇਤਾ ਬਹਾਦਰ ਸੈਨਿਕਾਂ ਦੀ ਬਹਾਦਰੀ ਦਾ ਉਡਾ ਰਹੇ ਮਜ਼ਾਕ, ਮੰਦਭਾਗਾ : ਐੱਸ.ਐੱਸ.



ਲੁਧਿਆਣਾ, 5 ਜੂਨ (ਕਰਨੈਲ ਸਿੰਘ ਐੱਮ.ਏ.) : ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਨਿਰਮਲ ਸਿੰਘ ਐੱਸ ਐੱਸ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪ੍ਰੇਸ਼ਨ ਸਿੰਦੂਰ ਸੰਬੰਧੀ ਦਿੱਤੇ ਗਏ ਇਤਰਾਜ਼ਯੋਗ ਬਿਆਨ ਨੂੰ ਬਦਸੂਰਤ, ਅਸ਼ਲੀਲ ਅਤੇ ਸ਼ਰਮਨਾਕ ਦੱਸਿਆ ਹੈ। ਐੱਸ ਐੱਸ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦਾ ਬਿਆਨ ਔਰਤਾਂ ਦੇ ਮਾਣ-ਸਨਮਾਨ ਦਾ ਘੋਰ ਅਪਮਾਨ ਹੈ ਅਤੇ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਮਾਸੂਮ ਨਾਗਰਿਕਾਂ ਦੀਆਂ ਵਿਧਵਾਵਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਰਗਾ ਹੈ। ਐੱਸ ਐੱਸ ਨੇ ਕਿਹਾ, ਆਪ੍ਰੇਸ਼ਨ ਸਿੰਦੂਰ ਸਾਡੇ ਬਹਾਦਰ ਸੈਨਿਕਾਂ ਦੀ ਬਹਾਦਰੀ ਦੀ ਗਾਥਾ ਹੈ। ਜਦੋਂ ਪੂਰਾ ਦੇਸ਼ ਆਪਣੇ ਬਹਾਦਰ ਸੈਨਿਕਾਂ ਦੇ ਨਾਲ ਖੜ੍ਹਾ ਹੈ, ਤਾਂ ਭਗਵੰਤ ਮਾਨ ਵਰਗੇ ਨੇਤਾ ਬਹਾਦਰ ਸੈਨਿਕਾਂ ਦੀ ਕੁਰਬਾਨੀ ਅਤੇ ਹਿੰਮਤ ਦਾ ਮਜ਼ਾਕ ਉਡਾ ਰਹੇ ਹਨ। ਇਹ ਉਨ੍ਹਾਂ ਦੀ ਭ੍ਰਿਸ਼ਟ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਆਮ ਆਦਮੀ ਪਾਰਟੀ 'ਤੇ ਸ਼ਬਦੀ ਵਾਰ ਕਰਦੇ ਹੋਏ ਐੱਸ ਐੱਸ ਨੇ ਕਿਹਾ ਕਿ ਇਹ ਉਹੀ ਪਾਰਟੀ ਹੈ ਜਿਸਦੀ ਦਿੱਲੀ ਸਥਿਤ ਮੁੱਖ ਮੰਤਰੀ ਰਿਹਾਇਸ਼ ਵਿੱਚ, ਆਪਣੀ ਹੀ ਪਾਰਟੀ ਦੀ ਇੱਕ ਮਹਿਲਾ ਸੰਸਦ ਮੈਂਬਰ 'ਤੇ ਹਮਲਾ ਕੀਤਾ ਜਾਂਦਾ ਹੈ ਅਤੇ ਉਸ ਨਾਲ ਅਸ਼ਲੀਲ ਵਿਵਹਾਰ ਕੀਤਾ ਜਾਂਦਾ ਹੈ। ਉਹ ਅਪਰਾਧੀ ਕੇਜਰੀਵਾਲ ਦਾ ਸਭ ਤੋਂ ਕਰੀਬੀ ਦੋਸਤ ਸੀ ਅਤੇ ਪਾਰਟੀ ਨੇ ਉਸ ਨੂੰ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ। ਇੰਨਾ ਹੀ ਨਹੀਂ, ਹੁਣ ਉਸੇ ਮਹਿਲਾ ਸੰਸਦ ਮੈਂਬਰ 'ਤੇ ਹਮਲਾ ਕਰਨ ਵਾਲੇ ਅਪਰਾਧੀ ਨੂੰ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਵਿੱਚ ਇੱਕ ਵਿਸ਼ੇਸ਼ ਅਧਿਕਾਰੀ ਵਜੋਂ ਭੇਜਿਆ ਗਿਆ ਹੈ, ਇਹ 'ਆਪ' ਪਾਰਟੀ ਦੇ ਔਰਤਾਂ ਪ੍ਰਤੀ ਸਤਿਕਾਰ ਦਾ ਜਿਊਂਦਾ ਜਾਗਦਾ ਚਿਹਰਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਭੈਣਾਂ, ਔਰਤਾਂ ਅਤੇ ਮਾਵਾਂ ਰਾਜਨੀਤੀ ਦਾ ਖੇਡ ਖੇਡਣ ਵਾਲਿਆਂ ਨੂੰ ਕਦੀ ਮਾਫ ਨਹੀਂ ਕਰਨਗੀਆਂ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਵਿਖੇ 41ਵੇਂ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਥਾ ਅਤੇ ਕੀਰਤਨ ਸਮਾਗਮ ਅੱਜ : ਬੈਨੀਪਾਲ



ਲੁਧਿਆਣਾ, 5 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ 1984 ਦੇ ਹੋਏ ਕਤਲੇਆਮ ਵਿੱਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਦੇ ਸੰਬੰਧ ਵਿੱਚ 41ਵੇਂ ਘੱਲੂਘਾਰੇ ਨੂੰ ਸਮਰਪਿਤ ਕਥਾ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਮਿਤੀ 6 ਜੂਨ ਦਿਨ ਸ਼ੁੱਕਰਵਾਰ ਨੂੰ ਕਰਵਾਏ ਜਾ ਰਹੇ ਹਨ। ਜਿਸ ਵਿੱਚ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਮਹਾਨ ਰਾਗੀ ਜੱਥੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਇਤਿਹਾਸ ਅਤੇ ਕੀਰਤਨ ਰਾਹੀਂ ਨਿਹਾਲ ਕਰਨਗੇ। 6 ਜੂਨ ਦਿਨ ਸ਼ੁੱਕਰਵਾਰ ਨੂੰ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦੇ ਪ੍ਰਵਾਹ ਆਰੰਭ ਹੋ ਜਾਣਗੇ ਜਿਸ ਵਿੱਚ ਸਵੇਰੇ ਅੰਮ੍ਰਿਤ ਵੇਲੇ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਜਾਣਗੇ ।ਆਸਾ ਜੀ ਦੀ ਵਾਰ ਦੇ ਕੀਰਤਨ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਸ੍ਰਵਨ ਕਰਵਾਉਣਗੇ। ਗਿਆਨੀ ਹਰਪ੍ਰੀਤ ਸਿੰਘ ਜੀ ਲੁਧਿਆਣੇ ਵਾਲੇ ਸੰਗਤਾਂ ਨੂੰ 84 ਦੇ ਹੋਏ ਘੱਲੂਘਾਰੇ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਸ਼ਾਮ ਦੇ ਸਮਾਗਮ ਵਿੱਚ ਗਿਆਨੀ ਸੰਦੀਪ ਸਿੰਘ ਜੀ ਜਵੱਦੀ ਟਕਸਾਲ ਵਾਲੇ ਸੰਗਤਾਂ ਨੂੰ ਸੂਰਜ ਪ੍ਰਕਾਸ਼ ਦੀ ਕਥਾ ਅਤੇ ਇਤਿਹਾਸ ਬਾਰੇ ਜਾਣੂ ਕਰਵਾਉਣਗੇ। ਸੋਦਰ ਰਹਿਰਾਸ ਦੀ ਚੌਂਕੀ ਤੋਂ ਬਾਅਦ ਪੰਥ ਪ੍ਰਸਿੱਧ ਪ੍ਰਚਾਰਕ ਗਿਆਨੀ ਕਰਨਵੀਰ ਸਿੰਘ ਜੀ ਬੱਸੀ ਸੰਗਤਾਂ ਨੂੰ ਰਾਤ 7-15 ਤੋਂ ਰਾਤ 8-15 ਤੱਕ 84 ਵਿੱਚ ਹੋਏ ਘੱਲੂਘਾਰੇ ਦੇ ਸੰਬੰਧ ਵਿੱਚ ਵਿਸਥਾਰ ਨਾਲ ਦੱਸਣਗੇ ਅਤੇ ਪੰਥ ਪ੍ਰਸਿੱਧ ਰਾਗੀ ਭਾਈ ਜਸਵੰਤ ਸਿੰਘ ਜੀ ਸ਼ ?ਰੋਮਣੀ ਰਾਗੀ (ਹਜ਼ੂਰੀ ਰਾਗੀ ਸ਼ ?ਗੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ) ਸੰਗਤਾਂ ਨੂੰ ਰਾਤ 8-15 ਤੋਂ 9-15 ਤੱਕ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਰਾਹੀਂ ਨਿਹਾਲ ਕਰਨਗੇ ।ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਕੀਰਤਨ ਦਾ ਲਾਹਾ ਲਉ ਅਤੇ ਆਪਣਾ ਜੀਵਨ ਸਫਲਾ ਕਰੋ । ਅਰਦਾਸ, ਹੁਕਮਨਾਮੇ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ। ਮੀਟਿੰਗ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਬਲਬੀਰ ਸਿੰਘ, ਗੁਰਦੀਪ ਸਿੰਘ ਕਾਲੜਾ, ਜਗਮੋਹਨ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਸਰਬਜੀਤ ਸਿੰਘ ਚਗਰ, ਤਰਲੋਕ ਸਿੰਘ ਸਚਦੇਵਾ, ਦਰਸ਼ਨ ਸਿੰਘ, ਯਸ਼ਪਾਲ ਸਿੰਘ ਸ਼ਾਮਲ ਸਨ।

## ਸਹਿਕਾਰਤਾ ਵਿਭਾਗ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ




ਸਾਹਨੇਵਾਲ, ਕੁਹਾੜਾ, 5 ਜੂਨ (ਕੁਲਦੀਪ ਸਿੰਘ ਕੁਹਾੜਾ) : ਯੂਨਾਇਟਡ ਨੇਸ਼ਨਜ਼ ਵੱਲੋਂ ਘੋਸ਼ਿਤ ਕੀਤੇ ਇੰਟਰਨੇਸ਼ਨਲ ਈਯਰ ਆਫ ਕੋਆਪਰੇਟਿਵਜ਼ ਦੇ ਉਤਸ਼ਾਹੀ ਜਸ਼ਨਾਂ ਵਿੱਚ ਯੋਗਦਾਨ ਪਾਉਂਦੇ ਹੋਏ ਸਹਿਕਾਰੀ ਆਡਿਟ ਵਿਭਾਗ ਦੇ ਸੀਨੀਅਰ ਆਡੀਟਰ ਲੁਧਿਆਣਾ ਪੂਰਬੀ ਅਤੇ ਪਾਇਲ ਸ਼ ?ਗੀ ਗੁਰਦਰਸ਼ਨ ਸਿੰਘ ਦੀ ਪ੍ਰਧਾਨਗੀ ਹੇਠ ਡੀ.ਸੀ.ਯੂ ਲੁਧਿਆਣਾ ਅਤੇ ਪਨਕੋਫੈਡ ਪੰਜਾਬ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਣ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਾਲ ਦੇ ਵਿਸ਼ਵਵਿਆਪੀ ਥੀਮ, ਪਲਾਸਟਿਕ ਪ੍ਰਦੂਸ਼ਣ ਦਾ ਮੁਕਾਬਲਾ ਕਰਨਾ' ਦੇ ਦੁਆਲੇ ਕੇਂਦਰਿਤ ਸੀ। ਸਮਾਗਮ ਦਾ ਉਦੇਸ਼ ਨਵੀਂ ਪੀੜੀ ਵਿੱਚ ਵਾਤਾਵਰਣ ਦੀਆਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨਾ ਅਤੇ ਉਨ੍ਹਾਂ ਨੂੰ ਧਰਤੀ ਦੇ ਜ਼ਿੰਮੇਵਾਰ ਪ੍ਰਬੰਧਕ ਬਣਨ ਲਈ ਉਤਸ਼ਾਹਿਤ ਕਰਨਾ ਹੈ। ਇਸ ਦਿਨ ਨੂੰ ਵਾਤਾਵਰਣ-ਕੇਂਦ੍ਰਿਤ ਗਤੀਵਿਧੀਆਂ ਦੀ ਇੱਕ ਲੜੀ ਦੁਆਰਾ ਮਨਾਇਆ ਗਿਆ , ਜਿਸ ਦੀ ਸ਼ੁਰੂਆਤ ਹਰੇ ਭਰੇ ਵਾਤਾਵਰਨ ਵਿੱਚ ਯੋਗਦਾਨ ਪਾਉਣ ਦੇ ਇੱਕ ਅਰਥਪੂਰਨ ਯਤਨ ਵਿੱਚ ਡੀ.ਸੀ.ਯੂ ਲੁਧਿਆਣਾ ਵਿਖੇ ਛਾਂਦਾਰ ਬੂਟੇ ਲਗਾ ਕੇ ਕੀਤੀ ਗਈ। ਇਸ ਮੌਕੇ ਇੰਸਪੈਕਟਰ ਆਡਿਟ ਵਿਚੋਂ ਸਰਵ ਸ਼ ?ਗੀ/ ਸ਼ ?ਗੀਮਤੀ ਕਰਮਜੀਤ ਸਿੰਘ ਚੰਦਰ, ਕੁਸਮ ਲਤਾ, ਜਗਜੀਤ ਸਿੰਘ, ਲਵਪ੍ਰੀਤ ਸਿੰਘ, ਸਨਦੀਪ ਕੌਰ, ਆਂਚਲ, ਚੰਦਨ ਬੇਦੀ, ਪ੍ਰੀਤ ਕਮਲ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਸਮਨਦੀਪ ਕੌਰ, ਮਿਸ ਚਾਰੂ ਜੈਨ, ਸੁਖਦੇਵ ਸਿੰਘ, ਪ੍ਰਦੀਪ ਕੁਮਾਰ, ਗੁਰਪ੍ਰਤਾਪ ਸਿੰਘ ਤੋਂ ਇਲਾਵਾ ਡੀ.ਸੀ.ਯੂ ਦੇ ਕਰਮਚਾਰੀ ਸ਼ ?ਗੀ ਪੰਜਾਬ ਸਿੰਘ, ਪ੍ਰਿਤਪਾਲ ਸਿੰਘ, ਕੁਲਦੀਪ ਸਿੰਘ ਚੰਦਰ ਕੁਮਾਰ ਹਾਜ਼ਰ ਸਨ, ਸਾਰਿਆਂ ਵੱਲੋ ਬੂਟੇ ਲਗਾਉਣ ਅਤੇ ਅਡਾਪਟ ਕਰਨ ਦਾ ਪ੍ਰਣ ਲਿਆ ਗਿਆ। ਇਸ ਲੜੀ ਦੇ ਤਹਿਤ ਸਹਿਕਾਰੀ ਸਭਾਵਾਂ ਸਾਹਬਾਨਾ ਵਿਖੇ ਪ੍ਰਬੰਧਕ ਕਮੇਟੀ ਅਤੇ ਹਲਕਾ ਨਿਰੀਖਕ ਸ਼੍ਰੀ ਇਸ਼ਵਿੰਦਰ ਸਿੰਘ ਵੱਲੋਂ, ਕੁਹਾੜਾ ਸਭਾ ਵਿਖੇ ਸ਼੍ਰੀ ਕੁਲਬੀਰ ਸਿੰਘ ਪ੍ਰਧਾਨ ਅਤੇ ਸਕੱਤਰ ਸ਼੍ਰੀ ਸੁਖਵਿੰਦਰ ਸਿੰਘ ਵੱਲੋਂ, ਪਹਾੜੂਵਾਲ ਸਭਾ ਵਿਖੇ ਸਕੱਤਰ ਸ਼੍ਰੀ ਗੁਰਦੀਪ ਸਿੰਘ ਵੱਲੋਂ, ਭੱਟੀਆਂ ਜਦੀਦ ਸਭਾ ਵਿਖੇ ਸਕੱਤਰ ਸ਼੍ਰੀ ਪ੍ਰਦੀਪ ਸਿੰਘ ਵੱਲੋਂ, ਕਨੇਚ ਸਭਾ ਵਿਖੇ ਪ੍ਰਧਾਨ ਸ਼੍ਰੀ ਬਲਜੀਤ ਸਿੰਘ, ਸ਼੍ਰੀ ਗੀਤਕਮਲ ਅਤੇ ਸ਼੍ਰੀ ਪ੍ਰਦੀਪ ਸਿੰਘ ਵੱਲੋਂ, ਜੰਡਿਆਲੀ ਗਿੱਲਾਂ ਸਭਾ ਵਿਖੇ ਸਕੱਤਰ ਸ਼੍ਰੀ ਜਗਮੀਤ ਸਿੰਘ ਵੱਲੋਂ, ਰਾਮਪੁਰ ਸਭਾ ਵਿੱਖੇ ਸਕੱਤਰ ਸ਼੍ਰੀ ਮਨਦੀਪ ਸਿੰਘ ਵੱਲੋਂ, ਅੜੈਚਾਂ ਸਭਾ ਵਿਖੇ ਸਕੱਤਰ ਸ਼੍ਰੀ ਅਲੀਸ਼ੇਰ ਸਿੰਘ ਵੱਲੋਂ, ਰਾਮਗੜ ਸਰਦਾਰਾਂ ਸਭਾ ਵਿਖੇ ਸਕੱਤਰ ਸ਼੍ਰੀ ਸਤਜੀਤ ਸਿੰਘ ਵੱਲੋਂ, ਭੋਲਾਪੁਰ ਪੱਤੀ ਸਭਾ ਤੋਂ ਸ਼੍ਰੀ ਬਲਵੰਤ ਸਿੰਘ ਵੱਲੋਂ, ਮਾਂਗਟ ਸਭਾ ਤੋਂ ਸ਼੍ਰੀ ਮਨਪ੍ਰੀਤ ਸਿੰਘ ਵੱਲੋਂ, ਬੰਕੜ ਗੁਜਰਾਂ ਸਭਾ ਤੋਂ ਸ਼੍ਰੀ ਅਸ਼ੋਕ ਕੁਮਾਰ ਵੱਲੋਂ, ਹਵਾਸ ਸਭਾ ਤੋਂ ਸ਼੍ਰੀ ਸੁਖਵਿੰਦਰ ਰਾਮ, ਕਾਲਖ ਸਭਾ ਤੋਂ ਸ਼੍ਰੀ ਬਲਦੇਵ ਚੀਮਾਂ ਵੱਲੋਂ , ਕਟਾਹਰੀ ਸਭਾ ਦੇ ਸਕੱਤਰ ਵੱਲੋਂ, ਚੱਕ ਸਰਵਣਨਾਥ ਦੇ ਕਰਮਚਾਰੀ ਸ਼ ?ਗੀ ਮਨਪ੍ਰੀਤ ਸਿੰਘ ਵੱਲੋਂ, ਸ਼੍ਰੀ ਜਗਜੀਤ ਸਿੰਘ, ਸ਼੍ਰੀਮਤੀ ਸਨਦੀਪ ਕੌਰ ਅਤੇ ਸ਼੍ਰੀ ਲਵਪ੍ਰੀਤ ਸਿੰਘ ਵੱਲੋਂ ਸਾਝੀਆਂ ਜਗਾਵਾਂ ਤੇ ਬੂਟੇ ਲਗਾਕੇ ਕੋਆਪਰੇਟਿਵ ਈਯਰ 2025 ਦੇ ਜਸ਼ਨਾਂ ਵਿਚ ਯੋਗਦਾਨ ਪਾਇਆ ਗਿਆ ਅਤੇ ਪ੍ਰਦੂਸ਼ਣ ਨੂੰ ਘਟਾਉਣ ਅਤੇ ਵਾਤਾਵਰਣ ਸੰਤੁਲਨ ਨੂੰ ਉਤਸ਼ਾਹਿਤ ਕਰਨ ਵਿੱਚ ਰੁੱਖਾਂ ਦੀ ਮਹੱਤਤਾ ਬਾਰੇ ਮੈਂਬਰਾਂ ਨੂੰ ਜਾਣੂ ਕਰਵਾਇਆ। ਸਮਾਗਮ ਦੌਰਾਨ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੇ ਯਤਨਾਂ ਨੂੰ ਮਾਨਤਾ ਦੇਣ ਲਈ ਸਬੰਧਤਾਂ ਨੂੰ ਮਾਣ ਪੱਤਰ ਦੇ ਕੇ ਨਿਵਾਜ਼ਿਆ ਗਿਆ।

## ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜਲੰਧਰ 'ਚ ਹੋਈ

### ਉਪਜਾਊ ਜ਼ਮੀਨਾਂ ਅਤੇ ਪਾਣੀਆਂ ਉੱਪਰ ਕੇਂਦਰ ਤੇ ਸੂਬਾ ਸਰਕਾਰ ਨੂੰ ਨਹੀਂ ਮਾਰਨ ਦਿੱਤਾ ਜਾਵੇਗਾ ਡਾਕਾ : ਡਾ. ਅਜਨਾਲਾ, ਸੰਧੂ



ਡੇਹਲੋਂ, 5 ਜੂਨ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸ਼ਹੀਦ ਸਰਵਨ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ 'ਚ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਸੂਬਾ ਤੇ ਕੇਂਦਰ ਸਰਕਾਰ ਨੂੰ ਪੰਜਾਬ ਦੀਆਂ ਉਪਜਾਊ ਜ਼ਮੀਨਾਂ ਉੱਪਰ ਜਬਰੀ ਕਬਜ਼ੇ ਕਰਕੇ ਅਰਬਨ ਅਸਟੇਟ ਬਣਾਉਣ ਦੀ ਯੋਜਨਾ ਵਿਰੁੱਧ ਅਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਲਾਮਬੰਦੀ ਕੀਤੀ ਜਾਵੇਗੀ। ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਆਖਿਆ ਕਿ ਕੇਂਦਰ ਸਰਕਾਰ ਸੂਬਿਆਂ ਦੇ ਅਧਿਕਾਰਾਂ ਉੱਪਰ ਡਾਕਾ ਮਾਰ ਕੇ ਪੰਜਾਬ ਦੇ ਪਾਣੀਆਂ ਦਾ ਕੰਟਰੋਲ ਆਪਣੇ ਹੱਥ ਵਿੱਚ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਪਾਣੀਆ ਦੇ ਮਸਲੇ ਤੇ ਭਗਵੰਤ ਸਿੰਘ ਮਾਨ ਦੀ ਸੂਬਾ ਸਰਕਾਰ ਗੰਭੀਰ ਨਹੀ ਹੈ। ਉਹ ਕੇਵਲ ਲੋਕਾਂ ਨੂੰ ਚੁਟਕਲੇ ਸੁਣਾ ਕੇ ਆਪਣਾ ਸਮਾਂ ਪੂਰਾ ਕਰ ਰਹੀ ਹੈ। ਉਹਨਾਂ ਆਖਿਆ ਕਿ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕਰਨ ਦਾ ਵਾਅਦਾ ਵੀ ਸਰਕਾਰ ਪੂਰਾ ਨਹੀ ਕਰ ਸਕੀ। ਜਦੋ ਕਿ ਪੰਜਾਬ ਦੀਆਂ ਨਹਿਰਾਂ ਵਿੱਚ ਪਾਣੀ ਵੀ ਪੂਰਾ ਨਹੀਂ ਛੱਡਿਆ ਜਾ ਰਿਹਾ। ਉਹਨਾਂ ਆਖਿਆ ਕਿ ਸੂਬੇ ਦੇ ਪਾਣੀ ਦੀ ਬਰਬਾਦੀ ਨਹੀ ਹੋਣ ਦਿੱਤੀ ਜਾਵੇਗੀ। ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਉੱਪਰ ਅਰਬਨ ਅਸਟੇਟ ਬਣਾ ਕਿ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਨ ਦੀ ਸਰਕਾਰੀ ਯੋਜਨਾ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਲੱਖਾ ਏਕੜ ਉਪਜਾਊ ਜ਼ਮੀਨ ਸੜਕਾਂ, ਕਲੋਨੀਆਂ ਤੇ ਅਰਬਨ ਅਸਟੇਟ ਬਣਾਉਣ ਨਾਲ ਖੇਤੀ ਤੋਂ ਬਾਹਰ ਹੋ ਜਾਵੇਗੀ। ਜਿਸ ਨਾਲ ਜਿੱਥੇ ਕਿਸਾਨ-ਮਜ਼ਦੂਰ ਬੇਰੁਜ਼ਗਾਰ ਹੋ ਜਾਵੇਗਾ ਉੱਥੇ ਅੰਨ ਦਾ ਸੰਕਟ ਪੈਦਾ ਹੋਣ ਦਾ ਖ਼ਤਰਾ ਵੀ ਵੱਧ ਜਾਵੇਗਾ। ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ ਜਥੇਬੰਦੀ ਦੀ ਮੈਂਬਰਸ਼ਿਪ ਕਰਕੇ ਪਿੰਡਾਂ ਵਿੱਚ ਇਕਾਈਆ ਦਾ ਗਠਨ ਤੇਜ਼ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕਿਸਾਨਾਂ ਵੱਲੋ ਜਮਹੂਰੀ ਕਿਸਾਨ ਸਭਾ ਪੰਜਾਬ ਦੀਆਂ ਇਕਾਈਆਂ ਬਣਾਉਣ ਲਈ ਭਰਪੂਰ ਸਾਥ ਦਿੱਤਾ ਜਾ ਰਿਹਾ ਹੈ।

## ਹਰਿਆਣਾ ਕਮੇਟੀ ਦੇ ਵਫ਼ਦ ਵੱਲੋਂ ਉਠਾਈਆਂ ਮੰਗਾਂ ਦਾ ਮੁੱਖ ਮੰਤਰੀ ਹਰਿਆਣਾ ਨੇ ਜਲਦ ਹੱਲ ਕਰਨ ਦਾ ਦਿੱਤਾ ਭਰੋਸਾ : ਜਥੇਦਾਰ ਦਾਦੂਵਾਲ

ਲੁਧਿਆਣਾ, 5 ਜੂਨ (ਕਰਨੈਲ ਸਿੰਘ ਐੱਮ.ਏ.) : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਉੱਚ ਪੱਧਰੀ ਵਫਦ ਨੇ ਮੁੱਖ ਮੰਤਰੀ ਹਰਿਆਣਾ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਉਨਾਂ ਦੇ ਨਿਵਾਸ ਕਬੀਰ ਕੁਟੀਰ ਚੰਡੀਗੜ੍ਹ ਵਿਖੇ 4 ਜੂਨ ਨੂੰ ਮੁਲਾਕਾਤ ਕੀਤੀ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਡੀਆ ਨੂੰ ਜਾਰੀ ਬਿਆਨ ਵਿੱਚ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਉੱਚ ਪੱਧਰੀ ਵਫ਼ਦ ਵੱਲੋਂ ਅੱਜ ਮੁੱਖ ਮੰਤਰੀ ਹਰਿਆਣਾ ਨਾਲ ਕਮੇਟੀ ਦੇ ਕਈ ਮੁੱਦਿਆਂ ਤੇ ਵਿਸ਼ੇਸ਼ ਗੱਲਬਾਤ ਕੀਤੀ ਗਈ ਜਿਸ ਵਿੱਚ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ ਬਾਰੇ ਜੋ ਕਿ ਗੁਰਦੁਆਰਾ ਮਸਤਗੜ੍ਹ ਸਾਹਿਬ ਸ਼ਾਹਬਾਦ ਮਾਰਕੰਡਾ ਦੀ ਜ਼ਮੀਨ ਵਿੱਚ ਬਣਿਆ ਹੋਇਆ ਹੈ ਜਿਸ ਤੇ ਬਾਦਲ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦੌਰਾਨ ਨਿੱਜੀ ਟਰੱਸਟ ਬਣਾ ਕੇ ਕਬਜ਼ਾ ਕੀਤਾ ਹੋਇਆ ਹੈ ਉਸ ਦਾ ਪ੍ਰਬੰਧ ਲੈਣ ਲਈ, ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਜੋ 25 ਨਵੰਬਰ ਨੂੰ ਆ ਰਿਹਾ ਹੈ ਨੂੰ ਹਰਿਆਣਾ ਕਮੇਟੀ ਵੱਲੋਂ ਗੁਰਦੁਆਰਾ ਧਮਧਾਨ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਸਟੇਟ ਪੱਧਰ ਤੇ ਮਨਾਇਆ ਜਾ ਰਿਹਾ, ਹਰਿਆਣਾ ਸਰਕਾਰ ਵੱਲੋਂ ਵੀ ਉਸ ਨੂੰ ਵੱਡੀ ਪੱਧਰ ਤੇ ਮਨਾਉਣ ਸੰਬੰਧੀ ਗੱਲਬਾਤ, ਗੁਰਦੁਆਰਾ ਪੰਜੋਖਰਾ ਸਾਹਿਬ ਪਾਤਸ਼ਾਹੀ ਅੱਠਵੀਂ ਅਤੇ ਗੁਰਦੁਆਰਾ ਸੁੱਡਲ ਸਾਹਿਬ ਪਾਤਸ਼ਾਹੀ ਨੌਵੀਂ ਨੇੜੇ ਗੁਜ਼ਰਦੇ ਹਾਈਵੇ ਤੋਂ ਗੁਰਦੁਆਰਾ ਸਾਹਿਬ ਨੂੰ ਰਸਤਾ ਲੈਣ ਸੰਬੰਧੀ ਅਤੇ ਹੋਰ ਕਈ ਮੁੱਦਿਆਂ ਤੇ ਮੁੱਖ ਮੰਤਰੀ ਸਾਹਿਬ ਨਾਲ ਵਿਸ਼ੇਸ਼ ਗੱਲਬਾਤ ਕੀਤੀ ਜਿਨਾਂ ਮੰਗਾਂ ਨੂੰ ਮੁੱਖ ਮੰਤਰੀ ਹਰਿਆਣਾ ਵੱਲੋਂ ਜਲਦ ਪੂਰੇ ਕੀਤੇ ਜਾਣ ਦਾ ਭਰੋਸਾ ਦਿੱਤਾ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਕਮੇਟੀ ਦੇ ਵਫਦ ਦਾ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਆਉਣ ਦਾ ਸਵਾਗਤ ਕੀਤਾ ।ਕਮੇਟੀ ਵੱਲੋਂ ਮੁੱਖ ਮੰਤਰੀ ਸਾਹਿਬ ਨੂੰ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ । ਹਰਿਆਣਾ ਕਮੇਟੀ ਦੇ ਵਫ਼ਦ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ, ਸ੍ਰ: ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਸ੍ਰ: ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਸ੍ਰ: ਅੰਗਰੇਜ਼ ਸਿੰਘ ਰਾਣੀਆਂ ਜਨਰਲ ਸਕੱਤਰ, ਸ੍ਰ: ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ, ਸ੍ਰ: ਕਰਨੈਲ ਸਿੰਘ ਨਿੰਮਨਾਬਾਦ ਅੰਤ੍ਰਿੰਗ ਮੈਂਬਰ, ਸ੍ਰ: ਜਗਤਾਰ ਸਿੰਘ ਮਿੱਠੜੀ ਅੰਤ੍ਰਿੰਗ ਮੈਂਬਰ, ਸ੍ਰ: ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ, ਸ੍ਰ :ਬਲਵਿੰਦਰ ਸਿੰਘ ਚੀਮਾ ਕਰਨਾਲ ਅੰਤ੍ਰਿੰਗ ਮੈਂਬਰ, ਸ੍ਰ: ਕੁਲਦੀਪ ਸਿੰਘ ਮੁਲਤਾਨੀ ਅੰਤ੍ਰਿੰਗ ਮੈਂਬਰ, ਸ੍ਰ: ਰਜਿੰਦਰ ਸਿੰਘ ਬਰਾੜਾ ਮੈਂਬਰ, ਸ੍ਰ: ਗੁਰਨਾਮ ਸਿੰਘ ਲਾਡੀ ਡਬਰੀ ਮੈਂਬਰ, ਸ੍ਰ: ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਬੀਬੀ ਕਰਤਾਰ ਕੌਰ ਸ਼ਾਹਬਾਦ ਮੈਂਬਰ, ਭਾਈ ਕੁਲਦੀਪ ਸਿੰਘ ਫੱਗੂ ਮੈਂਬਰ, ਸ੍ਰ: ਬਲਵਿੰਦਰ ਸਿੰਘ ਹਿਸਾਰ ਮੈਂਬਰ, ਸ੍ਰ: ਇੰਦਰਜੀਤ ਸਿੰਘ ਮੁਰਤਜ਼ਾਪੁਰ ਮੈਂਬਰ , ਸ੍ਰ: ਗੁਲਾਬ ਸਿੰਘ ਮੂਨਕ ਸਾਬਕਾ ਮੀਤ ਸਕੱਤਰ ਵੀ ਹਾਜ਼ਰ ਸਨ । ਇਸ ਸਮੇਂ ਮੁੱਖ ਮੰਤਰੀ ਹਰਿਆਣਾ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਤਰੁਨ ਭੰਡਾਰੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

## ਵਾਈ.ਐੱਸ. ਪਬਲਿਕ ਸਕੂਲ ਦੇ ਕਬੀਰ ਗੁਪਤਾ ਨੇ ਜੇਈਈ ਐਡਵਾਂਸਡ 2025 ਵਿੱਚ ਪ੍ਰਾਪਤ ਕੀਤਾ ਆਲ ਇੰਡੀਆ ਰੈਂਕ 792



ਬਰਨਾਲਾ, 5 ਜੂਨ (ਅਮਨਦੀਪ ਸਿੰਘ): ਵਾਈ.ਐੱਸ. ਪਬਲਿਕ ਸਕੂਲ ਦੇ ਵਿਦਿਆਰਥੀ ਕਬੀਰ ਗੁਪਤਾ ਨੇ ਜੇਈਈ ਐਡਵਾਂਸਡ 2025 ਵਿੱਚ ਆਲ ਇੰਡੀਆ ਰੈਂਕ 792 ਹਾਸਲ ਕਰਕੇ ਸਕੂਲ ਦੀ ਅਕਾਦਮਿਕ ਸ਼ਾਨ ਅਤੇ ਅਕਾਦਮਿਕ ਉੱਤਮਤਾ ਅਤੇ ਕੇਂਦ੍ਰਿਤ ਕਰੀਅਰ ਦੀ ਤਿਆਰੀ ਵਿਚ ਆਪਣੇ ਆਪ ਨੂੰ ਸਾਬਤ ਕਰ ਦਿੱਤਾ ਹੈ। ਜੇਈਈ ਐਡਵਾਂਸਡ ਭਾਰਤ ਦੇ ਸਭ ਤੋਂ ਚੁਣੌਤੀਪੂਰਨ ਪ੍ਰਵੇਸ਼ ਪ੍ਰੀਖਿਆਵਾਂ ਵਿਚੋਂ ਇੱਕ ਮੰਨੀ ਜਾਂਦੀ ਹੈ, ਜੋ ਵਿਦਿਆਰਥੀਆਂ ਨੂੰ ਆਈਆਈਟੀ ਵਰਗੀ ਪ੍ਰਸਿੱਧ ਇੰਜੀਨੀਅਰਿੰਗ ਸੰਸਥਾਵਾਂ ਵਿੱਚ ਦਾਖਲਾ ਲੈਣ ਦਾ ਮੌਕਾ ਦਿੰਦੀ ਹੈ। ਸਕੂਲ ਦੇ ਡਾਇਰੈਕਟਰ ਵਰੁਣ ਭਾਰਤੀ ਅਤੇ ਪ੍ਰਧਾਨ ਪ੍ਰੋ. ਦਰਸ਼ਨ ਕੁਮਾਰ ਨੇ ਕਬੀਰ ਦੀ ਕਾਮਯਾਬੀ ਉੱਤੇ ਖੁਸ਼ੀ ਅਤੇ ਮਾਣ ਜ਼ਾਹਿਰ ਕੀਤਾ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਕਿਹਾ, ਕਬੀਰ ਨੇ ਪੂਰੇ ਵਾਈ.ਐੱਸ. ਪਰਿਵਾਰ ਨੂੰ ਵਧਾਇਆ ਹੈ। ਉਸਦੀ ਮਿਹਨਤ, ਲਗਾਤਾਰ ਕੋਸ਼ਿਸ਼ ਅਤੇ ਸਹੀ ਮਾਰਗਦਰਸ਼ਨ ਨੇ ਇਹ ਕਾਮਯਾਬੀ ਸੰਭਵ ਬਣਾਈ ਹੈ। ਵਾਈ.ਐੱਸ. ਪਬਲਿਕ ਸਕੂਲ ਨੇ ਹਾਲੀਆਂ ਸਾਲਾਂ ਵਿੱਚ ਜੇਈਈ, ਨੀਟ, ਸੀਐਲਏਟੀ, ਯੂਪੀਐਸਸੀ, ਸੀਏ ਫਾਊਂਡੇਸ਼ਨ ਅਤੇ ਉੱਦਮਿਤਾ ਲਈ ਵਿਸ਼ੇਸ਼ ਤਿਆਰੀ ਬੈਚਾਂ ਦੀ ਸ਼ੁਰੂਆਤ ਕੀਤੀ ਹੈ, ਜੋ ਵਿਦਿਆਰਥੀਆਂ ਨੂੰ ਸ਼ੁਰੂ ਤੋਂ ਹੀ ਆਪਣੇ ਨਿਸ਼ਾਨੇ ਨਿਰਧਾਰਤ ਕਰਨ ਵਿੱਚ ਮਦਦ ਕਰਦੀਆਂ ਹਨ। ਵਾਇਸ ਪ੍ਰਿੰਸੀਪਲ ਸਚਿਨ ਗੁਪਤਾ ਨੇ ਕਿਹਾ, ਇਹ ਬੈਚਾਂ ਵਿਦਿਆਰਥੀਆਂ ਨੂੰ ਵਿਸ਼ੇ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਸਮਾਂ ਪ੍ਰਬੰਧਨ ਅਤੇ ਰਣਨੀਤਿਕ ਸੋਚ ਵੀ ਵਿਕਸਤ ਕਰਦੀਆਂ ਹਨ।

## ਦਿੱਲੀ ਸਰਕਾਰ ਨੇ 1984 ਦੇ ਸਿੱਖ ਨਸਲਕੁਸ਼ੀ ਪੀੜ੍ਹਤਾਂ ਨੂੰ ਇਨਸਾਫ਼ ਅਤੇ ਨੌਕਰੀਆਂ ਦਿੱਤੀਆਂ



ਬਰਨਾਲਾ, 5 ਜੂਨ (ਸੁਖਵਿੰਦਰ ਸਿੰਘ ਭੰਡਾਰੀ)– ਭਾਜਪਾ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੇ 1984 ਦੇ ਸਿੱਖ ਨਸਲਕੁਸ਼ੀ ਪੀੜਤਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਦਿੱਲੀ ਸਰਕਾਰ ਨੇ ਪੀੜਤਾਂ 'ਚ ਸ਼ਾਮਿਲ ਉਨ੍ਹਾਂ ਲੋਕਾਂ ਨੂੰ ਵੀ ਨੌਕਰੀ ਦਿੱਤੀ ਹੈ, ਜੋ ਨੌਕਰੀ ਲੈਣ ਦੀ ਉਮਰ ਹੱਦ ਟੱਪ ਚੁੱਕੇ ਸਨ ਅਤੇ ਕਈ ਦਸਵੀਂ ਪਾਸ ਵੀ ਨਹੀਂ ਸੀ। ਇਹ ਜਾਣਕਾਰੀ ਭਾਜਪਾ ਦੇ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ, ਐਸ ਸੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਧਰਮ ਸਿੰਘ ਫ਼ੌਜੀ ਅਤੇ ਬੀ ਸੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਗੱਖੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਜਪਾ ਦੀ ਸਰਕਾਰ ਬਣਨ 'ਤੇ ਪਹਿਲੇ 100 ਦਿਨਾਂ 'ਚ ਨਿਯਮਾਂ 'ਚ ਢਿੱਲ ਦੇ ਕੇ ਇਹ ਇਕ ਪ੍ਰਸ਼ਾਸਕੀ ਫੈਸਲਾ ਹੀ ਨਹੀਂ ਲਿਆ, ਬਲਕਿ ਸਿੱਖ ਪਰਿਵਾਰਾਂ ਦੇ ਮਾਣ,ਨਿਆਂ ਤੇ ਅਧਿਕਾਰਾਂ ਨੂੰ ਬਹਾਲ ਕਰਨ ਵੱਲ ਇਕ ਵਡਾ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਰੇਖਾ ਗੁਪਤਾ ਦਾ ਨਿਆਂ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਅਟੱਲ ਸੰਕਲਪ ਲਈ ਦਿਲੋਂ ਧੰਨਵਾਦ ਕਰਦੇ ਹਾਂ। 'ਆਪ' ਪਾਰਟੀ ਦੀ ਸਰਕਾਰ 1984 ਦੇ ਦੰਗਾ ਪੀੜਤਾਂ ਨੂੰ ਇਨਸਾਫ਼ ਦਿਵਾਉਣ ਵਿਚ ਅਸਫ਼ਲ ਰਹੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 1984 ਦੇ ਦੋਸ਼ੀਆਂ ਦੀ ਰੱਖਿਆ ਕੀਤੀ ਤੇ ਉਨ੍ਹਾਂ ਨੂੰ ਇਨਾਮ ਦਿੱਤਾ। 'ਆਪ' ਨੇ 10 ਸਾਲ ਦਿੱਲੀ ਤੇ ਰਾਜ ਕੀਤਾ, ਪਰ ਦੰਗਾ ਪੀੜਤਾਂ ਲਈ ਕੁਝ ਨਹੀਂ ਕੀਤਾ। ਭਾਜਪਾ ਨੇ ਅਦਾਲਤਾਂ ਤੋਂ ਲੈ ਕੇ ਜ਼ਮੀਨੀ ਪੱਧਰ ਤੱਕ ਇਨਸਾਫ਼ ਲਈ ਲੜਾਈ ਲੜੀ। ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਭਾਜਪਾ ਦੇ ਮਜ਼ਬੂਤ ਸਟੈਂਡ ਕਾਰਨ ਹੀ ਸਜ਼ਾ ਮਿਲੀ। ਇਹ ਨਸਲਕੁਸ਼ੀ ਕੋਈ ਆਮਪੁਹਾਰੀ ਹੋਈ ਘਟਨਾ ਨਹੀਂ ਸੀ, ਸਗੋਂ ਕਾਂਗਰਸ ਦੁਆਰਾ ਰਚੀ ਗਈ ਇਕ ਪਹਿਲਾਂ ਤੋਂ ਯੋਜਨਾਬੱਧ ਸਾਜ਼ਿਸ਼ ਸੀ, ਭਾਜਪਾ ਹੁਣ ਇਨਸਾਫ਼ ਦੇ ਰਹੀ ਹੈ ਜਿੱਥੇ ਬਾਕੀ ਸਾਰੇ ਅਸਫ਼ਲ ਹੋਏ ਸਨ। ਭਾਜਪਾ ਹਮੇਸ਼ਾ ਸਾਰੇ ਭਾਈਚਾਰਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੀ ਆ ਰਹੀ ਹੈ।

## ਵਿਧਾਇਕ ਉਗੋਕੇ ਨੇ ਨਵਨਿਯੁਕਤ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦਾ ਕੀਤਾ ਸਨਮਾਨ



ਤਪਾ ਮੰਡੀ, 5 ਜੂਨ (ਭੂਸ਼ਨ ਘੜੈਲਾ): ਅੱਜ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਪੁਰਾਣੀ ਮਾਰਕੀਟ ਕਮੇਟੀ ਤਪਾ ਦੇ ਦਫਤਰ ਵਿੱਚ ਪਾਰਟੀ ਵਰਕਰਾਂ ਦੇ ਭਰਵੇਂ ਇੱਕਠ ਵਿੱਚ ਮਾਰਕੀਟ ਕਮੇਟੀ ਦੇ ਚੇਅਰਮੈਨ ਪ੍ਰਮਿੰਦਰ ਸਿੰਘ ਭੰਗੂ ਨੂੰ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਬਣਾਏ ਜਾਣ ਤੇ ਉਨ੍ਹਾਂ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਗੁਰਤੇਜ ਸਿੰਘ ਦਰਾਕਾ ਅਤੇ ਜਸਵਿੰਦਰ ਸਿੰਘ ਚੱਠਾ,ਪੀ.ਏ ਸੁਰਿੰਦਰ ਸਿੰਘ,ਟਰੱਕ ਯੂਨੀਅਨ ਭਦੌੜ ਦੇ ਪ੍ਰਧਾਨ ਜੱਗੀ ਸਿੰਘ,ਬਲਾਕ ਪ੍ਰਧਾਨ ਬਲਜੀਤ ਸਿੰਘ ਬਾਸੀ,ਡਾ.ਬਾਲ ਚੰਦ ਬਾਂਸਲ,ਅਤਿੰਦਰ ਪਾਲ ਸਿੰਘ ਕੋਆਰਡੀਨੇਟਰ ਟਰਾਂਸਪੋਰਟ,ਲਵਦੀਪ ਸਿੰਘ ਭਗਤਪੁਰਾ ਮੋੜ,ਸਰਪੰਚ ਕਾਕਾ ਸਿੰਘ ਤਾਜੋਕੇ, ਸਰਪੰਚ ਬਬਲੂ ਸਿੰਘ ਕਾਹਨੇਕੇ,ਰਿੰਕਾ ਮੋਬਾਇਲਾਂ ਵਾਲਾ,ਅਮਨਦੀਪ ਸਿੰਘ ਦਰਾਕਾ,ਮੁਨੀਸ਼ ਗਰਗ,ਸਰਪੰਚ ਕਾਂਤਾ ਰਾਮ ਭਗਤਪੁਰਾ ਮੋੜ,ਭੁਪਿੰਦਰ ਪੁਰਬਾ,ਪ੍ਰਗਟ ਸਿੰਘ ਧੂਰਕੋਟ,ਰਾਜ ਮਾਰਕੰਡਾ,ਪਰਗਟ ਸਿੰਘ ਭਗਤਪੁਰਾ ਮੋੜ,ਹੈਰੀ ਧੂਰਕੋਟ,ਕੌਂਸਲਰ ਲਾਭ ਸਿੰਘ ਚਹਿਲ,ਕੁਲਵਿੰਦਰ ਸਿੰਘ ਚੱਠਾ,ਬਾਦਲ ਸਿੰਘ ਦਰਾਕਾ,ਕੌਂਸਲਰ ਜੱਗਾ ਸਿੰਘ,ਗੋਗੀ ਦਰਾਕਾ,ਲਖਵੀਰ ਸਿੰਘ,ਸਰਪੰਚ ਲਾਡੀ ਦਿਲਵਾਂ,ਹਰਪਾਲ ਸਿੰਘ ਜੈਮਲਸਿੰਘ ਵਾਲਾ,ਬਬਲੀ ਤਾਜੋਕੇ,ਮੁਖਤਿਆਰ ਸਿੰਘ,ਪਰਮਜੀਤ ਸਿੰਘ ਪੰਮਾ ਢਿੱਲੋਂ ਬਸਤੀ ਆਦਿ ਵੱਡੀ ਗਿਣਤੀ 'ਚ ਪਾਰਟੀ ਵਰਕਰਾਂ ਨੇ ਲੱਡੂ ਵੀ ਵੰਡੇ ਗਏ।

## ਜੈ ਵਾਟਿਕਾ ਪਬਲਿਕ ਸਕੂਲ ਵਿਖੇ ਅਧਿਆਪਕਾਂ ਲਈ ਅਧਿਆਪਨ ਦਾ ਨਿਦਾਨ' ਵਰਕਸ਼ਾਪ ਦਾ ਆਯੋਜਨ



ਬਰਨਾਲਾ, 5 ਜੂਨ (ਹਿਮਾਂਸ਼ੂ ਗਰਗ)- ਅਧਿਆਪਕਾਂ ਦੇ ਵਿਦਿਅਕ ਵਿਕਾਸ ਲਈ ਅੱਜ ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਵਿਖੇ ਇੱਕ ਦਿਲਚਸਪ ਅਤੇ ਜਾਣਕਾਰੀ ਭਰਪੂਰ ਵਰਕਸ਼ਾਪ ਅਧਿਆਪਨ ਦਾ ਖੇਤਰ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦੀ ਅਗਵਾਈ ਸਕੂਲ ਦੇ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਕੀਤੀ। ਵਰਕਸ਼ਾਪ ਦਾ ਉਦੇਸ਼ ਅਧਿਆਪਨ ਦੇ ਵੱਖ-ਵੱਖ ਖੇਤਰਾਂ ਨੂੰ ਡੂੰਘਾਈ ਨਾਲ ਸਮਝਣਾ ਅਤੇ ਅਧਿਆਪਕਾਂ ਨੂੰ ਨਵੀਆਂ ਅਧਿਆਪਨ ਰਣਨੀਤੀਆਂ ਤੋਂ ਜਾਣੂ ਕਰਵਾਉਣਾ ਸੀ। ਡਾ. ਪਰਵਿੰਦਰ ਕੌਰ ਨੇ ਵਿਸ਼ੇ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਦਿਲਚਸਪ ਢੰਗ ਨਾਲ ਪੇਸ਼ ਕੀਤਾ, ਜਿਸ ਨੇ ਅਧਿਆਪਕਾਂ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਭਰ ਦਿੱਤਾ। ਵਰਕਸ਼ਾਪ ਦੌਰਾਨ, ਸਾਰੇ ਅਧਿਆਪਕਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਸਮੂਹ ਚਰਚਾਵਾਂ, ਪੇਸ਼ਕਾਰੀਆਂ ਅਤੇ ਗਤੀਵਿਧੀਆਂ ਰਾਹੀਂ ਅਧਿਆਪਨ ਦੇ ਵੱਖ-ਵੱਖ ਖੇਤਰਾਂ - ਬੋਧਾਤਮਕ, ਹੁਨਰਮੰਦ ਅਤੇ ਭਾਵਨਾਤਮਕ - ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਵਰਕਸ਼ਾਪ ਦੇ ਅੰਤ ਵਿੱਚ ਅਧਿਆਪਕਾਂ ਨੇ ਇਸ ਅਨੁਭਵ ਨੂੰ ਬਹੁਤ ਲਾਭਦਾਇਕ ਦੱਸਿਆ ਅਤੇ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਨਾ ਸਿਰਫ਼ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰਦੀਆਂ ਹਨ ਬਲਕਿ ਕਲਾਸਰੂਮ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਇੱਕ ਨਵਾਂ ਆਯਾਮ ਵੀ ਦਿੰਦੀਆਂ ਹਨ। ਸਕੂਲ ਪ੍ਰਬੰਧਨ ਨੇ ਡਾ. ਪਰਵਿੰਦਰ ਕੌਰ ਦੇ ਮਾਰਗਦਰਸ਼ਨ ਅਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ।

## ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ



ਤਪਾ ਮੰਡੀ 5 ਜੂਨ (ਭੂਸ਼ਨ ਘੜੈਲਾ)– ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ 9ਜਿਸ ਵਿੱਚ ਸਕੂਲ ਦੇ ਸਟਾਫ ਨੇ ਬੜੇ ਉਤਸ਼ਾਹ ਨਾਲ ਪੌਦੇ ਲਗਾਏ। ਇਸ ਦਿਵਸ ਦੇ ਮੌਕੇ, ਤੇ ਸਕੂਲ ਪ੍ਰਿੰਸੀਪਲ ਸ਼$ਰੀਮਤੀ ਮੋਨਿਕਾ ਗਰਗ ਨੇ ਅਧਿਆਪਕਾਂ ਨੂੰ ਕੁਦਰਤੀ ਸਰੋਤਾਂ ਦੀ ਸੰਭਾਲ ਪ੍ਰਤੀ ਸੰਵੇਦਨਸ਼ੀਲ ਕਰਨ ਅਤੇ ਉਨ੍ਹਾਂ ਦੇ ਗ੍ਰਹਿ ਨੂੰ ਹੋਰ ਵੀ ਸੁੰਦਰ ਬਣਾਉਣ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ 9 ਅੱਗੇ ਉਹਨਾਂ ਨੇ ਕਿਹਾ ਕੇ ਨੌਜਵਾਨ ਪੀੜ੍ਹੀ ਨੂੰ ਧਰਤੀ ਮਾਂ ਦੇ ਸੁਭਾਅ ਦੇ ਅਨੁਸਾਰ ਚੱਲਣ ਲਈ ਜਾਗਰੂਕ ਕਰਨ ਅਤੇ ਟਿਕਾਊ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ' ਤੇ ਜ਼ੋਰ ਦਿੱਤਾ। ਅੰਤ ਵਿੱਚ ਸਾਰੇ ਸਟਾਫ ਨੂੰ ਸਕੂਲ ਵਲੋਂ ਪੌਦੇ ਵੰਡੇ ਗਏ ਇਸਦੇ ਨਾਲ ਹੀ ਸਾਰੇ ਸਟਾਫ ਵਲੋਂ ਸੌਂਹ ਚੁਕੀ ਗਈ ਕਿ ਉਹ ਸਮੇਂ ਸਮੇਂ ਤੇ ਉਹਨਾਂ ਵਲੋਂ ਲਗਾਏ ਗਏ ਪੌਦਿਆਂ ਦੀ ਦੇਖਭਾਲ ਕਰਨਗੇ ਅਤੇ ਉਹਨਾਂ ਨੂੰ ਹਰਰੋਜ ਪਾਣੀ ਵੀ ਦੇਣਗੇ

## ਹੈਪੀ ਕਲੱਬ ਤਪਾ ਵੱਲੋਂ ਅੱਖਾਂ ਦਾ 29ਵਾਂ ਚੈੱਕਅਪ ਤੇ ਆਪਰੇਸ਼ਨ ਕੈਂਪ 8 ਜੂਨ ਨੂੰ



ਤਪਾ ਮੰਡੀ 5 ਜੂਨ (ਭੂਸ਼ਨ ਘੜੈਲਾ, ਰਾਜੂ ਮਹਿਰਾ)– ਇਲਾਕੇ ਦੀ ਪ੍ਰਸਿੱਧ ਸਮਾਜਸੇਵੀ ਸੰਸਥਾ ਹੈਪੀ ਕਲੱਬ ਤਪਾ ਵਲੋ 29ਵਾਂ ਅੱਖਾਂ ਦਾ ਮੁਫ਼ਤ ਚੈੱਕ ਅੱਪ ਅਤੇ ਆਪਰੇਸ਼ਨ ਕੈਂਪ ਸੌਰਵ ਬਾਂਸਲ ਕਨੇਡਾ ਵਾਸੀ ਵਲੋਂ ਆਪਣੇ ਜਨਮ ਦਿਨ ਮੌਕੇ ਰਾਹੀਂ ਮੋਹਨ ਲਾਲ ਮੰਗਤ ਰਾਏ, ਤਿਰਲੋਕ ਚੰਦ ਤਾਜੋ ਵਾਲਿਆਂ ਦੇ ਸਹਿਯੋਗ ਨਾਲ ਅੱਗਰਵਾਲ ਧਰਮ ਸ਼ਾਲਾ ਤਪਾ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂ ਚ ਡਾਕਟਰ ਕਰਨ ਸਰਵਾਲ ਰਾਮਪੁਰਾ ਵਾਲੇ ਅੱਖਾਂ ਦੀ ਚੈੱਕ ਅਪ ਕਰਨਗੇ ਜਿਸ ਉਪਰੰਤ ਡਾਕਟਰ ਸਾਰਵਾਲ ਵਲੋਂ ਆਪਰੇਸ਼ਨ ਲਈ ਚੁਣੇ ਗਏ ਮਰੀਜ਼ਾਂ ਦੇ ਆਪਰੇਸ਼ਨ ਉਹਨਾਂ ਦੇ ਰਾਮਪੁਰਾ ਸਥਿਤ ਹਸਪਤਾਲ ਵਿਖੇ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਰਾਕੇਸ਼ ਬਾਂਸਲ, ਸਕਤੱਰ ਜਨਰਲ ਸੁਰਿੰਦਰ ਮਿੱਤਲ, ਚੇਅਰਮੈਨ ਸੁਨੀਲ ਸ਼ੈਲੀ ਨੇ ਦੱਸਿਆ ਕਿ ਮਰੀਜ਼ਾਂ ਨੂੰ ਦਵਾਈ ਮੁਫ਼ਤ ਮਿਲੇਗੀ ਅਤੇ ਅਪ੍ਰੇਸ਼ਨ ਯੋਗ ਮਰੀਜ਼ਾਂ ਨੂੰ ਹਸਪਤਾਲ ਲਿਜਾਣ, ਲਿਆਉਣ ਅਤੇ ਲੰਗਰ ਚਾਹ ਆਦਿ ਦਾ ਪ੍ਰਬੰਧ ਕਲੱਬ ਵਲੋਂ ਕੀਤਾ ਜਾਵੇਗਾ। ਇਸ ਮੌਕੇ ਕਲੱਬ ਦੇ ਕੈਸ਼ੀਅਰ ਰਾਕੇਸ਼ ਜਿੰਦਲ, ਸਲਾਹਕਾਰ ਹਰਮੇਸ਼ ਬਾਂਸਲ,ਪੀ ਆਰ ਓ ਸਾਹਿਲ ਗਰਗ, ਅਨਿਲ ਸਿੰਗਲਾ, ਰੌਚਕ ਸਿੰਗਲਾ, ਕਰਨ ਗਰਗ ਸੁਨੀਲ ਗੋਇਲ,ਵਨਿਤ ਗਰਗ, ਰੌਚਕ ਸਿੰਗਲਾ, ਰਾਹੁਲ ਮਿੱਤਲ ਮੈਂਬਰ ਮੌਜੂਦ ਸਨ।

## ਪੜਾਈ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਦਾ ਗੁਰਦੁਆਰਾ ਕਮੇਟੀ ਵੱਲੋਂ ਨਗਦ ਰਾਸ਼ੀ ਨਾਲ ਸਨਮਾਨ



ਧਨੌਲਾ, 5 ਜੂਨ (ਚਮਕੌਰ ਸਿੰਘ ਗੱਗੀ) ਪੰਜਾਬ ਸਕੂਲ ਸਿੱਖਿਆ ਬੋਰਡ, ਅਤੇ ਸੀ ਬੀ ਐਸ ਈ ਦੇ ਦਸਵੀਂ ਜਮਾਤ ਦੇ ਐਲਾਨੇ ਨਤੀਜਿਆਂ ਵਿਚੋਂ ਧਨੌਲਾ ਦੇ ਵਿਦਿਆਰਥੀਆਂ ਨੇ ਨਗਰ ਦਾ ਨਾਮ ਰੌਸ਼ਨ ਕਰਨ ਦੀ ਖੁਸ਼ੀ ਵਿੱਚ ਵਿਦਿਆਰਥੀਆਂ ਦਾ ਗੁਰੂਦੁਆਰਾ ਰਾਮਸਰ ਪ੍ਰਬੰਧਕ ਕਮੇਟੀ ਵਲੋਂ ਸਿਰਪਾਓ ਦੇ ਕੇ ਨਗਦ ਰਾਸ਼ੀ ਨਾਲ ਸਨਮਾਨ ਕੀਤਾ। ਇਸ ਮੌਕੇ ਗੁਰੂਦੁਆਰਾ ਗੁਰੂਸਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਰਾਜ ਸਿੰਘ ਪੰਧੇਰ, ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਕਿਹਾ ਕਿ ਧਨੌਲਾ ਦੇ ਅਮਨਿੰਦਰ ਸਿੰਘ ਪੁੱਤਰ ਤਲਵਿੰਦਰ ਸਿੰਘ ਨੇ ਦਸਵੀਂ ਜਮਾਤ ਵਿੱਚੋਂ ਜਿਲ੍ਹੇ ਚ ਪਹਿਲੇ ਸਥਾਨ, 650/632 ਪ੍ਰਾਪਤ ਕੀਤਾ, ਅਤੇ ਪ੍ਰਭਲੀਨ ਕੌਰ ਪੁੱਤਰੀ ਮਨਦੀਪ ਸਿੰਘ ਨੇ ਦਸਵੀਂ ਕਲਾਸ ਸੀ ਬੀ ਐਸ ਸੀ, ਬੋਰਡ ਵਿਚੋਂ 500/474 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਅਤੇ ਗੁਰਵਿੰਦਰ ਸਿੰਘ ਪੁੱਤਰ ਤਲਵਿੰਦਰ ਸਿੰਘ ਨੇ ਅੱਠਵੀਂ ਕਲਾਸ ਵਿੱਚੋਂ 600/578 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਇਹਨਾਂ ਵਿਦਿਆਰਥੀਆਂ ਨੇ ਮਾਪਿਆਂ ਸਮੇਤ ਪੂਰੇ ਨਗਰ ਦਾ ਨਾਮ ਰੋਸ਼ਨ ਕੀਤਾ ਹੈ, ਜਿਨਾਂ ਨੂੰ ਅੱਜ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਪਾਓ ਅਤੇ ਸਨਮਾਨ ਚਿੰਨ ਸਮੇਤ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ ਹੈ। ਸਕੱਤਰ ਇੰਦਰਜੀਤ ਸਿੰਘ ਨੇ ਕਿਹਾ ਕਿ ਅਮਨਿੰਦਰ ਸਿੰਘ ਨੇ ਪੜ੍ਹਾਈ ਵਿੱਚ ਹੀ ਨਾਮਣਾ ਨਹੀਂ ਖੱਟਿਆ ਸਗੋਂ ਉਸ ਨੇ ਕਲਾ ਦੇ ਖੇਤਰ ਚਿੱਤਰਕਾਰੀ ਰਾਹੀਂ ਵੱਖ ਵੱਖ ਖ਼ੂਬਸੂਰਤ ਤਸਵੀਰਾ ਬਣਾ ਆਪਣਾ ਨਾਮ ਬਣਾਇਆ ਹੈ, ਜੋ ਕਿ ਨਗਰ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਪ੍ਰਧਾਨ ਸੁਖਰਾਜ ਸਿੰਘ ਪੰਧੇਰ, ਸੀਨੀਅਰ ਮੀਤ ਪ੍ਰਧਾਨ ਹਰਦੇਵ ਸਿੰਘ ਸਕੱਤਰ ਇੰਦਰਜੀਤ ਸਿੰਘ, ਮੀਤ ਪ੍ਰਧਾਨ ਜਗਮੇਲ ਸਿੰਘ, ਜਤਿੰਦਰ ਸਿੰਘ ਜੋਗਾ, ਅਮਰਜੀਤ ਸਿੰਘ, ਪੂਰਨ ਸਿੰਘ, ਸਰਦਾਰਾ ਸਿੰਘ, ਹਰਿੰਦਰਜੀਤ ਸਿੰਘ ਢੀਂਡਸਾ, ਗੁਰਨਾਮ ਸਿੰਘ, ਗ੍ਰੰਥੀ ਰਾਜਵਿੰਦਰ ਸਿੰਘ, ਬਲਵਿੰਦਰ ਸਿੰਘ ਜੱਸੜਵਾਲੀਆਂ, ਡਿੰਪੀ ਕੰਗ, ਹੰਸਾ ਸਿੰਘ, ਸੰਗਤਾਂ ਹਾਜ਼ਰ ਸਨ।

## ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਗਾਉਣੇ ਅਤੇ ਉਨ੍ਹਾਂ ਦੀ ਸੰਭਾਲ ਕਰਨਾ ਲਾਜ਼ਮੀ : ਡਾ. ਮਾਹਲ, ਬਾਜਵਾ



ਤਪਾ ਮੰਡੀ, 5 ਜੂਨ (ਰਾਜੂ ਮਹਿਰਾ, ਭੂਸ਼ਨ ਘੜੈਲਾ)– ਸੀਨੀਅਰ ਮੈਡੀਕਲ ਅਫਸਰ ਡਾ. ਇੰਦੂ ਬਾਂਸਲ ਦੀ ਅਗਵਾਈ ਵਿੱਚ ਅੱਜ ਸਬ ਡਵੀਜਨਲ ਹਸਪਤਾਲ ਤਪਾ ਅਤੇ ਬਲਾਕ ਤਪਾ ਅਧੀਨ ਵੱਖ ਵੱਖ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਬੂਟੇ ਲਗਾਏ ਗਏ। ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਮਾਹਲ ਤੇ ਡਾ. ਕੰਵਲਜੀਤ ਸਿੰਘ ਬਾਜਵਾ ਨੇ ਪਲੀਤ ਹੋ ਰਹੇ ਵਾਤਾਵਰਣ ਕਰਕੇ ਫੈਲ ਰਹੀਆਂ ਬਿਮਾਰੀਆਂ ਦੇ ਖਾਤਮੇ ਲਈ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਵਾਤਾਵਰਨ ਪ੍ਰਤੀ ਸੁਹਿਰਦ ਹੋਣ ਦੀ ਅਪੀਲ ਕੀਤੀ। ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਨੇ ਹਵਾ, ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਆਪਣੇ ਆਸ-ਪਾਸ ਸਫਾਈ ਰੱਖਣੀ ਯਕੀਨੀ ਬਣਾਈ ਜਾਵੇ ਅਤੇ ਪਲਾਸਟਿਕ ਦੀ ਵਰਤੋਂ ਕਰਨ ਤੋਂ ਗੁਰੇਜ ਕੀਤਾ ਜਾਵੇ ਤਾਂ ਜੋ ਅਸੀਂ ਆਪਣੀ ਅਤੇ ਆਪਣੇ ਪਰਿਵਾਰ ਨੂੰ ਤੰਦਰੁਸਤ ਰੱਖ ਸਕੀਏ। ਇਸ ਮੌਕੇ ਐਸ.ਆਈ ਰਣਜੀਵ ਕੁਮਾਰ, ਜੂਨੀਅਰ ਸਹਾਇਕ ਬੂਟਾ ਸਿੰਘ, ਮ.ਪ.ਹ.ਵ ਗਗਨਦੀਪ ਸਿੰਘ, ਮਨਪ੍ਰੀਤ ਸ਼ਰਮਾ, ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਸੰਕਟ ਮੋਚਨ ਹਨੂੰਮਾਨ ਮੰਦਰ ਕਿਲ੍ਹਾ ਮੁਹੱਲਾ ਦੀ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ਸ਼ਲਾਘਾਯੋਗ



ਬਰਨਾਲਾ, 5 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਸ਼੍ਰੀ ਸੰਕਟ ਮੋਚਨ ਹਨੂੰਮਾਨ ਮੰਦਰ ਕਿਲ੍ਹਾ ਮੁਹੱਲਾ ਬਰਨਾਲਾ ਦੀ ਮੀਟਿੰਗ ਪ੍ਰਧਾਨ ਜਿੰਦਰ ਪਾਲ ਸਵਾਮੀ ਦੀ ਪ੍ਰਧਾਨਗੀ ਹੇਠ ਮੰਦਰ ਹਾਲ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੇਵਾਦਾਰ ਜੋਨੀ ਗਰਗ ਅਤੇ ਐਡਵੋਕੇਟ ਵਿਸ਼ਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਦਰ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੌਰਾਨ ਬੀਤੇ ਸਾਲਾਂ ਚ ਕੀਤੇ ਚੰਗੇ ਕੰਮਾਂ ਦੀ ਪ੍ਰਸ਼ੰਸ਼ਾ ਕੀਤੀ ਗਈ। ਉਨ੍ਹਾਂ ਕਿਹਾ ਕਿ ਮੰਦਰ ਦੇ ਵਿਸਥਾਰ ਲਈ ਜਗ$ਹਾ ਲੈ ਕੇ ਛੋਟਾ ਹਾਲ ਉਸਾਰਿਆ ਗਿਆ ਹੈ। ਮੰਦਰ ਦੇ ਬੈਂਕ ਖਾਤੇ ਦਾ ਹਿਸਾਬ ਕਿਤਾਬ ਦੱਸਿਆ ਗਿਆ, ਜਿਸ ਨੂੰ ਸਾਰਿਆਂ ਨੇ ਸਲਾਹਿਆ ਅਤੇ ਖੁਸ਼ੀ ਪ੍ਰਗਟ ਕੀਤੀ। ਮੰਦਰ ਕਮੇਟੀ ਵੱਲੋਂ ਹਰ ਸਾਲ ਸ਼੍ਰੀ ਹਨੂੰਮਾਨ ਜੀ ਦਾ ਜਾਗਰਣ ਸਾਰਿਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਮੰਦਰ ਕਮੇਟੀ ਵੱਲੋਂ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਜਲਦੀ ਹੀ ਇਸ ਹਾਲ ਚ ਮੂਰਤੀਆਂ ਸਥਾਪਿਤ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਮੀਟਿੰਗ ਦੌਰਾਨ ਪਾਸ ਹੋਣ ਵਾਲੇ ਧਾਰਮਿਕ ਉਤਸਵ ਧੂਮਧਾਮ ਨਾਲ ਮਨਾਏ ਜਾਣਗੇ। ਸ਼ਰਧਾਲੂ ਲੋਕ ਮੰਦਰ ਚ ਧਾਰਮਿਕ ਸਮਾਗਮਾਂ ਲਈ ਪੂਰਾ ਸਹਿਯੋਗ ਦਿੰਦੇ ਹਨ। ਇਸ ਮੌਕੇ ਮੰਦਰ ਦੀ ਪ੍ਰਬੰਧਕ ਕਮੇਟੀ ਦੀ ਮੈਂਬਰਸ਼ਿਪ ਮੁਹਿੰਮ ਸੰਬੰਧੀ ਮਤਾ ਅਗਲੀ ਮੀਟਿੰਗ ਚ ਰੱਖਿਆ ਜਾਵੇਗਾ। ਇਸ ਦੌਰਾਨ ਵਿੱਤ ਸਕੱਤਰ ਨੀਰਜ ਸਿੰਗਲਾ ਨੇ ਕਿਹਾ ਕਿ ਸਾਰੇ ਮੈਂਬਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਉਪਰੰਤ ਸੰਜੀਵ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮੀਟਿੰਗ ਦੌਰਾਨ ਵਿੱਤ ਸਕੱਤਰ ਨੀਰਜ ਸਿੰਗਲਾ, ਸਾਬਕਾ ਪ੍ਰਧਾਨ ਐਡਵੋਕੇਟ ਸੁਰਿੰਦਰ ਲਾਡੀ, ਜੋਨੀ ਗਰਗ, ਵਿਸ਼ਾਲ ਸ਼ਰਮਾ ਐਡਵੋਕੇਟ, ਬਾਨੀ ਮੈਂਬਰ ਸੁਖਵਿੰਦਰ ਭੰਡਾਰੀ, ਪਰਮਿੰਦਰ ਸ਼ਰਮਾ ਪੰਜਾਬ ਪੁਲਿਸ, ਕਾਲਾ ਸਿੰਘ ਪੰਜਾਬ ਪੁਲਿਸ, ਬਾਨੀ ਮੈਂਬਰ ਸੰਜੀਵ ਸ਼ਰਮਾ, ਵਰਿੰਦਰ ਕੁਮਾਰ ਸ਼ਰਮਾ, ਮਹੰਤ ਇੰਦਰ ਦਾਸ , ਰੋਬਿਨ ਕੁਮਾਰ ਸਿੱਧੂ ਆਦਿ ਮੈਂਬਰ ਹਾਜ਼ਰ ਸਨ।

## ਮਾਤਾ ਦਰਸ਼ਨਾ ਦੇਵੀ ਦੀ ਯਾਦ ਵਿੱਚ ਬਾਂਸਲ ਗਰੁੱਪ ਸੂਲਰ ਘਰਾਟ ਵੱਲੋਂ ਲਗਾਇਆ ਮੈਡੀਕਲ ਅਤੇ ਕੈਂਸਰ ਜਾਂਚ ਕੈਂਪ



ਦਿੜ੍ਹਬਾ ਮੰਡੀ 5 ਜੂਨ (ਸੁਖਵਿੰਦਰ ਸਿੰਘ ਵਿਰਕ, ਪ੍ਰਵੇਸ਼ ਕੁਮਾਰ ਹੈਪੀ ) ਬਾਂਸਲ ਗਰੁੱਪ ਸੂਲਰ ਘਰਾਟ ਦੇ ਐਮ ਡੀ ਸੰਜੀਵ ਬਾਂਸਲ ਵੱਲੋਂ ਆਪਣੀ ਮਾਤਾ ਦਰਸ਼ਨਾ ਦੇਵੀ ਦੀ 12 ਵੀਂ ਬਰਸੀ ਨੂੰ ਸਮਰਪਿਤ ਮੁਫ਼ਤ ਮੈਡੀਕਲ ਅਤੇ ਕੈਂਸਰ ਜਾਂਚ ਕੈਂਪ ਬਾਬਾ ਬੈਰਸੀਆਣਾ ਸਾਹਿਬ ਚੈਰੀਟੇਬਲ ਹਸਪਤਾਲ ਦਿੜ੍ਹਬਾ ਵਿਖੇ ਲਗਾਇਆ ਗਿਆ । ਇਸ ਕੈਂਪ ਵਿੱਚ ਲਗਭਗ 1700 ਦੇ ਕਰੀਬ ਮਰੀਜ਼ਾਂ ਦੀਆ ਵੱਖ-ਵੱਖ ਬਿਮਾਰੀਆਂ ਦਾ ਚੈੱਕ ਅਪ ਕੀਤਾ ਗਿਆ । ਇਸ ਕੈਂਪ ਦੇ ਮੁੱਖ ਮਹਿਮਾਨ ਸ. ਹਰਪਾਲ ਸਿੰਘ ਚੀਮਾ ਖਜ਼ਾਨਾ ਮੰਤਰੀ ਪੰਜਾਬ ਨੇ ਕੈਂਪ ਦੀ ਸ਼ਲਾਘਾ ਕਰਦਿਆ ਕਿਹਾ ਕਿ ਬਾਂਸਲ ਪਰਿਵਾਰ ਵੱਲੋਂ ਆਪਣੀ ਮਾਤਾ ਦੀ ਯਾਦ ਵਿੱਚ ਹਰ ਸਾਲ ਕੈਂਪ ਲਗਾ ਕੇ ਉਹਨਾਂ ਨੂੰ ਸਮਰਪਿਤ ਕਰਨਾ ਇਲਾਕੇ ਦੀ ਬਹੁਤ ਵੱਡੀ ਸੇਵਾ ਹੈ । ਕੈਂਪ ਦਾ ਉਦਘਾਟਨ ਕਰਦੇ ਹੋਏ ਜ਼ਿਲਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਸੰਜੀਵ ਬਾਂਸਲ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ । ਸ੍ਰੀ ਦਵਿੰਦਰ ਅੱਤਰੀ ਐੱਸ ਪੀ ਨੇ ਕਿਹਾ ਕਿ ਮਾਤਾ ਦਰਸ਼ਨਾ ਦੇਵੀ ਬਹੁਤ ਨੇਕ ਤੇ ਦਿਆਲੂ ਸੁਭਾਅ ਦੇ ਸਨ। ਮੈਂ ਖ਼ੁਦ ਓਹਨਾ ਦੇ ਨੇੜੇ ਹੋ ਕੇ ਵਿਚਰਿਆ ਹਾਂ । ਸਹਾਇਕ ਟੈਕਸ ਕਮਿਸ਼ਨਰ ਰੋਹਿਤ ਗਰਗ ਨੇ ਕੈਂਪ ਪ੍ਰਬੰਧਕਾ ਦੀ ਵਧੀਆ ਵਿਵਸਥਾ ਲਈ ਤਾਰੀਫ਼ ਕੀਤੀ। ਫ਼ਿਲਮੀ ਅਦਾਕਾਰ ਕਰਮਜੀਤ ਅਨਮੋਲ ਵੀ ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ ਸੰਜੀਵ ਬਾਂਸਲ ਨੇ ਕਿਹਾ ਕਿ ਮਾਤਾ ਦੀ ਯਾਦ ਵਿੱਚ ਇਸ ਤਰ੍ਹਾਂ ਦੇ ਕੰਮ ਨਿਰੰਤਰ ਜਾਰੀ ਰਹਿਣਗੇ । ਇਸ ਮੌਕੇ ਤਪਿੰਦਰ ਸੋਹੀ ਓ ਐੱਸ ਡੀ ਟੂ ਵਿੱਤ ਮੰਤਰੀ, ਐੱਸ ਡੀ ਐੱਮ ਰਾਜੇਸ਼ ਸ਼ਰਮਾ, ਡੀ ਐਸ ਪੀ ਡਾ. ਰੁਪਿੰਦਰ ਬਾਜਵਾ, ਰਾਜ ਕੁਮਾਰ ਕਾਰਜਕਾਰੀ ਪ੍ਰਧਾਨ ਹਸਪਤਾਲ, ਬਾਂਸਲ ਗਰੁੱਪ ਦੇ ਚੇਅਰਮੈਨ ਸ਼ਾਮ ਲਾਲ ਬਾਂਸਲ, ਕੌਂਪਲ ਦੇ ਡਾਇਰੈਕਟਰ ਨਵੀਨ ਬਾਂਸਲ , ਹੈਲਿਕ ਬਾਂਸਲ, ਚੇਅਰਮੈਨ ਇਮਪਰੂਵਮੈਂਟ ਟਰੱਸਟ ਪੀਤੂ ਸਰਪੰਚ, ਜਸਵੀਰ ਕੌਰ ਸ਼ੇਰ ਗਿੱਲ ਚੇਅਰਮੈਨ ਮਾਰਕੀਟ ਕਮੇਟੀ ਦਿੜ੍ਹਬਾ ,ਮਨਿੰਦਰ ਘੁਮਾਣ ਪ੍ਰਧਾਨ ਨਗਰ ਪੰਚਾਇਤ, ਰਾਜੇਸ਼ ਗੋਪ, ਹਰਿੰਦਰ ਗੋਇਲ, ਕਸ਼ਮੀਰ ਸਿੰਘ ਅਤੇ ਗੁਰਮੇਲ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਹਾਜ਼ਰ ਸਨ ।

## ਪਰਿਵਾਰ ਨਿਯੋਜਨ ਕੈਂਪ ਦੌਰਾਨ ਪਰਿਵਾਰ ਨਿਯੋਜਨ ਦੇ 23 ਅਪ੍ਰੇਸ਼ਨ ਕੀਤੇ

ਭਗਤਾ ਭਾਈ ਕਾ 5 ਜੂਨ (ਸਵਰਨ ਸਿੰਘ ਭਗਤਾ)ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਸਿਹਤ ਸਹੂਲਤਾਂ ਨਿਰੰਤਰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸੇ ਘੜੀ ਅਧੀਨ ਸਥਾਨਕ ਸਰਕਾਰੀ ਹਸਪਤਾਲ ਵਿਖੇ ਐਸ ਐਮ ਓ ਡਾਕਟਰ ਸੀਮਾ ਗੁਪਤਾ ਦੀ ਅਗਵਾਈ ਅੱਜ ਪਰਿਵਾਰ ਨਿਯੋਜਨ ਸਬੰਧੀ ਆਪਰੇਸ਼ਨ ਕੈਂਪ ਲਗਾਇਆ ਗਿਆ।ਐਸ ਐਮ ਓ ਨੇ ਦੱਸਿਆ ਕਿ ਕੈਂਪ ਵਿੱਚ 23 ਲੋਕਾਂ ਦੇ ਪਰਿਵਾਰ ਨਿਯੋਜਨ ਦੇ ਅਪ੍ਰੇਸ਼ਨ ਕੀਤੇ ਗਏ। ਕੈਂਪ ਦੌਰਾਨ ਅਪ੍ਰੇਸ਼ਨਾਂ ਦੇ ਮਾਹਿਰ ਡਾਕਟਰ ਰਮੇਸ਼ਵਰ ਚਾਵਲਾ ਜੋ ਸ਼ਹੀਦ ਭਾਈ ਮਨੀ ਸਿੰਘ ਸਰਕਾਰੀ ਹਸਪਤਾਲ ਬਠਿੰਡਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ,ਉਹਨਾਂ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ।ਇਸ ਮੌਕੇ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਅਤੇ ਬੀਐਸਏ ਅਵਨੀਸ਼ ਕੁਮਾਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਹਸਪਤਾਲ ਵਿੱਚੋਂ ਸਥਾਈ ਅਤੇ ਅਸਥਾਈ ਪਰਿਵਾਰ ਨਿਯੋਜਨ ਸਾਧਨਾ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਇਸ ਕੈਂਪ ਨੂੰ ਕਾਮਯਾਬ ਕਰਨ ਲਈ ਡਾਕਟਰ ਰਾਜੀਵ ਗਰਗ, ਰਕੇਸ਼ ਸਿੰਗਲਾ, ਸਟਾਫ ਨਰਸ ਕਰਮਜੀਤ ਕੌਰ, ਵੀਰਪਾਲ ਕੌਰ, ਪ੍ਰਭਜੋਤ ਕੌਰ, ਹਰਪਾਲ ਕੌਰ, ਐਲਐਚਵੀ ਜਗਦੀਸ਼ ਕੌਰ ,ਸੀਐਚ ਓ ਪ੍ਰਿਅੰਕਾ, ਗੁਰਮੀਤ ਕੌਰ ,ਪ੍ਰਿੰਕਾ ਰਾਣੀ ,ਵੱਲੋਂ ਵੀ ਅਹਿਮ ਭੂਮਿਕਾ ਨਿਭਾਈ ਗਈ।

## ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ ਵਿਖੇ ਵਾਤਾਵਰਣ ਦਿਵਸ ਮਨਾਇਆ



ਭਗਤਾ ਭਾਈ ਕਾ 5 ਜੂਨ (ਸਵਰਨ ਸਿੰਘ ਭਗਤਾ)ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ ਵਿਖੇ ਵਿਸ਼ਵ ਪੱਧਰੀ ਵਾਤਾਰਣ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਅਧਿਆਪਕ ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ) ਨੇ ਦੱਸਿਆ ਕਿ ਮਨੁੱਖ ਨੂੰ ਤੰਦਰੁਸਤ ਰਹਿਣ ਲਈ ਵਾਤਾਵਰਣ ਨੂੰ ਸ਼ੁੱਧ ਰੱਖਣਾ ਪਵੇਗਾ। ਪੌਦਿਆਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਪੌਦੇ ਜਿੱਥੇ ਕਾਰਬਨ ਡਾਈਆਕਸਾਈਡ ਗੈਸ ਨੂੰ ਸੋਖਦੇ ਹਨ ਉੱਥੇ ਮਨੁੱਖ ਜੀਵਨ ਨੂੰ ਜੀਵਤ ਰੱਖਣ ਲਈ ਆਕਸੀਜਨ ਗੈਸ ਮੁਫ਼ਤ ਵਿੱਚ ਪ੍ਰਦਾਨ ਕਰਦੇ ਹਨ। ਸੋ ਇਹ ਕੁਦਰਤ ਦੀ ਅਹਿਮ ਨਿਆਮਤ ਹੈ। ਪ੍ਰੰਤੂ ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਮਨੁੱਖ ਦਰੱਖਤਾਂ ਦੀ ਅੰਨੇਵਾਹ ਕਟਾਈ ਵੀ ਕਰ ਰਿਹਾ ਹੈ।ਜਿਹੜੀ ਕਿ ਆਪਣੇ-ਆਪ ਨਾਲ ਇੱਕ ਖਿਲਵਾੜ ਹੈ। ਸੋ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਸਾਂਝੇ ਯਤਨਾਂ ਰਾਹੀ ਆਬੋ-ਹਵਾ ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਵਾਈਏ ਅਤੇ ਇਹਨਾਂ ਦੀ ਸੰਭਾਲ ਕਰੀਏ। ਇਸ ਕੰਮ ਲਈ ਪਿੰਡਾਂ ਦੀਆਂ ਪੰਚਾਇਤਾਂ,ਯੂਥ ਕਲੱਬਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਅੱਜ ਸਾਨੂੰ ਸਾਰਿਆਂ ਨੂੰ ਵਾਤਾਵਰਣ ਦਿਵਸ ਮੌਕੇ ਇਹ ਪੱਕਾ ਪ੍ਰਣ ਕਰਨਾ ਚਾਹੀਦਾ ਹੈ ਕਿ ਹਰ ਇੱਕ ਆਦਮੀ ਇੱਕ ਪੌਦਾ ਜ਼ਰੂਰ ਲਗਵਾਏ

## ਅਮਨ ਅਰੋੜਾ ਵੱਲੋਂ ਪਿੰਡ ਨਾਗਰਾ ਅਤੇ ਸੰਘਰੇੜੀ ਨੂੰ ਨਹਿਰੀ ਪਾਣੀ ਦੀ ਸਹੂਲਤ ਨਾਲ ਜੋੜਨ ਦੇ ਕੰਮ ਦੀ ਸ਼ੁਰੂਆਤ



ਨਾਗਰਾ/ਸੰਘਰੇੜੀ/ਉੱਪਲੀ, 5 ਜੂਨ (ਮੋਹਣ ਸ਼ਰਮਾ /ਰਾਊਵਰਿੰਦਰ ਮਠਾੜੂ) – ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਦੀ ਸਹੂਲਤ ਨਾਲ ਜੋੜਨ ਦੀ ਸ਼ੁਰੂ ਕੀਤੀ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਦੇ 332 ਹੈਕਟੇਅਰ ਤੋਂ ਵਧੇਰੇ ਰਕਬੇ ਨੂੰ ਲੰਮੇ ਸਮੇਂ ਬਾਅਦ ਨਹਿਰੀ ਪਾਣੀ ਮਿਲਣ ਜਾ ਰਿਹਾ ਹੈ। ਪਿੰਡ ਨਾਗਰਾ ਅਤੇ ਸੰਘਰੇੜੀ ਵਿੱਚ ਪਾਈਪ ਲਾਈਨਾਂ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਮਹੱਤਵਪੂਰਨ ਪ੍ਰੋਜੈਕਟ ਤਹਿਤ ਪਾਈਪ ਪਾਉਣ ਦੇ ਕੰਮ ਦੀ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਸ਼ੁਰੂਆਤ ਕਰਵਾਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਇਲਾਕੇ ਦੇ ਕਈ ਕਿਸਾਨਾਂ ਦੇ 332 ਹੈਕਟੇਅਰ ਰਕਬੇ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲਣ ਲੱਗ ਜਾਵੇਗੀ। ਕੁੱਲ 1.97 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਕਿਸਾਨਾਂ ਦੀ ਆਰਥਿਕਤਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਅਥਾਹ ਵਾਧਾ ਹੋਵੇਗਾ। ਪਾਈ ਜਾਣ ਵਾਲੀ ਲਗਭਗ ਸਾਢੇ 16 ਕਿਲੋਮੀਟਰ ਲੰਮੀ ਪਾਇਪ ਲਾਈਨ ਦੀ ਸਮਰੱਥਾ 2.53 ਕਿਊਸਿਕ ਪਾਣੀ ਸੰਭਾਲਣ ਦੀ ਹੋਵੇਗੀ। ਉਹਨਾਂ ਕਿਹਾ ਕਿ ਇਹ ਕੰਮ ਜਲਦ ਤੋਂ ਜਲਦ ਮੁਕੰਮਲ ਕਰਨ ਦਾ ਟੀਚਾ ਹੈ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਝੋਨੇ ਦੀ ਬਿਜਾਈ ਅਤੇ ਹੋਰ ਫ਼ਸਲਾਂ ਨੂੰ ਪਾਣੀ ਦੇਣ ਲਈ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਡੀਜ਼ਲ ਵਰਤਣ ਦੀ ਲੋੜ ਨਹੀਂ ਪਵੇਗੀ। ਇਸ ਬੱਚਤ ਨਾਲ ਜਿੱਥੇ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ ਉਥੇ ਹੀ ਨਹਿਰੀ ਪਾਣੀ ਮਿਲਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਵੇਗਾ। ਖੇਤੀ ਮਾਹਿਰਾਂ ਦਾ ਵੀ ਮੰਨਣਾ ਹੈ ਕਿ ਧਰਤੀ ਹੇਠਲੇ ਪਾਣੀ ਦੇ ਮੁਕਾਬਲੇ ਨਹਿਰੀ ਪਾਣੀ ਵਿੱਚ ਜ਼ਮੀਨ ਲਈ ਲੋੜੀਂਦੇ ਖੁਰਾਕੀ ਤੱਤ ਜ਼ਿਆਦਾ ਹੁੰਦੇ ਹਨ।

ਉਹਨਾਂ ਕਿਹਾ ਕਿ ਪਹਿਲਾਂ ਇਸ ਰਕਬੇ ਨੂੰ ਟਿਊਬਵੈੱਲ ਨਾਲ ਪਾਣੀ ਮਿਲਦਾ ਸੀ ਪਰ ਪਾਣੀ ਡੂੰਘੇ ਹੋਣ ਕਾਰਨ ਹੁਣ ਇਹ ਟਿਊਬਵੈੱਲ ਲਗਭਗ ਨਕਾਰਾ ਹੋ ਚੁੱਕੇ ਹਨ। ਫ਼ਸਲ ਨੂੰ ਪਾਣੀ ਦੇਣ ਲਈ ਕਿਸਾਨਾਂ ਨੂੰ ਭਾਰੀ ਮੁਸ਼ੱਕਤ ਕਰਨੀ ਪੈਂਦੀ ਹੈ। ਉਹਨਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਯੋਜਨਾਬੱਧ ਤਰੀਕੇ ਨਾਲ ਵਿਕਾਸ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਹਨਾਂ ਨੇ ਪਿੰਡ ਉਪਲੀ ਵਿਖੇ ਮਗਨਰੇਗਾ ਯੋਜਨਾ ਤਹਿਤ ਤਿਆਰ ਕੀਤੇ ਗਏ ਵਾਲੀਬਾਲ ਮੈਦਾਨ ਦਾ ਉਦਘਾਟਨ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਪਿੰਡ ਵਿੱਚ ਖੇਡਣ ਵਾਲੇ ਨੌਜਵਾਨਾਂ ਦੀ ਕਾਫੀ ਗਿਣਤੀ ਹੈ ਪਰ ਕੋਈ ਖੇਡ ਮੈਦਾਨ ਨਹੀਂ ਸੀ। ਇਸ ਪਿੰਡ ਦੀ ਇਸ ਮੰਗ ਨੂੰ ਪੂਰਾ ਕਰਨ ਲਈ ਇਹ ਵਾਲੀਬਾਲ ਖੇਡ ਮੈਦਾਨ ਤਿਆਰ ਕਰਵਾਇਆ ਗਿਆ ਹੈ। ਇਸ ਉਤੇ 5 ਲੱਖ ਰੁਪਏ ਤੋਂ ਵਧੇਰੇ ਦੀ ਲਾਗਤ ਆਈ ਹੈ। ਇਹ ਮੈਦਾਨ ਬਣਨ ਨਾਲ ਜਿੱਥੇ ਨੌਜਵਾਨ ਖੇਡਾਂ ਨਾਲ ਜੁੜਨਗੇ ਉਥੇ ਹੀ ਉਹ ਨਸ਼ੇ ਦੀ ਅਲਾਮਤ ਤੋਂ ਵੀ ਬਚੇ ਰਹਿਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਜਵਾਨੀ ਨੂੰ ਨਸ਼ੇ ਦੀ ਬਿਮਾਰੀ ਤੋਂ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਗਈ ਹੈ, ਜਿਸਨੂੰ ਲੋਕਾਂ ਵੱਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਹਰ ਤਰ੍ਹਾਂ ਦੀ ਗਤੀਵਿਧੀ ਉੱਤੇ ਨਕੇਲ ਪਾਈ ਜਾ ਰਹੀ ਹੈ। ਸ਼੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰੇਕ ਪਿੰਡ ਨੂੰ ਖੇਡ ਮੈਦਾਨ ਦੀ ਸਹੂਲਤ ਮੁਹਈਆ ਕਰਵਾਈ ਜਾਵੇ। ਇਸ ਦਿਸ਼ਾ ਵਿੱਚ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਅਗਲੇ ਸਮੇਂ ਦੌਰਾਨ ਪੰਜਾਬ ਦੇ ਨੌਜਵਾਨ ਸੂਬੇ ਦਾ ਖੇਡਾਂ ਦੇ ਖੇਤਰ ਵਿੱਚ ਵੀ ਅੰਤਰਰਾਸ਼ਟਰੀ ਪੱਧਰ ਉੱਤੇ ਰੌਸ਼ਨ ਕਰਨਗੇ। ਉਹਨਾਂ ਨੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਪਿੰਡ ਉੱਪਲੀ ਵਿਖੇ ਪੌਦੇ ਵੀ ਲਗਾਏ ਅਤੇ ਲੋਕਾਂ ਨੂੰ ਵਾਤਾਵਰਣ ਬਚਾਉਣ ਦਾ ਸੁਨੇਹਾ ਦਿੱਤਾ। ਇਸ ਮੌਕੇ ਪਿੰਡ ਉਪਲੀ ਦੇ ਸਰਪੰਚ ਜੰਗੀਰ ਸਿੰਘ, ਕੁਲਦੀਪ ਸਿੰਘ, ਤਰਸੇਮ ਗਿਰ, ਅਵਤਾਰ ਸਿੰਘ, ਹੰਸ ਰਾਜ ਸਿੰਘ, ਨਰਿੰਦਰ ਸਿੰਘ, ਸਰਪੰਚ ਨਾਗਰਾ ਕੁਲਵਿੰਦਰ ਸਿੰਘ, ਗੁਰਜੰਟ ਸਿੰਘ, ਜੀਤ ਸਿੰਘ, ਹਰਮੇਲ ਸਿੰਘ, ਲਾਭ ਸਿੰਘ, ਦਰਸ਼ਨ ਸਿੰਘ ਸੰਘਰੇੜੀ, ਹਰਦੀਪ ਸਿੰਘ, ਜਰਨੈਲ ਸਿੰਘ, ਅਮਨਦੀਪ ਸਿੰਘ, ਪਰਮਿੰਦਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ਼ਰਮਨਾਕ ! ਬਠਿੰਡਾ 'ਸੈਲਫੀ ਪੁਆਇੰਟ 'ਤੇ ਸਾਡੀ ਸ਼ਾਨ ਦਾ ਅਪਮਾਨ, ਫਟਿਆ ਹੋਇਆ ਤਿਰੰਗਾ ਝੰਡਾ ਲਹਿਰਾ ਰਿਹੈ ਹਵਾ ਵਿੱਚ

ਬਠਿੰਡਾ, 5 ਜੂਨ (ਦੀਪਕ ਸ਼ਰਮਾ) ਬਠਿੰਡਾ ਪ੍ਰਸ਼ਾਸਨ ਵੱਲੋਂ ਕੁਝ ਸਾਲ ਪਹਿਲਾਂ ਮਾਲ ਰੋਡ 'ਤੇ ਨਿਊ ਸੁਭਾਸ਼ ਮਾਰਕੀਟ ਵਿੱਚ ਬਣਾਏ ਗਏ ਸੈਲਫੀ ਪੁਆਇੰਟ @ਤੇ ਲਗਾਇਆ ਗਿਆ ਕਰੀਬ 50-60 ਫੁੱਟ ਉੱਚਾ ਅਤੇ ਵੱਡਾ ਤਿਰੰਗਾ ਝੰਡਾ, ਹੁਣ ਨਗਰ ਨਿਗਮ ਬਠਿੰਡਾ ਦੇ ਸਬੰਧਤ ਅਧਿਕਾਰੀਆਂ ਦੀ ਅਣਦੇਖੀ ਕਾਰਨ ਸਨਮਾਨ ਦੀ ਬਜਾਏ ਅਪਮਾਨ ਦਾ ਸ਼ਿਕਾਰ ਹੋ ਰਿਹਾ ਹੈ। ਪਿਛਲੇ 20 ਦਿਨਾਂ ਤੋਂ ਫਟਿਆ ਹੋਇਆ ਤਿਰੰਗਾ ਝੰਡਾ ਹਵਾ ਵਿੱਚ ਲਹਿਰਾ ਰਿਹਾ ਹੈ, ਪਰ ਕਿਸੇ ਵੀ ਅਧਿਕਾਰੀ ਦਾ ਇਸ ਵੱਲ ਕੋਈ ਧਿਆਨ ਨਹੀਂ ਜਾ ਰਿਹਾ।
ਪਹਿਲਾਂ ਵੀ ਕਈ ਵਾਰ ਪੁਲਿਸ ਕੰਟਰੋਲ ਰੂਮ ਵਿੱਚ ਫੋਨ ਕਰਕੇ ਇਸ ਤਿਰੰਗੇ ਝੰਡੇ ਨੂੰ ਬਦਲਵਾਇਆ ਗਿਆ ਹੈ। ਨਗਰ ਨਿਗਮ ਬਠਿੰਡਾ ਵੱਲੋਂ ਸੈਲਫੀ ਪੁਆਇੰਟ



@ਤੇ ਦੇਸ਼ ਦਾ ਤਿਰੰਗਾ ਝੰਡਾ ਤਾਂ ਲਗਾ ਦਿੱਤਾ ਗਿਆ ਹੈ, ਪਰ ਅਫਸੋਸ ਦੀ ਗੱਲ ਇਹ ਹੈ ਕਿ ਇਸ ਦੀ ਦੇਖਭਾਲ ਲਈ ਕਿਸੇ ਦੀ ਵੀ ਕੋਈ ਜ਼ਿੰਮੇਵਾਰੀ ਜਾਂ ਡਿਊਟੀ ਨਹੀਂ ਲਗਾਈ ਗਈ ਹੈ। ਜੇਕਰ ਕਿਸੇ ਦੀ ਡਿਊਟੀ ਹੁੰਦੀ, ਤਾਂ ਸ਼ਾਇਦ ਇੰਨੇ ਦਿਨਾਂ ਤੱਕ ਤਿਰੰਗਾ ਝੰਡਾ ਫਟਿਆ ਹੋਇਆ ਹਵਾ ਵਿੱਚ ਨਾ ਲਹਿਰਾ ਰਿਹਾ ਹੁੰਦਾ।
ਇਸ ਸਬੰਧੀ ਆਰਟੀਆਈ ਕਾਰਕੁਨ ਸੰਜੀਵ ਗੋਇਲ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਤਿਰੰਗੇ ਝੰਡੇ ਦੀ ਦੇਖਭਾਲ ਨਾ ਕਰਨ ਵਾਲੇ ਅਤੇ ਪਿਛਲੇ ਕਰੀਬ 20 ਦਿਨਾਂ ਤੋਂ ਫਟਿਆ ਹੋਇਆ ਤਿਰੰਗਾ ਝੰਡਾ ਹੀ ਹਵਾ ਵਿੱਚ ਲਹਿਰਾਉਣ ਦੇ ਬਾਵਜੂਦ ਧਿਆਨ ਨਾ ਦੇਣ ਵਾਲੇ ਸਾਰੇ ਸਬੰਧਤ ਅਧਿਕਾਰੀਆਂ @ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਦੇਸ਼ ਦੀ ਆਨ, ਬਾਨ, ਸ਼ਾਨ ਤਿਰੰਗੇ ਝੰਡੇ ਨੂੰ ਬਿਨਾਂ ਕਿਸੇ ਦੇਰੀ ਦੇ ਬਦਲਵਾਇਆ ਜਾਵੇ।

# 12 ਜੂਨ ਨੂੰ ਲੁਧਿਆਣਾ ਵਿੱਚ ਐਨ. ਪੀ. ਐਸ. ਕਰਨਗੇ ਝੰਡਾ ਮਾਰਚ : ਜੱਸਾ ਪਸੋਰੀਆ

ਲਹਿਰਾਗਾਗਾ, 5 ਜੂਨ (ਗੁਰਦੀਪ ਸਿੰਘ): ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕੋ ਕਨਵੀਨਰ ਜਸਵਿੰਦਰ ਸਿੰਘ ਜੱਸਾ ਪਸੋਰੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਪਰੰਤੂ ਅੱਜ ਤੋਂ ਲਗਭਗ ਢਾਈ ਕੁ ਸਾਲ ਪਹਿਲਾਂ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਵਿੱਚ ਵੋਟਾਂ ਲੈਣ ਦੀ ਖਾਤਰ ਇਹਨਾਂ ਨੇ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪ੍ਰੰਤੂ ਅੱਜ ਤੱਕ ਉਹ ਨੋਟੀਫਿਕੇਸ਼ਨ ਲਾਗੂ ਕਰਨ ਵਿੱਚ ਸਰਕਾਰ ਨਾਕਾਮ ਰਹੀ ਹੈ। ਬਾਰ ਬਾਰ ਜਥੇਬੰਦੀ ਨੂੰ ਟਾਈਮ ਦੇ ਕੇ ਇਹ ਸਰਕਾਰ ਮੀਟਿੰਗ ਕਰਨ ਤੋਂ ਵੀ ਭੱਜ ਰਹੀ ਹੈ ਅਤੇ ਹੁਣ ਪੁਰਾਣੀ ਪੈਨਸ਼ਨ



ਬਹਾਲੀ ਸੰਘਰਸ਼ ਕਮੇਟੀ ਤੇ ਸੀਪੀਐਫ ਇੰਪਲਾਇਜ ਦੋਵੇਂ ਜੱਥੇਬੰਦੀਆਂ ਸਾਂਝੇ ਰੂਪ ਵਿੱਚ ਸਰਕਾਰ ਨੂੰ ਘੇਰਨ ਲਈ ਝੰਡਾ ਮਾਰਚ ਕਰ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣਾਂ ਦੌਰਾਨ ਆਪ ਸਰਕਾਰ ਦੀ ਵਾਅਦਾ ਖਿਲਾਫੀ ਦੀ ਪੋਲ ਆਮ ਲੋਕਾਂ ਵਿੱਚ ਖੋਲਣ ਦਾ ਫੈਸਲਾ ਕੀਤਾ ਹੈ ।ਪੀੜਤ ਐਨਪੀਐਸ ਕਰਮਚਾਰੀ ਤੀਬਰ ਗੁੱਸੇ ਅਤੇ ਰੋਹ ਵਿੱਚ ਹੈ ,ਜਿਸ ਦੀ ਸ਼ੁਰੂਆਤ 12 ਜੂਨ ਨੂੰ ਲੁਧਿਆਣੇ ਤੋਂ ਕੀਤੀ ਜਾਵੇਗੀ ।ਇਸ ਐਕਸ਼ਨ ਤਹਿਤ ਪੂਰੇ ਪੰਜਾਬ ਤੋਂ ਲੱਖਾਂ ਮੁਲਾਜ਼ਮਾਂ ਦਾ ਸੈਲਾਬ ਲੁਧਿਆਣੇ ਵਿਖੇ ਆਏਗਾ। ਜੋ ਕਿ ਲੁਧਿਆਣਾ ਵਿਖੇ ਵਿਸ਼ਾਲ ਝੰਡਾ ਮਾਰਚ ਕਰਕੇ, ਲੋਕਾਂ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਚੋਣਾਂ ਦੌਰਾਨ ਕੀਤੇ ਝੂਠੇ ਵਾਅਦਿਆਂ ਦੀ ਪੋਲ ਸੂਝਵਾਨ ਵੋਟਰਾਂ ਵਿੱਚ ਖੋਲ੍ਹਣਗੇ ਤੇ ਆਪ ਸਰਕਾਰ ਨੂੰ ਸਬਕ ਸਿਖਾਉਣ ਦੀ ਅਪੀਲ ਕਰਨਗੇ ।ਉਹਨਾਂ ਇਹ ਵੀ ਦੱਸਿਆ ਕਿ ਇਸ ਐਕਸ਼ਨ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ,ਪੰਜਾਬ ਦੇ ਨਾਲ ਸੀਪੀਐਫ ਯੂਨੀਅਨ ਪੰਜਾਬ ਵੀ ਮੋਢੇ ਨਾਲ ਮੋਢਾ ਲਾ ਕੇ ਸੰਘਰਸ਼ ਕਰੇਗੀ ਅਤੇ ਬਾਕੀ ਭਰਾਤਰੀ ਜਥੇਬੰਦੀਆਂ ਵੀ ਇਸ ਸੰਘਰਸ਼ ਵਿੱਚ ਹੁੰਮ ਹੁਮਾ ਕੇ ਪਹੁੰਚਣਗੀਆਂ। ਇਸ ਮੌਕੇ ਸੂਬਾ ਪ੍ਰਧਾਨ ਦਵਿੰਦਰ ਸਿੰਘ ਪਸੌਰ , ਡਵੀਜ਼ਨ ਪ੍ਰਧਾਨ ਕਰਮਜੀਤ ਸਿੰਘ ਨੰਗਲਾ, ਮਨਪ੍ਰੀਤ ਸਿੰਘ ਜਵਾਹਰਵਾਲਾ , ਬਲਕਰਨ ਸਿੰਘ ਬਖੋਰਾ ਪ੍ਰਦੀਪ ਕੁਮਾਰ ਲਹਿਰਾਗਾਗਾ, ਜਸਵੀਰ ਸਿੰਘ ਲਹਿਰਾ, ਪਵਨਦੀਪ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

# ਬਠਿੰਡਾ ਦੇ ਵਿਕਾਸ ਕਾਰਜਾਂ ਨੂੰ ਮਿਲੀ ਹਰੀ ਝੰਡੀ 3.80 ਕਰੋੜ ਦੇ ਪ੍ਰੋਜੈਕਟਾਂ ਦੇ ਵਰਕ ਆਰਡਰ ਜਾਰੀ



ਬਠਿੰਡਾ, 5 ਜੂਨ (ਦੀਪਕ ਸ਼ਰਮਾ): ਬਠਿੰਡਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਪ੍ਰਦਾਨ ਕਰਦਿਆਂ, ਨਗਰ ਨਿਗਮ ਦੀ ਫਾਈਨਾਂਸ ਐਂਡ ਕੰਟਰੈਕਟ ਕਮੇਟੀ ਦੀ ਮੀਟਿੰਗ ਮੇਅਰ ਪਦਮਜੀਤ ਮਹਿਤਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਕਰੀਬ 3.80 ਕਰੋੜ ਰੁਪਏ ਦੇ 26 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੰਦੇ ਹੋਏ ਉਨ੍ਹਾਂ ਦੇ ਵਰਕ ਆਰਡਰ ਜਾਰੀ ਕੀਤੇ ਗਏ।ਇਸਦੇ ਨਾਲ ਹੀ, ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਰ ਦੀਆਂ 30 ਹਜ਼ਾਰ ਰੋਡ ਜਾਲੀਆਂ ਦੀ ਸਫ਼ਾਈ ਠੇਕੇ ਤੇ ਦੇ ਕੇ ਕਰਵਾਉਣ ਦੇ ਕੰਮ ਨੂੰ ਵੀ ਮਨਜ਼ੂਰੀ ਦਿੱਤੀ ਗਈ ਅਤੇ ਉਸਦੇ ਵਰਕ ਆਰਡਰ ਜਾਰੀ ਕੀਤੇ ਗਏ। ਇਸ ਤੋਂ ਇਲਾਵਾ, ਜੋਗਰ ਪਾਰਕ ਵਿੱਚ ਬੰਦ ਪਈ ਕੰਟੀਨ ਨੂੰ ਪ੍ਰਤੀ ਦਿਨ 1 ਹਜ਼ਾਰ ਰੁਪਏ ਅਤੇ ਜੀਐਸਟੀ ਸਮੇਤ ਕਿਰਾਏ 'ਤੇ ਦੇਣ ਲਈ ਮਨਜ਼ੂਰੀ ਦਿੱਤੀ ਗਈ ਹੈ, ਤਾਂ ਜੋ ਕੰਟੀਨ ਦਾ ਠੇਕਾ ਹੋਣ ਤੋਂ ਬਾਅਦ ਹੋਣ ਵਾਲੇ ਵਿੱਤੀ ਨੁਕਸਾਨ ਤੋਂ ਬਚਿਆ ਜਾ ਸਕੇ। ਐਫਐਂਡਸੀਸੀ ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਅਤੇ ਇਲਾਕੇ ਵਿੱਚ ਨਵੀਆਂ ਸੜਕਾਂ ਬਣਾਉਣ ਅਤੇ ਪ੍ਰੀਮਿਕਸ ਪਾਉਣ ਦੇ ਕੰਮਾਂ ਦੇ ਵਰਕ ਆਰਡਰ ਜਾਰੀ ਕਰਕੇ ਉਨ੍ਹਾਂ ਦੇ ਕੰਮ ਸ਼ੁਰੂ ਕਰਵਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਰੋਡ ਜਾਲੀਆਂ ਦੀ ਸਫ਼ਾਈ ਲਈ ਜਾਰੀ ਕੀਤੇ ਗਏ ਵਰਕ ਆਰਡਰ: ਜ਼ੋਨ ਨੰਬਰ 1: ਵਾਰਡ ਨੰਬਰ 23, 25, 26, 27 ਅਤੇ 38 'ਤੇ ਕਰੀਬ 3.80 ਲੱਖ ਰੁਪਏ। ਜ਼ੋਨ ਨੰਬਰ 2: ਵਾਰਡ ਨੰਬਰ 7, 8, 9, 10, 11, 12, 13, 28 ਤੇ ਕਰੀਬ 4.46 ਲੱਖ ਰੁਪਏ।ਜ਼ੋਨ ਨੰਬਰ 3: ਵਾਰਡ ਨੰਬਰ 29, 34, 35, 37, 49 ਤੇ ਕਰੀਬ 4.23 ਲੱਖ ਰੁਪਏ।ਜ਼ੋਨ ਨੰਬਰ 4: ਵਾਰਡ ਨੰਬਰ 6, 30, 31, 32, 33 ਤੇ ਕਰੀਬ 3.72 ਲੱਖ ਰੁਪਏ।ਜ਼ੋਨ ਨੰਬਰ 5: ਵਾਰਡ ਨੰਬਰ 1, 2, 3, 4, 5, 6 ਤੇ ਕਰੀਬ 4.70 ਲੱਖ ਰੁਪਏ। ਜ਼ੋਨ ਨੰਬਰ 6: ਵਾਰਡ ਨੰਬਰ 36, 39, 41, 42, 43, 44, 45, 46, 47, 48, 50 ਤੇ ਕਰੀਬ 6.58 ਲੱਖ ਰੁਪਏ।ਜ਼ੋਨ ਨੰਬਰ 7: ਵਾਰਡ ਨੰਬਰ 43, 40, 17, 18, 19, 20, 21 ਤੇ ਕਰੀਬ 5.20 ਲੱਖ ਰੁਪਏ। ਜ਼ੋਨ ਨੰਬਰ 8: ਵਾਰਡ ਨੰਬਰ 14, 15, 16, 22, 24 ਤੇ ਕਰੀਬ 3.30 ਲੱਖ ਰੁਪਏ।ਵੱਖ-ਵੱਖ ਵਿਕਾਸ ਕਾਰਜਾਂ ਲਈ ਜਾਰੀ ਰਾਸ਼ੀ:ਮਿਊਂਸਪਲ ਕਲੋਨੀ ਵਿੱਚ ਬਣੇ ਕੁਆਰਟਰਾਂ ਦੀ ਰੇਨੋਵੇਸ਼ਨ ਅਤੇ ਰਿਪੇਅਰ ਤੇ: 31.74 ਲੱਖ ਰੁਪਏ।ਵਾਰਡ ਨੰਬਰ 5 ਦੇ ਅਧੀਨ ਆਉਂਦੀ ਗ੍ਰੀਨ ਸਿਟੀ ਫੇਜ਼ ਤਿੰਨ ਵਿੱਚ ਸੜਕਾਂ ਤੇ ਪ੍ਰੀਮਿਕਸ ਪਾਉਣ 'ਤੇ 46.59 ਲੱਖ ਰੁਪਏ । ਵਾਰਡ ਨੰਬਰ 7 ਗ੍ਰੀਨ ਐਵੇਨਿਊ ਵਿੱਚ ਪ੍ਰੀਮਿਕਸ ਪਾਉਣ 'ਤੇ 28.47 ਲੱਖ ਰੁਪਏ।ਵਾਰਡ ਨੰਬਰ 10 ਪਾਵਰ ਹਾਊਸ ਰੋਡ ਤੇ ਪ੍ਰੀਮਿਕਸ ਪਾਉਣ 'ਤੇ: 44.24 ਲੱਖ ਰੁਪਏ।ਜ਼ੋਨ ਨੰਬਰ 3 ਦੇ ਅਧੀਨ ਆਉਂਦੇ ਵਾਰਡਾਂ ਵਿੱਚ ਪੈਚਵਰਕ 'ਤੇ: 22.38 ਲੱਖ ਰੁਪਏ।ਵਾਰਡ ਨੰਬਰ 48 ਦੁੱਗਲ ਪੈਲੇਸ ਦੇ ਬੈਕ ਸਾਈਡ ਸੀਵਰੇਜ ਲਾਈਨ ਪਾਉਣ ਅਤੇ ਇੰਟਰਲਾਕਿੰਗ ਟਾਈਲਾਂ ਲਗਾਉਣ 'ਤੇ: 10.91 ਲੱਖ ਰੁਪਏ।ਵਾਰਡ ਨੰਬਰ 1 ਦੇ ਗੋਬਿੰਦ ਨਗਰ ਵਿੱਚ ਧਰਮਸ਼ਾਲਾ ਦਾ ਨਿਰਮਾਣ ਕਰਨ ਤੇ: 2.81 ਲੱਖ ਰੁਪਏ।ਵਾਰਡ ਨੰਬਰ 32 ਸ਼ਿਵ ਕਲੋਨੀ ਵਿੱਚ ਪ੍ਰੀਮਿਕਸ ਪਾਉਣ ਤੇ: 21.56 ਲੱਖ ਰੁਪਏ।ਵਾਰਡ ਨੰਬਰ 49 ਦੇ ਨਿਊ ਸ਼ਕਤੀ ਨਗਰ ਅਤੇ ਵਿਸ਼ਾਲ ਨਗਰ ਵਿੱਚ ਪ੍ਰੀਮਿਕਸ ਪਾਉਣ ਤੇ: 34.42 ਲੱਖ ਰੁਪਏ।ਵਾਰਡ ਨੰਬਰ 48 ਜੋਗੀ ਨਗਰ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਉਣ ਤੇ: 14.40 ਲੱਖ ਰੁਪਏ।ਵਾਰਡ ਨੰਬਰ 41 ਦੇ ਪਰਸਰਾਮ ਨਗਰ ਗਲੀ ਨੰਬਰ 35 ਵਿੱਚ ਸਥਿਤ ਧਰਮਸ਼ਾਲਾ ਦੀ ਰਿਪੇਅਰ ਕਰਨ 'ਤੇ: 2.75 ਲੱਖ ਰੁਪਏ।

# ਨਰਿੰਦਰਦੀਪ ਹਿਰਾਸਤੀ ਕਤਲ: ਇਨਸਾਫ਼ ਮਿਲਣ ਤੱਕ ਲੜਾਈ ਜਾਰੀ ਰਹੇਗੀ, ਪਰਿਵਾਰ ਤੇ ਲੋਕਾਂ ਦਾ ਐਲਾਨ, ਕੀ ਪੰਜਾਬ 'ਚ ਜੰਗਲ ਰਾਜ ਹੈ ?

ਬਠਿੰਡਾ, 5 ਜੂਨ (ਦੀਪਕ ਸ਼ਰਮਾ) :ਨਰਿੰਦਰ ਦੀਪ ਸਿੰਘ ਹਿਰਾਸਤੀ ਕਤਲ ਵਿਰੋਧੀ ਐਕਸ਼ਨ ਕਮੇਟੀ ਦੇ ਸੱਦੇ ਤੇ ਐਸਐਸਪੀ ਦਫ਼ਤਰ ਅੱਗੇ ਵੀਰਵਾਰ ਨੂੰ ਦਿੱਤੇ ਧਰਨੇ ਵਿਚ ਸ਼ਹਿਰੀ ਦੁਕਾਨਦਾਰ, ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ ਤੇ ਔਰਤਾਂ ਵਹੀਰਾਂ ਘੱਤ ਕੇ ਪਹੁੰਚੇ। 23 ਮਈ ਨੂੰ ਸੀਆਈਏ ਸਟਾਫ ਬਠਿੰਡਾ-2 ਦੀ ਪੁਲਿਸ ਹਿਰਾਸਤ ਵਿੱਚ ਕਤਲ ਕੀਤੇ ਗੋਨਿਆਣਾ ਮੰਡੀ ਦੇ ਆਈਲੈਟਸ ਅਧਿਆਪਕ ਨਰਿੰਦਰਦੀਪ ਸਿੰਘ ਦੇ ਕਤਲ ਦੀ ਉੱਚ ਪੱਧਰੀ ਸਮਾਂਬੱਧ ਅਦਾਲਤੀ ਜਾਂਚ ਕਰਾਈ ਜਾਵੇ, ਕਾਤਲ ਦੋਸ਼ੀ ਪੁਲਿਸ ਮੁਲਾਜ਼ਮਾਂ 'ਤੇ ਕਤਲ ਦਾ ਪਰਚਾ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਅਤੇ ਨਰਿੰਦਰਦੀਪ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਪੀੜਤ ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।
ਅੱਜ ਦੇ ਵਿਸ਼ਾਲ ਧਰਨੇ ਦੌਰਾਨ ਸਾਰੇ ਬੁਲਾਰਿਆਂ ਨੇ ਮੰਗ ਕੀਤੀ ਕਿ 23 ਮਈ ਨੂੰ ਸੀਆਈਏ ਸਟਾਫ ਬਠਿੰਡਾ-2 ਦੀ ਪੁਲਿਸ ਹਿਰਾਸਤ ਵਿੱਚ ਕਤਲ ਕੀਤੇ ਗੋਨਿਆਣਾ ਮੰਡੀ ਦੇ ਆਈਲੈਟਸ ਅਧਿਆਪਕ ਨਰਿੰਦਰਦੀਪ ਸਿੰਘ ਦੇ ਕਤਲ ਦੀ ਉੱਚ ਪੱਧਰੀ ਸਮਾਂਬੱਧ ਅਦਾਲਤੀ ਜਾਂਚ ਕਰਵਾਈ ਜਾਵੇ, ਕਾਤਲ ਦੋਸ਼ੀ ਪੁਲਿਸ ਮੁਲਾਜ਼ਮਾਂ 'ਤੇ ਕਤਲ ਦਾ ਪਰਚਾ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਨਰਿੰਦਰਦੀਪ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਪੀੜਤ ਪਰਿਵਾਰ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ



ਜਾਵੇ। ਬੁਲਾਰਿਆਂ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਵਿਰੁੱਧ ਯੁੱਧ ਛੇੜਨ ਦੇ ਨਾਹਰੇ ਹੇਠ ਅਸਲ ਵਿੱਚ ਲੋਕਾਂ 'ਚ ਪੁਲਿਸ ਦੀ ਦਹਿਸ਼ਤ ਪੈਦਾ ਕਰਨ ਦੇ ਖੋਟੇ ਮਨਸੂਬੇ ਪੂਰੀ ਤਰ੍ਹਾਂ ਜੱਗ ਜ਼ਾਹਰ ਹੋ ਚੁੱਕੇ ਹਨ। ਬੁਲਾਰਿਆਂ ਨੇ ਆਖਿਆ ਕਿ ਨਰਿੰਦਰਦੀਪ ਸਿੰਘ ਦੀ ਪੁਲਿਸ ਹਿਰਾਸਤ 'ਚ ਮੌਤ ਦੇ ਦੋ ਹਫ਼ਤੇ ਬੀਤਣ ਦੇ ਬਾਵਜੂਦ ਅਜੇ ਤਕ ਵੀ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਮੁੱਖ ਮੰਤਰੀ ਵੱਲੋਂ ਦੋ ਦਿਨ ਬਠਿੰਡਾ 'ਚ ਗੁਜ਼ਾਰਨ ਦੇ ਬਾਵਜੂਦ ਪੀੜਤ ਪਰਿਵਾਰ ਪ੍ਰਤੀ ਹਮਦਰਦੀ ਦੇ ਦੋ ਲਫ਼ਜ਼ ਵੀ ਨਾ ਬੋਲ ਕੇ ਕਾਤਲਾਂ ਦੀ ਪਿੱਠ ਥਾਪੜਣ ਦੇ ਦੋਸ਼ ਵੀ ਲਾਏ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਇਸ ਲਈ ਉਹ ਪੰਜਾਬ ਨੂੰ ਨੰਗੇ ਚਿੱਟੇ ਪੁਲਿਸ ਰਾਜ 'ਚ ਤਬਦੀਲ ਕਰਨ ਦੇ ਰਾਹ ਪਈ ਹੋਈ ਹੈ। ਉਨ੍ਹਾਂ ਆਖਿਆ ਕਿ ਪਿਛਲੇ ਕੁਝ ਸਮੇਂ ਦੌਰਾਨ ਹੀ ਪੰਜਾਬ 'ਚ ਲੱਗਭਗ ਤਿੰਨ ਦਰਜਨ ਨੌਜਵਾਨਾਂ ਦੇ ਪੁਲਿਸ ਹਿਰਾਸਤ ਤੇ ਜੇਲ੍ਹਾਂ 'ਚ ਕਤਲ ਹੋ ਚੁੱਕੇ ਹਨ, ਜਿਹੜੇ ਪੰਜਾਬ 'ਚ ਕਾਨੂੰਨ ਦੀ ਥਾਂ ਜੰਗਲ਼ ਰਾਜ ਹੋਣ ਦਾ ਪ੍ਰਤੱਖ ਸਬੂਤ ਹੈ। ਅੱਜ ਦੇ ਇਕੱਠ ਨੂੰ ਪੁਲਿਸ ਹਿਰਾਸਤ ਦੌਰਾਨ ਕਤਲ ਕੀਤੇ ਨੌਜਵਾਨ ਨਰਿੰਦਰਦੀਪ ਸਿੰਘ ਦੀ ਧਰਮਪਤਨੀ ਨੈਨਸੀ, ਨਰਿੰਦਰ ਦੀਪ ਸਿੰਘ ਦੇ ਪਿਤਾ ਡਾਕਟਰ ਰਣਜੀਤ ਸਿੰਘ ਤੋਂ ਇਲਾਵਾ ਐਕਸ਼ਨ ਕਮੇਟੀ ਦੇ ਆਗੂ ਬਲਕਰਨ ਸਿੰਘ ਬਰਾੜ, ਸ਼ਿੰਗਾਰਾ ਸਿੰਘ ਮਾਨ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਲਛਮਣ ਸਿੰਘ ਸੇਵੇਵਾਲਾ, ਗੁਰਦੀਪ ਸਿੰਘ ਰਾਮਪੁਰਾ, ਸਵਰਨਜੀਤ ਸਿੰਘ ਪੂਹਲੀ, ਜਸਵੀਰ ਕੌਰ ਨੱਤ, ਬੂਟਾ ਸਿੰਘ ਬੁਰਜ ਗਿੱਲ, ਰੇਸ਼ਮ ਸਿੰਘ ਖੇਮੂਆਣਾ, ਅਮਿਤ ਕਪੂਰ, ਮੰਗਾ ਅਜ਼ਾਦ, ਪ੍ਰਕਾਸ਼ ਸਿੰਘ ਨੰਦਗੜ੍ਹ , ਸੁਖਵੀਰ ਸਿੰਘ, ਤਾਰਾ ਚੰਦ ਗੋਨਿਆਣਾ, ਸੁਖਵੀਰ ਸਿੰਘ, ਮੱਖਣ ਸਿੰਘ ਗੁਰੂਸਰ, ਜਸਵਿੰਦਰ ਸਿੰਘ, ਬੇਅੰਤ ਸਿੰਘ ਮਹਿਮਾ ਸਰਜਾ, ਸੋਨੂੰ ਮਹੇਸ਼ਵਰੀ, ਜਗਜੀਤ ਸਿੰਘ ਲਹਿਰਾ, ਚੰਦਰ ਸ਼ਰਮਾ, ਬਲਵਿੰਦਰ ਸਿੰਘ ਘਰਾਂਗਣਾਂ ,ਨਵਦੀਪ ਸਿੰਘ ਗੋਨਿਆਣਾ, ਲਖਵੀਰ ਸਿੰਘ ਲੌਂਗੋਵਾਲ, ਮਹਿੰਦਰ ਸਿੰਘ ਕੌੜਿਆਂਵਾਲੀ, ਧੀਰਜ ਕੁਮਾਰ, ਸੰਦੀਪ ਪਾਠਕ, ਅਵਤਾਰ ਸਿੰਘ ਮਹਿਮਾ, ਸੁਰਜੀਤ ਸਿੰਘ ਫੂਲ, ਨੌਨਿਹਾਲ ਸਿੰਘ ਦੀਪ ਸਿੰਘ ਵਾਲਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਨਰਿੰਦਰਦੀਪ ਦੇ ਪਰਿਵਾਰ ਮੈਂਬਰਾਂ ਨੇ ਆਖਿਆ ਕਿ ਨਰਿੰਦਰ ਦੀਪ ਸਿੰਘ ਇੱਕ ਕਾਬਲ ਅਧਿਆਪਕ ਸੀ, ਜਿਹੜਾ ਕਿ 23 ਮਈ ਨੂੰ ਘਰੋਂ ਰੋਜ਼ਾਨਾ ਦੀ ਤਰ੍ਹਾਂ ਕੰਮ 'ਤੇ ਗਿਆ ਸੀ, ਨੂੰ ਸੀਆਈਏ ਸਟਾਫ ਬਠਿੰਡਾ 2 ਵੱਲੋਂ ਬਿਨਾਂ ਕਿਸੇ ਕੇਸ ਤੋਂ ਚੁੱਕ ਕੇ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ ਅਤੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਧਰਨੇ ਵਿਚ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ, ਕਾਂਗਰਸ ਦੇ ਸਾਬਕਾ ਵਿਧਾਇਕ ਗੁਰਾ ਸਿੰਘ ਤੁੰਗਵਾਲੀ, ਸ੍ਰੋਮਣੀ ਅਕਾਲੀ ਦਲ ਹਲਕਾ ਬਠਿੰਡਾ ਸ਼ਹਿਰ ਦੇ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ, ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਪਰਮਿੰਦਰ ਸਿੰਘ ਬਾਲਿਆਂਵਾਲੀ ਨੇ ਹਾਜ਼ਰੀ ਲਗਵਾਈ।

# ਬਾਬਾ ਸਾਹਿਬ ਦੇ ਬੁੱਤਾਂ ਦੀ ਹੋ ਰਹੀ ਭੰਨ ਤੋੜ ਮਾਮਲੇ ਸੰਬੰਧੀ ਭਾਜਪਾ ਦਾ ਵ.ਫਦ ਡੀ.ਸੀ. ਨੂੰ ਮਿਲਿਆ



ਸੰਗਰੂਰ, 5 ਜੂਨ (ਹਰਕੰਵਲ ਸਿੰਘ ਹੈਪੀ): ਪੰਜਾਬ ਅੰਦਰ ਦੇਸ਼ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤਾਂ ਦੀਆਂ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਅੱਜ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਦਾ ਵਫਦ ਜਿਲ੍ਹਾ ਪ੍ਰਧਾਨ ਧਰਮਿੰਦਰ ਦੂੱਲਟ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਸੰਗਰੂਰ ਨਾਲ ਮੁਲਾਕਾਤ ਕਰਨ ਲਈ ਪਹੁੰਚਿਆ। ਇਸ ਦੌਰਾਨ ਭਾਜਪਾ ਆਗੂਆਂ ਨੇ ਬੇਦਬੀ ਮਾਮਲੇ 'ਚ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਉਹਨਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਸੰਬੰਧੀ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੂੰ ਆਪਣਾ ਮੰਗ ਪੱਤਰ ਸੌਂਪਿਆ।
ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਦੂੱਲਟ ਨੇ ਦੱਸਿਆ ਕਿ ਸੂਬੇ ਵਿੱਚੋਂ ਮਾਨ ਸਰਕਾਰ ਦੀ ਨਲਾਇਕੀ ਤੇ ਬੇਧਿਆਨੀ ਕਾਰਨ ਲਾਅ ਐਂਡ ਆਰਡਰ ਬਿਲਕੁਲ ਖਤਮ ਹੋ ਚੁੱਕਿਆ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਇੱਕ ਪਾਸੇ ਬਾਬਾ ਸਾਹਿਬ ਜੀ ਨੂੰ ਆਪਣਾ ਆਦਰਸ਼ ਮੰਨਦੇ ਹਨ ਪਰੰਤੂ ਉਹਨਾਂ ਦੇ ਰਾਜ ਵਿੱਚ ਹਰ ਰੋਜ਼ ਬਾਬਾ ਸਾਹਿਬ ਜੀ ਦੇ ਬੁੱਤਾਂ ਦੀ ਬੇਪੱਤ ਹੋ ਰਹੀ ਹੈ ਜਿਸ ਤੇ ਹਾਲੇ ਤੱਕ ਕੋਈ ਵੀ ਮਿਸਾਲੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਹਨਾਂ ਕਿਹਾ ਕਿ ਪੰਜਾਬ ਦੇ ਭਾਈਚਾਰੇ ਨੂੰ ਲਾਂਬੂ ਲਾਉਣ ਵਾਲੀਆਂ ਸ਼ਕਤੀਆਂ ਅੱਗੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪੂਰੀ ਪੰਜਾਬ ਸਰਕਾਰ ਆਪਣੇ ਗੋਡੇ ਟੇਕ ਚੁੱਕੀ ਹੈ ਜਿਸ ਕਾਰਨ ਬਾਬਾ ਸਾਹਿਬ ਦੇ ਬੁੱਤਾਂ ਦੀਆਂ ਵੱਡੇ ਪੱਧਰ ਤੇ ਬੇਅਦਬੀਆਂ ਹੋ ਰਹੀਆਂ ਹਨ। ਉਹਨਾਂ ਮੰਗ ਕੀਤੀ ਕਿ ਨੰਗਲ ਵਿਖੇ ਹੋਈ ਬੇਅਦਬੀ ਦੀ ਤਾਜ਼ਾ ਘਟਨਾ ਵਿੱਚ ਦੋਸ਼ੀਆਂ ਖਿਲਾਫ ਜਲਦ ਤੋਂ ਜਲਦ ਮਾਮਲਾ ਦਰਜ ਕਰਕੇ ਉਨਾਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਦੇਸ਼ ਦੇ ਅਨਮੋਲ ਰਤਨ ਹਨ ਜਿਨਾਂ ਦੇ ਆਦਰਸ਼ ਅੱਜ ਵੀ ਦੇਸ਼ ਦੇ ਲੋਕਾਂ ਲਈ ਚਾਨਣ ਮੁਨਾਰਾ ਹਨ। ਉਨਾਂ ਸਾਰੀ ਜ਼ਿੰਦਗੀ ਸੰਘਰਸ਼ ਕਰਕੇ ਦੇਸ਼ ਦੇ ਦਬੇ ਕੁਚਲੇ ਲੋਕਾਂ, ਦਲਿਤਾਂ, ਮਜ਼ਦੂਰਾਂ ਅਤੇ ਮਹਿਲਾਵਾਂ ਨੂੰ ਉਨਾਂ ਦੇ ਬਣਦਾ ਹੱਕ ਅਤੇ ਮਾਨ ਸਨਮਾਨ ਦਵਾਇਆ ਤੇ ਹਰ ਭਾਰਤ ਵਾਸੀ ਨੂੰ ਸ਼ਾਨ ਨਾਲ ਸਿਰ ਉੱਚਾ ਚੁੱਕ ਕੇ ਜਿਉਣ ਦਾ ਅਧਿਕਾਰ ਦਿੱਤਾ। ਉਨਾਂ ਦੇ ਸੰਵਿਧਾਨ ਦੀ ਬਦੌਲਤ ਹੀ ਅੱਜ ਹਰ ਦੇਸ਼ਵਾਸੀ ਨੂੰ ਇਨਸਾਫ ਮਿਲ ਰਿਹਾ ਹੈ ਅਤੇ ਸੂਬੇ ਦੇ ਭਾਈਚਾਰੇ ਨੂੰ ਖਰਾਬ ਕਰਨ ਵਾਲੇ ਸ਼ਰਾਰਤੀ ਅਨਸਰ ਜਾਣ ਬੁੱਝ ਕੇ ਉਹਨਾਂ ਦੇ ਬੁੱਤਾਂ ਦੀਆਂ ਬੇਅਦਬੀਆਂ ਕਰ ਰਹੇ ਹਨ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਜਲਦ ਤੋਂ ਜਲਦ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਾਬਾ ਸਾਹਿਬ ਦੇ ਬੁੱਤਾਂ ਦੀ ਸੁਰੱਖਿਆ ਨੂੰ ਮਜਬੂਤ ਕੀਤਾ ਜਾਵੇ ਅਤੇ ਸੀਸੀਟੀਵੀ ਕੈਮਰਿਆਂ ਨਾਲ 24 ਘੰਟੇ ਨਿਗਰਾਨੀ ਕੀਤੀ ਜਾਵੇ।
ਇਸ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਸ. ਸਤਵੰਤ ਸਿੰਘ ਪੂਨੀਆ, ਗੁਰਤੇਜ ਝਨੇੜੀ, ਕਾਰਜਕਾਰਨੀ ਮੈਂਬਰ ਸਰਜੀਵਨ ਜਿੰਦਲ, ਸ਼੍ਰੀਮਤੀ ਮੰਜੁਲਾ ਸ਼ਰਮਾ, ਵਿਜੇ ਸ਼ਾਹਨੀ, ਚਰਨਜੀਤ ਸਾਰਦਾ, ਦਿਨੇਸ਼, ਸ਼੍ਰੀਮਤੀ ਸੁਰਿੰਦਰ ਸ਼ਰਮਾ, ਨਰਿੰਦਰ ਗੁਪਤਾ, ਨੇਹਾ ਗਰੋਵਰ, ਅਤੁਲ ਸਾਹਨੀ, ਦੀਪ ਪੂਨੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਵਿਸ਼ਵ ਵਾਤਾਵਰਨ ਦਿਵਸ ਦੇ ਸਬੰਧੀ ਬੂਟੇ ਲਗਾਏ



ਸੰਗਰੂਰ 5 ਜੂਨ (ਅਮਨਜੋਤ ਸਿੰਘ) ਵਾਤਾਵਰਨ ਵਿੱਚ ਵਿਸ਼ਵ ਵਿਆਪੀ ਜਾਗਰੂਕਤਾ ਲਿਆਉਣ ਸਬੰਧੀ ਹਰ ਸਾਲ 5 ਜੂਨ ਨੂੰ 'ਵਿਸ਼ਵ ਵਾਤਾਵਰਨ' ਦਿਵਸ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਦਾ ਉਪਰਾਲਾ ਕਰਦੇ ਹੋਏ, ਵਾਤਾਵਰਨ ਦੀ ਰੱਖਿਆ ਤੇ ਗ੍ਰਹਿ ਨੂੰ ਬਚਾਉਣ ਦੇ ਲਈ ਅਤੇ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਅਕਾਲ ਕਾਲਜ ਆੱਫ ਐਜੂਕੇਸ਼ਨ ਮਸਤੂਆਣਾ ਸਾਹਿਬ ਵਿਖੇ ਪ੍ਰਿੰਸੀਪਲ ਡਾ. ਸੁਖਦੀਪ ਕੌਰ, ਪ੍ਰਿੰਸੀਪਲ ਵਿਜੈ ਪਲਾਹਾ ਜੀ ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ, ਪ੍ਰਿੰਸੀਪਲ ਨੀਤੂ ਸੇਠੀ ਮਾਡਰਨ ਕਾਲਜ ਆਫ਼ ਐਜੂਕੇਸ਼ਨ ਸ਼ੇਰਗੜ੍ਹ ਚੀਮਾ ਅਤੇ ਸਮੂਹ ਸਟਾਫ਼ ਵੱਲੋਂ ਵਾਤਾਵਰਨ ਸੰਬੰਧੀ ਸਕਾਰਾਤਮਕ ਤਬਦੀਲੀ ਲਿਆਉਣ ਲਈ ਬੂਟੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ।

# ਪੰਛੀਆਂ ਨੂੰ ਪਾਣੀ ਦੀ ਪਿਆਸ ਬੁਝਾਉਣ ਲਈ ਮਿੱਟੀ ਦੇ ਕਟੋਰੇ ਵੰਡਣ ਦੀ ਸ਼ੁਰੂਆਤ



ਲਹਿਰਾਗਾਗਾ, 5 ਜੂਨ :( ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ):ਤਪਦੀ ਗਰਮੀ ਵਿੱਚ ਪੰਛੀਆਂ ਨੂੰ ਪਾਣੀ ਦੀ ਪਿਆਸ ਬੁਝਾਉਣ ਲਈ ਮਾਲਵਾ ਪ੍ਰੈੱਸ ਕਲੱਬ ਲਹਿਰਾਗਾਗਾ ਦੇ ਸਾਬਕਾ ਪ੍ਰਧਾਨ ਅਸ਼ੋਕ ਗਰਗ ਦੇ ਉਪਰਾਲੇ ਨਾਲ ਨਗਰ ਕੌਂਸਲ ਪ੍ਰਧਾਨ ਮੈਡਮ ਕਾਂਤਾ ਗੋਇਲ, ਮਾਰਕੀਟ ਕਮੇਟੀ ਦੇ ਚੇਅਰਮੈਨ ਸ਼ੀਸ਼ਪਾਲ ਆਨੰਦ ਗਰੀਬ ਪਰਿਵਾਰ ਫੰਡ ਦੇ ਪ੍ਰਧਾਨ ਸੰਜੀਵ ਕੁਮਾਰ ਰੋਡਾ ਦੀ ਮੌਜੂਦਗੀ ਵਿੱਚ ਮਿੱਟੀ ਦੇ 200 ਕਟੋਰੇ ਵੰਡਣ ਦੀ ਸ਼ੁਰੂਆਤ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਉੱਦਮ ਲਈ ਡਾਕਟਰ ਸੰਜੇ ਗਰਗ(ਜੇ.ਐੱਸ ਲੈਬ ਵਾਲੇ), ਸੋਹਨ ਲਾਲ ਬਿੱਲਾ, ਲੁਕੇਸ ਸਿੰਗਲਾ, ਰਾਜੀਵ ਕੁਮਾਰ, ਡਾਕਟਰ ਸੁਖਜਿੰਦਰ ਸਿੰਘ ਲਾਲੀ,ਜਸ ਪੇਂਟਰ, ਗਰੀਬ ਪਰਿਵਾਰ ਫੰਡ ਦੇ ਪ੍ਰਧਾਨ ਸੰਜੀਵ ਕੁਮਾਰ ਰੋਡਾ ਅਤੇ ਵਿਜੇ ਗੋਇਲ ਨੇ ਵਿਸ਼ੇਸ਼ ਸਹਿਯੋਗ ਦਿੱਤਾ ਹੈ। ਮੈਡਮ ਕਾਂਤਾ ਗੋਇਲ ਨੇ ਕਿਹਾ ਕਿ ਮਨੁੱਖ ਨੇ ਪੰਛੀਆਂ ਤੋਂ ਰਹਿਣ-ਬਸੇਰੇ ਬਣਾਉਣ ਦੀਆਂ ਥਾਵਾਂ ਅਤੇ ਪਾਣੀ ਦੇ ਸਾਧਨ ਖੋਹ ਲਏ ਹਨ। ਪੰਛੀਆਂ ਬਿਨਾਂ ਮਨੁੱਖੀ ਜੀਵਨ ਵੀ ਨਹੀਂ ਬਚ ਸਕਦਾ। ਗਰਮੀਆਂ ਵਿੱਚ ਬਹੁਤ ਪੰਛੀ ਪਾਣੀ ਤੋਂ ਪਿਆਸੇ ਦਮ ਤੋੜ ਜਾਂਦੇ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਪੰਛੀਆਂ ਦੀ ਦੇਖਭਾਲ ਲਈ ਅੱਗੇ ਆਈਏ।

# ਗੁਰਸ਼ਰਨ ਕੌਰ ਰੰਧਾਵਾ ਦਾ ਪੰਜਾਬ ਕਾਂਗਰਸ ਦੇ ਸਟਾਰ ਪ੍ਰਚਾਰਕ ਬਣਨ 'ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ

ਸੁਨਾਮ ਊਧਮ ਸਿੰਘ ਵਾਲਾ, 5 ਜੂਨ ( ਰਾਉਵਰਿੰਦਰ ਸਿੰਘ ਮਠਾੜੂ /ਮੋਹਣ ਸ਼ਰਮਾ): ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੂੰ ਲੁਧਿਆਣਾ ਜ਼ਿਮਨੀ ਚੋਣ ਲਈ ਪੰਜਾਬ ਕਾਂਗਰਸ ਦਾ ਸਟਾਰ ਪ੍ਰਚਾਰਕ ਬਣਾਏ ਜਾਣ 'ਤੇ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਬੀਤੀ ਕੱਲ੍ਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੱਲੋਂ ਰਾਸ਼ਟਰੀ ਪ੍ਰਧਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਦੇ ਹੁਕਮਾਂ 'ਤੇ ਪੰਜਾਬ ਕਾਂਗਰਸ ਦੇ 40 ਸਟਾਰ ਪ੍ਰਚਾਰਕਾਂ ਦੀ ਚਿੱਠੀ ਜਾਰੀ ਕੀਤੀ ਗਈ, ਜਿਸ ਵਿੱਚ ਹਿੰਦੂਸਤਾਨ ਤੇ ਪੰਜਾਬ ਦੇ ਨਾਮੀ ਨੇਤਾਵਾਂ ਦਾ ਨਾਮ ਸ਼ਾਮਿਲ ਹੈ।
ਇਸ ਲਿਸਟ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਸ੍ਰੀ ਭੁਪੇਸ਼ ਬਘੇਲ, ਸੂਬਾ ਪ੍ਰਧਾਨ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਂਸਦ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਅਰੁਣਾ ਚੌਧਰ ਵਾਕੇ ਵੱਡੇ 40



ਨੇਤਾਵਾਂ ਦਾ ਨਾਮ ਸ਼ਾਮਿਲ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦਾ ਨਾਮ ਅੱਜ ਹਿੰਦੁਸਤਾਨ ਦੇ ਨਾਮੀ ਨੇਤਾਵਾਂ ਵਿੱਚ ਸ਼ਾਮਿਲ ਹੋ ਚੁੱਕਿਆ ਹੈ। ਗੁਰਸ਼ਰਨ ਕੌਰ ਰੰਧਾਵਾ ਦੀ ਨਿਯੁਕਤੀ ਉੱਤੇ ਕਾਂਗਰਸੀ ਆਗੂਆਂ ਨੇ ਕਿਹਾ ਕਿ ਅੱਜ ਇੱਕ ਮਿਹਨਤੀ ਇਮਾਨਦਾਰ ਅਤੇ ਵਫਾਦਾਰ ਮਹਿਲਾ ਆਗੂ ਦੀ ਪਹਿਚਾਣ ਸ਼੍ਰੀ ਰਾਹੁਲ ਗਾਂਧੀ ਅਤੇ ਖਾਰਗੇ ਵੱਲੋਂ ਕੀਤੀ ਗਈ ਹੈ, ਜੋ ਇੱਕ ਅਜ਼ਾਦੀ ਘੁਲਾਟੀਆ ਪਰਿਵਾਰ ਦੀ ਧੀ ਤੇ ਸਮਾਣਾ ਨਾਲ ਸਬੰਧਿਤ ਟਕਸਾਲੀ ਕਾਂਗਰਸੀ ਪਰਿਵਾਰ ਦੀ ਨੂੰਹ ਹੈ ।ਗੁਰਸ਼ਰਨ ਕੌਰ ਰੰਧਾਵਾ ਦੇ ਪਤੀ ਜਸਵਿੰਦਰ ਸਿੰਘ ਰੰਧਾਵਾ ਲਗਭਗ 15 ਸਾਲ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਰਹੇ ਅਤੇ ਉਹਨਾਂ ਦੇ ਸਹੁਰਾ ਸਾਹਿਬ ਦਲਬੀਰ ਸਿੰਘ ਲੰਬਾ ਸਮਾਂ ਪਿੰਡ ਦੇ ਸਰਪੰਚ ਰਹੇ।ਬੀਬੀ ਰੰਧਾਵਾ ਖੁਦ ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ ਅਤੇ ਪੰਜਾਬ ਸਮਾਜ ਭਲਾਈ ਬੋਰਡ ਦੇ ਚੇਅਰਮੈਨ ਰਹਿ ਚੁੱਕੇ ਹਨ ਅਤੇ ਪਿਛਲੇ 25 ਸਾਲ ਤੋਂ ਹਲਕਾ ਸਮਾਣਾ ਵਿੱਚ ਕਾਂਗਰਸੀ ਵਰਕਰਾਂ ਦੀ ਤੇ ਆਮ ਲੋਕਾਂ ਦੀ ਲੜਾਈ ਲੜ ਰਹੇ ਹਨ। ਜਗਦੇਵ ਸਿੰਘ ਜੱਗਾ ਸਰਪੰਚ, ਜਗਦੇਵ ਸਿੰਘ ਫੌਜੀ ਧਨਜੋਤ ਸੋਸ਼ਲ ਮੀਡੀਆ ਇੰਚਾਰਜ ਸੁਨਾਮ , ਬਲਜਿੰਦਰ ਸਿੰਘ ਢੀਂਡਸਾ ਸੋਸ਼ਲ ਮੀਡੀਆ ਇੰਚਾਰਜ ਦਿੜਬਾ,ਕਿਰਪਾਲ ਸਿੰਘ ਭੰਗੂ,ਹਰਵਿੰਦਰ ਗਿੱਲ, ਸਤਿੰਦਰ ਢਿੱਲੋ ,ਬਲਵਿੰਦਰ ਸਿੰਘ, ਮਲਕੀਤ ਸਿੰਘ ਤੋਲਾਵਾਲ, ਗੁਰਦੀਪ ਸਿੰਘ ਰਿੰਪਲ ਧਾਲੀਵਾਲ ,ਮਨਰਾਜ ਸਿੰਘ ਧਾਲੀਵਾਲ, ਸਤਪਾਲ ਸਿੰਘ ਫਤਿਹਗੜ ਜ਼ਿਲ੍ਹਾ ਪ੍ਰਧਾਨ ਸੋਸ਼ਲ ਮੀਡੀਆ ਕਾਂਗਰਸ ਵੱਲੋਂ ਵੀ ਗੁਰਸ਼ਰਨ ਕੌਰ ਰੰਧਾਵਾ ਦੇ ਸਟਾਰ ਪ੍ਰਚਾਰਕ ਬਣਨ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।

# ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਧੂਰੀ ਤੋਂ ਮਾਨ ਦਲ ਦੇ ਆਗੂ ਵੱਡੇ ਕਾ.ਫਲੇ ਸਮੇਤ ਰਵਾਨਾ

ਧੂਰੀ, 5 ਜੂਨ ( ਰਣਜੀਤ ਸਿੰਘ ਪੇਧਨੀ) : 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 84 ਤੀਜੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਧੂਰੀ ਵਿਧਾਨ ਸਭਾ ਹਲਕੇ ਚੋਂ ਵੱਡਾ ਜਥਾ ਨਰਿੰਦਰ ਸਿੰਘ ਕਾਲਾਬੂਲਾ ਸੀਨੀਅਰ ਮੀਤ ਪ੍ਰਧਾਨ ਸੰਗਰੂਰ, ਸਾਧੂ ਸਿੰਘ ਪੇਧਨੀ ਜਰਨਲ ਸਕੱਤਰ ਸੰਗਰੂਰ ਦੀ ਅਗਵਾਈ ਹੇਠ ਧੂਰੀ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਏ। ਇਸ ਮੌਕੇ ਹਰਚਰਨ ਸਿੰਘ ਭਸੌੜ ਪ੍ਰਧਾਨ ਕਿਸਾਨ ਵਿੰਗ ਹਲਕਾ ਧੂਰੀ, ਹਰਮਿੰਦਰ ਸਿੰਘ ਲਾਲੀ ਧੂਰੀ, ਅਮਰੀਕ ਸਿੰਘ ਕਾਤਰੋਂ, ਮਨਪ੍ਰੀਤ ਸਿੰਘ ਚਾਗਲੀ, ਕੀਰਤ ਸਿੰਘ , ਗੁਰਚਰਨ ਸਿੰਘ ਹੇੜਿਕੇ ਸੁਖਵਿੰਦਰ ਸਿੰਘ ਭਸੌੜ, ਰਣਜੀਤ ਸਿੰਘ ਭਸੌੜ, ਸੁਖਵਿੰਦਰ ਸਿੰਘ ਧਾਂਦਰਾ , ਮਨਜੀਤ ਸਿੰਘ ਅਕਾਲੀ ਸਾਰੋ, ਗੁਰਜੰਟ ਸਿੰਘ ਘਨੌਰ ਖੁਰਦ, ਕੁਲਵਿੰਦਰ ਸਿੰਘ , ਧਰਮਪਾਲ ਸਿੰਘ ਘਨੌਰ, ਬੀਬੀ ਕਰਮਜੀਤ ਕੌਰ ਘਨੌਰ ਖੁਰਦ ਮਨਜੀਤ ਕੌਰ ਕੋਮਲਪ੍ਰੀਤ ਕੌਰ ਘਨੌਰ ਖੁਰਦ, ਗੁਰਮੀਤ ਸਿੰਘ ਗੱਗੜਪੁਰ ਹਾਜ਼ਰ ਸਨ।

# ਖੇਡਾਂ ਮਨੁੱਖ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਅਨੇਕਾਂ ਅਲਾਮਤਾਂ ਤੋਂ ਵੀ ਬਚਾਉਂਦੀਆਂ ਨੇ : ਐਡਵੋਕੇਟ ਕੌਸ਼ਲ



ਲ਼ਹਿਰਾਗਾਗਾ, 5 ਜੂਨ ( ਗੁਰਦੀਪ ਸਿੰਘ ): ਖੇਡਾਂ ਮਨੁੱਖ ਨੂੰ ਤੰਦਰੁੱਸਤ ਰੱਖਣ ਦੇ ਨਾਲ ਨਾਲ ਅਨੇਕਾਂ ਅਲਾਮਤਾਂ ਤੋਂ ਵੀ ਬਚਾਉਂਦੀਆਂ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ਲਹਿਰਾਗਾਗਾ ਦੇ ਸੰਸਥਾਪਕ ਮਰਹੂਮ ਡਾ. ਦੇਵ ਰਾਜ ਖੋਖਰ (ਕੌਸ਼ਲ) ਜੀ ਦੀ ਬਰਸੀ ਮੌਕੇ ਕਰਵਾਏ ਕ੍ਰਿਕੇਟ, ਕਬੱਡੀ ਅਤੇ ਖੋ-ਖੋ ਦੇ ਅੰਤਰ ਹਾਊਸ ਮੁਕਾਬਲੇ ਸਮੇਂ ਇਕੱਤਰਤ ਖਿਡਾਰੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਬੰਧਕ ਐਲ.ਕੇ. ਖੋਖਰ, ਪੀ.ਕੇ. ਖੋਖਰ, ਐਡਵੋਕੇਟ ਅਨਿਰੁੱਧ ਕੋਸ਼ਲ, ਬਿਮਲਾ ਸ਼ਰਮਾ ਤੋਂ ਇਲਾਵਾ ਪ੍ਰਿੰਸੀਪਲ ਨਵਦੀਪ ਭਾਰਦਵਾਜ ਨੇ ਕੀਤਾ। ਉਨਾਂ ਆਖਿਆ ਕਿ ਅਜੋਕੇ ਸਮੇਂ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਤਰਾਂ ਤਰਾਂ ਦੀਆਂ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜੇਕਰ ਅਸੀਂ ਖੇਡਾਂ ਨਾਲ ਜੁੜ੍ਹੇ ਰਹਿੰਦੇ ਹਾਂ ਤਾਂ ਸਾਂਨੂੰ ਬਿਮਾਰੀਆਂ ਤੋਂ ਨਿਜ਼ਾਤ ਮਿਲ ਸਕਦੀ ਹੈ । ਉਨਾਂ ਇਹ ਵੀ ਆਖਿਆ ਕਿ ਆਏ ਦਿਨ ਵੱਧ ਰਹੇ ਨਸ਼ਿਆਂ ਨੂੰ ਠੱਲ ਪਾਉਣ ਲਈ ਵੀ ਖੇਡਾਂ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ । ਉਨਾਂ ਖਿਡਾਰੀਆਂ ਨੂੰ ਖੇਡਾਂ ਨਾਲ ਜੁੜ੍ਹਨ ਲਈ ਵੀ ਪ੍ਰੇਰਿਤ ਕਰਨ ਤੋਂ ਇਲਾਵਾ ਸਕੂਲ ਦੇ ਸੰਸਥਾਪਕ ਡਾ. ਦੇਵ ਰਾਜ ਖੋਖਰ (ਕੋਸ਼ਲ) ਜੀ ਦੀ ਜੀਵਣੀ ਬਾਰੇ ਜਾਣੂੰ ਕਰਵਾਇਆ ।
ਕਬੱਡੀ ਦੇ ਕਰਵਾਏ ਅੰਡਰ-17 ਦੇ ਵੱਖ-2 ਹਾਊਸਜ਼ ਦੇ ਕਰਵਾਏ ਮੁਕਾਬਲੇ ਵਿੱਚੋਂ ਗਰੀਨ ਹਾਊਸ ਨੇ ਬਲੂ ਹਾਊਸ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਬਲੂ ਹਾਊਸ ਦੂਸਰੇ ਸਥਾਨ ਤੇ ਰਿਹਾ । ਖੋ-ਖੋ ਦੇ ਅੰਡਰ-19 ਦੇ ਮੁਕਾਬਲੇ ਵਿੱਚੋਂ ਔਰੇਂਜ਼ ਹਾਊਸ ਨੇ ਰੈੱਡ ਹਾਊਸ ਨੂੰ ਹਰਾ ਕੇ ਪਹਿਲੀ ਪੁਜੀਸ਼ਨ ਹਾਸਲ ਕੀਤੀ, ਜਦੋਂ ਕਿ ਰੈੱਡ ਹਾਊਸ ਨੇ ਦੂਸਰੀ ਪੁਜੀਸ਼ਨ ਹਾਸਲ ਕੀਤੀ । ਇਸੇ ਤਰਾਂ ਅੰਡਰ-17 ਦੇ ਕ੍ਰਿਕੇਟ ਮੁਕਾਬਲੇ ਵਿੱਚੋਂ ਬਲੂ ਹਾਊਸ ਨੇ ਰੈੱਡ ਹਾਊਸ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਰੈੱਡ ਹਾਊਸ ਨੇ ਦੂਸਰਾ ਸਥਾਨ ਹਾਸਲ ਕੀਤਾ । ਇਸ ਸਮੇਂ ਸਕੂਲ ਦੇ ਸੀਨੀਅਰ ਅਤੇ ਜੂਨੀਅਰ ਵਿੰਗ ਦੇ ਅਧਿਆਪਕ ਵੀ ਹਾਜ਼ਰ ਸਨ ।

# ਮਾਈ ਭਾਗੋ ਸੰਸਥਾ ਰੱਲਾ ਵਿਖੇ 'ਦਸਤਾਰ ਸਿਖਲਾਈ ਕੈਂਪ' ਲਗਾਇਆ

ਜੋਗਾ, 5 ਜੂਨ (ਵਿਰੇਂਦਰਪਾਲ ਮੰਤਰੋ): ਮਾਈ ਭਾਗੋ ਸੰਸਥਾਂ ਰੱਲਾ ਅਕਾਦਮਿਕ ਖੇਤਰ ਨਾਲ ਨਾਲ ਸੱਭਿਆਚਾਰਕ ਅਤੇ ਕਲਾਤਮਿਕ ਗਤੀਵਿਧੀਆਂ ਵਿੱਚ ਇਲਾਕੇ ਦੀ ਸਿਰਮੌਰ ਸੰਸਥਾ ਹੈ। ਸੰਸਥਾ ਵਿੱਚ ਸਮੇਂ ਸਮੇਂ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਲਈ ਉੱਚਕੋਟੀ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਬੀਤੇ ਦਿਨੀਂ ਇਸੇ ਲੜੀ ਵਿੱਚ ਪ੍ਰਿੰਸੀਪਲ ਪਰਮਿੰਦਰ ਕੁਮਾਰੀ ਦੀ ਰਹਿਨੁਮਾਈ ਹੇਠ ਸੰਸਥਾ ਵਿੱਚ ਦਸਤਾਰ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਦਸਤਾਰ ਸਿਖਲਾਈ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ।ਇਸ ਮੌਕੇ ਸਿਖਲਾਈ ਟ੍ਰੇਨਰ ਫ਼ਤਿਹ ਸਿੰਘ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਨੌਜਵਾਨਾਂ ਵਿੱਚ ਪੱਗਾਂ ਬੰਨਣ ਦਾ ਸ਼ੌਕ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ ਜੋ ਕਿ ਪੂਰੇ ਪੰਜਾਬੀ ਸੂਬੇ ਲਈ ਮਾਣ ਵਾਲੀ ਗੱਲ ਹੈ ਅਜਿਹੇ ਸਮੇਂ ਨੌਜਵਾਨਾਂ ਨੂੰ ਪੱਗ ਬੰਨਣ ਦੀ ਸਿਖਲਾਈ ਦੇਣਾ ਇਸ ਪਾਸੇ ਵੱਲ ਵੱਡਾ ਉਪਰਾਲਾ ਹੈ ਅਤੇ ਮਾਈ ਭਾਗੋ ਸੰਸਥਾ ਇਸ ਉਪਰਾਲੇ ਲਈ ਵਧਾਈ ਦੀ ਪਾਤਰ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਸਵਿਤਾ ਕਾਠ ਨੇ ਕਿਹਾ ਕਿ ਦਸਤਾਰ ਸਿੱਖ ਧਰਮ ਅਤੇ ਪੰਜਾਬ ਦੇ ਮਹਾਨ ਇਤਿਹਾਸ ਦਾ ਮੂਲ





ਚਿੰਨ ਹੈ ਉਹਨਾਂ ਕਿਹਾ ਕਿ ਦਸਤਾਰ ਨਾ ਸਿਰਫ਼ ਸਿੱਖਾਂ ਦਾ ਪਹਿਚਾਣ ਦਾ ਚਿੰਨ੍ਹ ਹੈ ਸਗੋਂ ਧਾਰਮਿਕ ਜ਼ਿੰਮੇਵਾਰੀ ਦੀ ਨਿਸ਼ਾਨੀ ਵੀ ਹੈ। ਪੂਰੇ ਵਿਸ਼ਵ ਵਿੱਚ ਦਸਤਾਰ ਮਾਣ ਸਨਮਾਨ , ਨੈਤਿਕਤਾ, ਵਿਲੱਖਣਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਮੰਨੀ ਜਾਂਦੀ ਹੈ। ਇਸ ਮੌਕੇ ਦਸਤਾਰ ਸਿਖਲਾਈ ਕੈਂਪ ਦੀ ਸ਼ਲਾਘਾ ਕਰਦਿਆਂ ਸਮੂਹ ਮੈਨੇਜਮੈਂਟ ਚੇਅਰਮੈਨ ਡਾ. ਬਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਸ੍ਰ ਕੁਲਦੀਪ ਸਿੰਘ ਖਿਆਲਾ, ਸਕੱਤਰ ਸ੍ਰ ਮਨਜੀਤ ਸਿੰਘ ਖਿਆਲਾ ਅਤੇ ਆਫਿਸ ਐਡਮਨਿਸਟ੍ਰੇਟਰ ਮੈਡਮ ਲਵਪ੍ਰੀਤ ਕੌਰ ਨੇ ਕਿਹਾ ਕਿ ਦਸਤਾਰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖਾਂ ਨੂੰ ਦਿੱਤੀ ਗਈ ਖ਼ਾਸ ਬਖ਼ਸ਼ਿਸ਼ ਹੈ, ਜੋ ਸਿੱਖਾਂ ਨੂੰ ਵਿਲੱਖਣ ਪਹਿਚਾਨ ਪ੍ਰਦਾਨ ਕਰਦੀ ਹੈ। ਉਹਨਾਂ ਕਿਹਾ ਕਿ ਦਸਤਾਰ ਸਜਾਉਣਾ ਵਿਅਕਤੀਗਤ ਆਤਮਿਕ ਅਤੇ ਨੈਤਿਕ ਵਿਕਾਸ ਨੂੰ ਵਿਕਸਿਤ ਕਰਨਾ ਹੈ। ਦਸਤਾਰ ਸਦਕਾ ਪੰਜਾਬੀਆਂ ਨੂੰ ਪੂਰੇ ਵਿਸ਼ਵ ਵਿੱਚ ਜਾਨਿਆ ਜਾਂਦਾ ਹੈ, ਸੋ ਹਰ ਇੱਕ ਨੌਜਵਾਨ ਨੂੰ ਦਸਤਾਰ ਸਜਾਉਣੀ ਚਾਹੀਦੀ ਹੈ ਅਤੇ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।
ਉਹਨਾਂ ਆਉਣ ਵਾਲੇ ਸਮੇਂ ਵਿੱਚ ਅਜਿਹੇ ਬਹੁਪੱਖੀ ਸਿਖਲਾਈ ਪ੍ਰੋਗਰਾਮ ਉਲੀਕਣ ਦੀ ਵਚਨਵੱਧਤਾ ਪ੍ਰਗਟ ਕੀਤੀ ।

# ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਵਿਖੇ ਵਾਤਾਵਰਨ ਦਿਵਸ ਮਨਾਇਆ

ਲਹਿਰਾਗਾਗਾ, 5 ਜੂਨ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਪਿੰਡ ਵਿਖੇ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਹੈੱਡ ਟੀਚਰ ਸ਼੍ਰੀ ਰਜੇਸ਼ ਕੁਮਾਰ ਮੈਡਮ ਰਿੰਕੀ ਅਰੋੜਾ ਮੈਡਮ ਰੀਮਾ ਅਤੇ ਮੈਡਮ ਸੰਦੀਪ ਕੌਰ ਅਤੇ ਬੱਚਿਆਂ ਵੱਲੋਂ ਫਲਦਾਰ ਅਤੇ ਸਜ਼ਾਵਟ ਵਾਲੇ ਪੌਦੇ ਬੜੇ ਉਤਸ਼ਾਹ ਨਾਲ ਲਗਾਏ ਗਏ ਇਸ ਮੌਕੇ ਹੈਡ ਟੀਚਰ ਸ੍ਰੀ ਰਜੇਸ਼ ਕੁਮਾਰ ਜੀ ਵੱਲੋਂ ਬੱਚਿਆਂ ਨੂੰ ਵਿਸ਼ਵ ਵਾਤਾਵਰਨ ਹਰ ਸਾਲ 5 ਜੂਨ ਨੂੰ ਵਿਸ਼ਵ ਪੱਧਰ 'ਤੇ ਜਲਵਾਯੂ ਪਰਿਆਵਰਨ, ਜੰਗਲਾਂ ਦੀ ਕਟਾਈ, ਪ੍ਰਦੂਸ਼ਨ, ਅਤੇ ਜੈਵ-ਵਿਭਿੰਨਤਾ ਦੇ ਨੁਕਸਾਨ ਵਰਗੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਲੋੜ ਨੂੰ ਉਜਾਗਰ ਕਰਨ ਲਈ ਅਤੇ ਵਾਤਾਵਰਨ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਵਾਤਾਵਰਨ ਦਿਵਸ ਮਨਾਉਣ ਬਾਰੇ ਪ੍ਰੇਰਿਤ ਕੀਤਾ ਗਿਆ ਅਤੇ ਬੱਚਿਆਂ ਨੂੰ ਵਾਤਾਵਰਨ ਸੰਭਾਲ ਬਾਰੇ ਦੱਸਿਆ ਗਿਆ।ਬੱਚਿਆਂ ਨੇ ਬੜੇ



ਉਤਸ਼ਾਹ ਨਾਲ ਬੂਟੇ ਲਗਾਏ। ਬੱਚਿਆਂ ਨੂੰ ਪੌਦਿਆਂ ਦੇ ਫਾਇਦੇ ਬਾਰੇ ਦੱਸਿਆ ਗਿਆ। ਵਿਸ਼ਵ ਵਾਤਾਵਰਨ ਦਿਵਸ ਸਬੰਧੀ ਸੁਚੇਤ ਕੀਤਾ ਗਿਆ।



# ਪਟਿਆਲਾ-ਆਸ/ਪਾਸ



## ਨਾਭਾ 'ਚ ਦਿਨੋਂ-ਦਿਨ ਵਧ ਰਹੀਆਂ ਚੋਰੀਆਂ

# ਭੜਕੇ ਦੁਕਾਨਦਾਰਾਂ ਨੇ ਪਟਿਆਲਾ ਰੋਡ ਕੀਤਾ ਜਾਮ

ਨਾਭਾ, 5 ਜੂਨ (ਬਲਜਿੰਦਰ ਮਾਨ/ਚੌਧਰੀਮਾਜਰਾ) : ਰਿਆਸਤੀ ਸ਼ਹਿਰ ਨਾਭਾ ਵਿੱਚ ਦਿਨੋਂ-ਦਿਨ ਹੋ ਰਹੀਆਂ ਚੋਰੀਆਂ ਕਾਰਨ ਲੋਕ ਪਰੇਸ਼ਾਨ, ਤਾਜ਼ਾ ਮਾਮਲਾ ਪਟਿਆਲਾ ਰੋਡ ਨਾਭਾ ਦੇ ਸੁਪਰ ਬੈਟਰੀ ਦੀ ਦੁਕਾਨ ਦਾ ਹੈ, ਜਿਸ ਵਿੱਚੋਂ ਰਾਤ 2 ਵਜੇ ਦੇ ਕਰੀਬ 35/40 ਬੈਟਰੇ ਇਨਵਰਟਰ ਚੋਰੀ ਕਰਕੇ ਚੋਰ ਲੈ ਗਏ, ਜਿਨ੍ਹਾਂ ਦੀ ਕੀਮਤ ਪੰਜ ਔਰ ਸਾਢੇ ਪੰਜ ਲੱਖ ਦੇ ਕਰੀਬ ਬਣਦੀ ਹੈ, ਭੜਕੇ ਦੁਕਾਨਦਾਰਾਂ ਵੱਲੋਂ ਪਟਿਆਲਾ ਰੋਡ



ਜਾਮ ਕਰ ਦਿੱਤਾ। ਉਨ੍ਹਾਂ ਵੱਲੋਂ ਪੁਲਿਸ ਪ੍ਰਸ਼ਾਸਨ 'ਤੇ ਇਲਜ਼ਾਮ ਵੀ ਲਗਾਏ ਗਏ। ਇਸ ਮੌਕੇ ਦੁਕਾਨਦਾਰਾਂ ਨੇ ਕਿਹਾ ਕਿ ਨਾਭੇ ਦੇ ਵਿੱਚ ਲਗਾਤਾਰ ਚੋਰੀਆਂ ਹੋ ਰਹੀਆਂ ਹਨ ਪਰ ਸਾਡੀ ਸੁਣਵਾਈ ਨਹੀਂ ਹੋ ਰਹੀ ਹੈ। ਇਸ ਕਰਕੇ ਅਸੀਂ ਦੁਖੀ ਹੋ ਕੇ ਰੋਡ ਜਾਮ ਕੀਤਾ ਹੈ। ਇਸ ਮੌਕੇ 'ਤੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੀ ਪਹੁੰਚ ਗਏ। ਇਸ ਮੌਕੇ ਦੁਕਾਨਦਾਰਾਂ ਅਤੇ ਵਿਧਾਇਕ ਵਿੱਚ ਥੋੜ੍ਹੀ ਤਲਖੀ ਵੀ ਵੇਖਣ ਨੂੰ ਨਜ਼ਰ ਆਈ ਪਰ ਵਿਧਾਇਕ ਵੱਲੋਂ ਸਾਰੇ ਹੀ ਦੁਕਾਨਦਾਰ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਚੋਰਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਮੌਕੇ ਨਾਭਾ ਪੁਲਿਸ ਮੌਕੇ 'ਤੇ ਹਾਜ਼ਰ ਸੀ ਅਤੇ ਵਿਧਾਇਕ ਵੱਲੋਂ ਪੁਲਿਸ ਨੂੰ ਸਖਤ ਹਦਾਇਤ ਕੀਤੀ ਕਿ ਚੋਰਾਂ ਖਿਲਾਫ ਜਲਦੀ ਤੋਂ ਜਲਦੀ ਬਣਦੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਮੈਂ ਤੁਹਾਡੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਹਾਂ। ਇਸ ਮੌਕੇ ਦੁਕਾਨਦਾਰਾਂ ਵੱਲੋਂ ਮੰਗ ਕੀਤੀ ਗਈ ਕਿ ਪੁਲਿਸ ਦੀ ਗਸਤ ਵਧਾਈ ਜਾਵੇ ਤਾਂ ਜੋ ਚੋਰੀਆਂ ਤੋਂ ਨਿਜ਼ਾਤ ਪਾਈ ਜਾਵੇ।

# ਸ਼ਹਿਰ ਦੀ ਆਉਂਦੇ ਦੋ ਮਹੀਨਿਆਂ 'ਚ ਹੋਵੇਗੀ ਕਾਇਆ ਕਲਪ : ਡਾ. ਬਲਬੀਰ ਸਿੰਘ

## ਸ਼ਹਿਰ ਵਾਸੀਆਂ ਨੂੰ ਆਵਾਜਾਈ ਸਹੂਲਤ ਪ੍ਰਦਾਨ ਕਰਨ ਲਈ 50 ਇਲੈਕਟ੍ਰਿਕ ਬੱਸਾਂ ਚਲਾਈਆਂ ਜਾਣਗੀਆਂ : ਕੈਬਨਿਟ ਮੰਤਰੀ

ਪਟਿਆਲਾ, 5 ਜੂਨ (ਗੁਰਮੁੱਖ ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਸ਼ਹਿਰ ਦੀ ਆਉਂਦੇ ਦੋ ਮਹੀਨਿਆਂ 'ਚ ਪੂਰੀ ਤਰ੍ਹਾਂ ਕਾਇਆ ਕਲਪ ਕਰਕੇ ਇਸ ਦੀ ਸੁੰਦਰਤਾ ਨੂੰ ਹੋਰ ਨਿਖਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਾਸੀਆਂ ਨੂੰ ਪੀਣ ਲਈ ਨਹਿਰੀ ਪਾਣੀ, ਸਾਫ਼ ਸੁਥਰੀਆਂ ਸੜਕਾਂ, ਜਗਮਗ ਕਰਦੀਆਂ ਸਟਰੀਟ ਲਾਈਟਾਂ ਸਮੇਤ ਅਤਿ ਆਧੁਨਿਕ ਸਹੂਲਤਾਂ ਪ੍ਰਦਾਨ ਕਰਨ ਲਈ ਪੂਰਾ ਖਾਕਾ ਤਿਆਰ ਹੋ ਚੁੱਕਾ ਹੈ ਤੇ ਕੰਮਾਂ ਦੇ ਟੈਂਡਰ ਕਰ ਦਿੱਤੇ ਗਏ ਹਨ। ਇਹ ਪ੍ਰਗਟਾਵਾ ਉਨ੍ਹਾਂ ਨਗਰ ਨਿਗਮ ਦਫ਼ਤਰ ਵਿਖੇ ਵਾਰਡ ਨੰਬਰ 14 ਤੋਂ 29 ਤੱਕ ਦੇ ਕੌਂਸਲਰਾਂ ਨਾਲ ਬੈਠਕ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ ਤੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਸ਼ਹਿਰ ਦੇ ਅਹਿਮ ਮਸਲਿਆਂ 'ਤੇ ਵਿਚਾਰ



ਚਰਚਾ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਕੂੜਾ ਮੁਕਤ ਕਰਨ ਲਈ ਨਗਰ ਨਿਗਮ ਵੱਲੋਂ ਵਾਰਡ 17 ਤੇ 55 ਵਿੱਚ ਪਾਇਲਟ ਪ੍ਰੋਜੈਕਟ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਰਾਹੀਂ ਹੁਣ ਕੂੜਾ ਸਿੱਧਾ ਐਮ.ਆਰ.ਐਫ. ਸੈਂਟਰ ਵਿੱਚ ਜਾਵੇਗਾ। ਉਨ੍ਹਾਂ ਦੱਸਿਆ ਕਿ 30 ਜੂਨ ਤੱਕ ਸ਼ਹਿਰ ਵਿੱਚ ਬਣੇ ਸੈਕੰਡਰੀ ਗਾਰਬੇਜ਼ ਪੁਆਇੰਟ ਖਤਮ ਕਰ ਦਿੱਤੇ ਜਾਣਗੇ, ਜਿਸ ਨਾਲ ਕੂੜੇ ਦੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਥਾਪਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੂੜੇ ਦੀ ਸਾਇੰਟਿਫਿਕ ਮੈਨੇਜਮੈਂਟ ਕੀਤੀ ਜਾ ਰਹੀ ਹੈ। ਉਨ੍ਹਾਂ ਕੁੱਤਿਆਂ ਵੱਲੋਂ ਵੱਢੇ ਜਾਣ ਦੇ ਖਾਸ ਤੌਰ 'ਤੇ ਬੱਚਿਆਂ ਦੇ ਹਮਲੇ ਆਦਿ ਦੇ ਮਾਮਲਿਆਂ ਨਾਲ ਨਜਿੱਠਣ ਲਈ ਕੁੱਤਿਆਂ ਦੀ ਸਟਰਲਾਈਜੇਸ਼ਨ ਕਰਨ ਦੇ ਕੰਮ 'ਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਇਸ 'ਤੇ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਨੇ ਦੱਸਿਆ ਕਿ ਕੁੱਤਿਆਂ ਦੀ ਸਟਰਲਾਈਜੇਸ਼ਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਰੋਜ਼ਾਨਾ 50 ਕੁੱਤਿਆਂ ਦੀ ਸਟਰਲਾਈਜੇਸ਼ਨ ਕੀਤੀ ਜਾਵੇਗੀ। ਇਸ ਲਈ ਪਸ਼ੂਆਂ ਦੇ ਹਸਪਤਾਲ 'ਚ ਕੁੱਤਿਆਂ ਦੀ ਸੰਭਾਲ ਲਈ ਬਣੇ ਕੈਨਲ ਦੀ ਗਿਣਤੀ ਵੀ 50 ਤੋਂ ਵਧਾਕੇ 200 ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਟਰੈਫ਼ਿਕ ਸਮੱਸਿਆ ਦੇ ਹੱਲ ਲਈ ਸ਼ਹਿਰ ਵਿੱਚ ਸ਼ੁਰੂ ਕੀਤੀ ਜਾਣ ਵਾਲੀ ਈ ਸੇਵਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਿੱਚ 50 ਇਲੈਕਟ੍ਰਿਕ ਬੱਸਾਂ ਚਲਾਈਆਂ ਜਾਣਗੀਆਂ, ਇਸ ਸਬੰਧੀ ਟੈਂਡਰ ਹੋ ਚੁੱਕਾ ਹੈ ਤੇ ਆਉਂਦੇ ਛੇ ਮਹੀਨਿਆਂ ਤੱਕ ਸ਼ਹਿਰ ਅੰਦਰ ਲੋਕਾਂ ਦੀ ਸਹੂਲਤ ਲਈ ਬੱਸ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ। ਡਾ. ਬਲਬੀਰ ਸਿੰਘ ਨੇ ਰਜਿੰਦਰਾ ਝੀਲ ਦੀ ਪੁਨਰ ਸੁਰਜੀਤੀ ਦਾ ਕੰਮ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਇਸ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਰਜਿੰਦਰਾ ਝੀਲ ਵਿੱਚ ਜਲਦੀ ਪਾਣੀ ਆਉਣਾ ਸ਼ੁਰੂ ਹੋ ਜਾਵੇਗਾ ਅਤੇ ਇੱਥੇ ਕਿਸ਼ਤੀਆਂ ਵੀ ਚੱਲਣਗੀਆਂ ਤੇ ਇਸ ਨੂੰ ਪਿਕਨਿਕ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੂਰੀ ਯੋਜਨਾ ਤਿਆਰ ਕਰ ਲਈ ਹੈ , ਜਿਸ ਤਹਿਤ ਡੀਅਰ ਪਾਰਕ ਕੋਲ ਲੱਗਦੀ ਡਾਫ ਦਾ ਸਥਾਈ ਹੱਲ ਕਰਦਿਆਂ ਉਸ ਨੂੰ ਚੌੜਾ ਕੀਤਾ ਜਾਵੇਗਾ। ਇਸ ਤਰ੍ਹਾਂ ਪਾਣੀ ਨੂੰ ਰੀਚਾਰਜ ਕਰਨ ਲਈ ਚੰਡੀਗੜ੍ਹ ਤੋਂ ਪਟਿਆਲਾ ਤੱਕ ਪਟਿਆਲਾ ਦਾ ਰਾਓ 'ਚ ਇਕ ਹਜ਼ਾਰ ਖੂਹ ਬਣਾਏ ਜਾਣਗੇ। ਨਦੀ ਨਾਲ ਲੱਗਦੀ ਜੰਗਲਾਤ ਦੀ 750 ਏਕੜ ਜ਼ਮੀਨ 'ਚ ਬੂਟੇ ਲਗਾਏ ਜਾਣਗੇ ਤੇ ਨਦੀ ਦੇ ਪਾਣੀ ਵੱਧਣ 'ਤੇ ਇਹ ਪਾਣੀ ਇਸ ਜਗ੍ਹਾ ਵਿੱਚ ਛੱਡਿਆ ਜਾਵੇਗਾ। ਇਸ ਨਾਲ ਆਲੇ ਦੁਆਲੇ ਦੇ ਪਿੰਡਾਂ ਦੀ ਫਸਲ ਪਾਣੀ ਦੀ ਮਾਰ ਤੋਂ ਬਚੇਗੀ ਤੇ ਸ਼ਹਿਰ 'ਚ ਵੀ ਹੜ੍ਹ ਨਹੀਂ ਆਉਣਗੇ। ਡਾ. ਬਲਬੀਰ ਸਿੰਘ ਨੇ ਵਾਰਡ 14 ਤੋਂ 29 ਤੱਕ ਦੇ ਕੌਂਸਲਰਾਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਉਹ ਆਪਣੀ ਵਾਰਡਾਂ 'ਚ ਰੰਗਲਾ ਵਾਰਡ ਕਮੇਟੀਆਂ ਦਾ ਗਠਨ ਕਰਕੇ ਆਪਣੇ ਵਾਰਡਾਂ ਦਾ ਵਿਕਾਸ ਕਰਨ। ਉਨ੍ਹਾਂ ਕਿਹਾ ਕਿ ਜਿਸ ਵਾਰਡ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਜ਼ਰੂਰਤ ਹੈ, ਉਹ ਤੁਰੰਤ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕੌਂਸਲਰਾਂ ਨੂੰ ਆਪਣੇ ਖੇਤਰ ਦੇ ਆਮ ਆਦਮੀ ਕਲੀਨਿਕ 'ਚ ਆਪਣੀ ਵਾਰਡ ਦੇ 50 ਸਾਲ ਤੋਂ ਉਪਰ ਦੇ ਸਾਰੇ ਵਿਅਕਤੀਆਂ ਦੇ ਬੀ.ਪੀ., ਸ਼ੂਗਰ, ਖੂਨ ਦੇ ਟੈਸਟ ਕਰਵਾਉਣ ਲਈ ਕਿਹਾ ਤਾਂ ਜੋ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦਿੱਤੀ ਜਾ ਸਕਣ। ਇਸ ਮੌਕੇ ਕੌਂਸਲਰ ਜਸਬੀਰ ਗਾਂਧੀ, ਗਿਆਨ ਚੰਦ, ਮੁਕਤਾ ਗੁਪਤਾ, ਰੋਹਿਤ ਸਮੇਤ ਨਗਰ ਨਿਗਮ ਦੀਆਂ ਵੱਖ ਵੱਖ ਸ਼ਾਖਾਵਾਂ ਦੇ ਅਧਿਕਾਰੀ ਮੌਜੂਦ ਸਨ।

# ਪੰਚਾਇਤੀ ਜ਼ਮੀਨ ਦੀ ਬੋਲੀ ਮੌਕੇ ਬੀ.ਡੀ.ਪੀ.ਓ. ਦਫ਼ਤਰ 'ਚ ਹੰਗਾਮਾ

## ☛ਦੋ ਧਿਰਾਂ ਦੀ ਲੜਾਈ 'ਚ ਲੱਥੀਆਂ ਪੱਗਾਂ

ਸਮਾਣਾ, 5 ਜੂਨ (ਵਿਜੇ ਕੁਮਾਰ) : ਸਮਾਣਾ ਦੇ ਪਿੰਡ ਬਠੋਈ ਕਲਾਂ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਨੂੰ ਲੈ ਕੇ ਬੀ.ਡੀ.ਪੀ.ਓ. ਦਫਤਰ ਪਟਿਆਲਾ ਵਿਖੇ ਦੋ ਧਿਰਾਂ 'ਚ ਝੜਪ ਹੋ ਗਈ, ਜਿਸ ਦੌਰਾਨ ਕਈ ਦੀਆਂ ਪੱਗਾਂ ਲੱਥ ਗਈਆਂ ਤੇ ਕੁਝ ਵਿਅਕਤੀਆਂ ਦੇ ਮਾਮੂਲੀ ਸੱਟਾਂ ਵੀ ਲੱਗੀਆਂ। ਇਹ ਝੜਪ ਪੰਚਾਇਤੀ ਜ਼ਮੀਨ ਦੀ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੋ ਗਈ। ਇਸ ਦੌਰਾਨ ਸਾਰਾ ਦਿਨ ਮਾਹੌਲ ਤਣਾਅਪੂਰਨ ਰਿਹਾ ਤੇ ਕਿਸੇ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਐਸਪੀ ਪਲਵਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਭਾਰੀ ਪੁਲਿਸ ਤੈਨਾਤ ਕੀਤੀ ਗਈ। ਬਾਅਦ ਦੁਪਹਿਰ ਤੱਕ ਰੱਖੀ ਗਈ ਬੋਲੀ ਸਿਰੇ ਚੜ੍ਹ ਗਈ। ਮੌਕੇ 'ਤੇ ਪਹੁੰਚੇ ਐੱਸਪੀ ਪਲਵਿੰਦਰ ਸਿੰਘ ਚੀਮਾ ਨੇ ਦੋਨਾਂ ਧਿਰਾਂ ਨਾਲ ਗੱਲਬਾਤ ਕੀਤੀ ਤੇ ਸ਼ਾਂਤ ਰਹਿਣ ਦੀ ਆਖਿਆ। ਐੱਸ.ਪੀ. ਪਲਵਿੰਦਰ ਸਿੰਘ ਚੀਮਾਂ ਨੇ ਦੱਸਿਆ ਕਿ ਦੋਨਾਂ ਧਿਰ 'ਚ ਤਕਰਾਰਬਾਜ਼ੀ ਹੋਈ ਸੀ ਪਰ ਹੁਣ ਸਾਰਾ ਮਾਹੌਲ ਸ਼ਾਂਤ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਜੇਕਰ ਕਿਸੇ ਵੀ ਧਿਰ ਵੱਲੋਂ ਦਰਖ਼ਾਸਤ ਆਈ ਤਾਂ ਕਾਰਵਾਈ ਹੋਵੇਗੀ। ਉਨ੍ਹਾਂ ਆਖਿਆ ਕਿ ਜੇਕਰ ਬੀਡੀਪੀਓ ਦਫ਼ਤਰ ਵੱਲੋਂ ਵੀ ਸਰਕਾਰੀ ਕੰਮ 'ਚ ਵਿਘਨ ਪਾਉਣ ਦੀ ਸ਼ਿਕਾਇਤ ਦਰਜ ਕਰਵਾਈ ਗਈ ਤਾਂ ਕਾਰਵਾਈ ਕੀਤੀ ਜਾਵੇਗੀ।

# ਨਸ਼ਿਆਂ ਵਿਰੁੱਧ ਮੁਹਿੰਮ ਦੇ ਹਿੱਸੇ ਵਜੋਂ ਪਿੰਡ ਕੁਲਾਰਾਂ 'ਚ ਕੈਂਪ ਲਗਾਇਆ

## ਪੰਜਾਬ ਸਰਕਾਰ ਨੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਖ਼ਤਮ ਕਰਨ ਲਈ ਪਹਿਲ ਕੀਤੀ: ਕੁਲਵੰਤ ਸਿੰਘ ਬਾਜ਼ੀਗਰ

ਸਮਾਣਾ, 5 ਜੂਨ (ਸੁਖਜਿੰਦਰ ਕੁਲਾਰਾਂ) : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਕੁਲਾਰਾਂ ਵਿੱਚ ਗ੍ਰਾਮ ਪੰਚਾਇਤ ਦੀ ਸਹਾਇਤਾ ਨਾਲ ਕੈਂਪ ਲਗਾਇਆ ਗਿਆ। ਇਸ ਮੌਕੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਮੁੱਖ ਤੌਰ 'ਤੇ ਹਾਜ਼ਰ ਹੋਏ। ਕੁਲਵੰਤ ਸਿੰਘ ਬਾਜ਼ੀਗਰ ਨੇ ਇਸ ਮੁਹਿੰਮ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਪਹਿਲ ਕੀਤੀ ਹੈ। ਇਸ ਤਹਿਤ ਨਸ਼ਿਆਂ ਵਿਰੁੱਧ ਜੰਗ ਤਹਿਤ ਪੂਰੇ ਪੰਜਾਬ ਵਿੱਚ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ, ਪੰਜਾਬ



ਸਰਕਾਰ ਅਤੇ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਆਮ ਲੋਕਾਂ ਅਤੇ ਪਿੰਡ ਪੰਚਾਇਤਾਂ ਦਾ ਸਹਿਯੋਗ ਜ਼ਰੂਰੀ ਹੈ ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਪਿੰਡ ਦੇ ਲੋਕਾਂ ਨੂੰ ਨਸ਼ੇ ਦੀ ਦੁਰਵਰਤੋਂ ਨੂੰ ਰੋਕਣ ਲਈ ਪੁਲਿਸ ਨਾਲ ਸਹਿਯੋਗ ਕਰਨ ਦੀ ਸਹੁੰ ਵੀ ਚੁਕਾਈ। ਇਸ ਮੌਕੇ ਪਿੰਡ ਕੁਲਾਰਾਂ ਦੀ ਸਰਪੰਚ ਦਰਸ਼ਨਾ ਦੇਵੀ, ਪਿੰਡ ਗੋਬਿੰਦ ਨਗਰ ਕੁਲਾਰਾ ਦੇ ਸਰਪੰਚ ਦਰਸ਼ਨ ਸਿੰਘ, ਸੀਡੀਪੀਓ ਸਮਾਣਾ ਜਸਬੀਰ ਕੌਰ,, ਐਸਐਮਓ ਬਾਦਸ਼ਾਹਪੁਰ ਡਾ. ਸ਼ੈਲੀ ਜੇਟਲੀ, ਪਿੰਡ ਮਵੀ ਪੁਲਿਸ ਚੌਕੀ ਇੰਚਾਰਜ ਬਲਕਾਰ ਸਿੰਘ, ਬਲਾਕ ਪ੍ਰਧਾਨ ਆਪ ਪਾਰਟੀ ਮੁਕੇਸ਼ ਕੁਮਾਰ, ਸਾਬਕਾ ਸਰਪੰਚ ਸਤਪਾਲ ਸਿੰਘ, ਸਾਬਕਾ ਸਰਪੰਚ ਸਰਜੀਤ ਸਿੰਘ, ਰਣਜੀਤ ਸਿੰਘ ਸੰਧੂ ਸਕੱਤਰ, ਪਾਤੜਾਂ ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ, ਆਸ਼ਾ ਵਰਕਰ, ਸਿਹਤ ਵਿਭਾਗ ਦੇ ਕਰਮਚਾਰੀ, ਯੂਥ ਆਗੂ ਗੋਲਡੀ ਬਰਾੜ, ਬੰਟੀ ਕੁਲਾਰ, ਵਿੱਕੀ ਕੌਂਟਲੀ, ਬਲਕਾਰ ਸਿੰਘ ਪੰਚਾਇਤ ਸੈਕਟਰੀ ਅਤੇ ਹੋਰ ਮੈਂਬਰ ਮੌਜੂਦ ਸਨ।

# ਮਾਣਯੋਗ ਅਦਾਲਤ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਧਰਨਾ ਨਾ ਲਾਉਣ ਸਬੰਧੀ ਹੁਕਮ ਜਾਰੀ ਕੀਤੇ

ਪਟਿਆਲਾ, 5 ਜੂਨ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵਿਖੇ ਪਿਛਲੇ ਕੁੱਝ ਦਿਨਾਂ ਤੋਂ ਧਰਨੇ ਉੱਤੇ ਬੈਠੇ ਵਿਕਸ/ਦਿਹਾੜੀਦਾਰ ਕਰਮਚਾਰੀਆਂ ਸਬੰਧੀ ਯੂਨੀਵਰਸਿਟੀ ਅਥਾਰਟੀਜ਼ ਨੇ ਦੱਸਿਆ ਕਿ ਮਾਣਯੋਗ ਅਦਾਲਤ ਵੱਲੋਂ 2 ਜੂਨ ਨੂੰ ਜਾਰੀ ਹੋਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਯੂਨੀਵਰਸਿਟੀ ਦੀ ਚਾਰਦੀਵਾਰੀ ਤੋਂ 300 ਮੀਟਰ ਦੇ ਬਾਹਰ ਤੱਕ ਕਿਸੇ ਵੀ ਧਰਨੇ, ਇਕੱਠ, ਮੀਟਿੰਗ, ਇਕੱਤਰਤਾ, ਪ੍ਰਦਰਸ਼ਨ ਘਿਰਾਓ ਆਦਿ ਗਤੀਵਿਧੀ ਦੀ ਮਨਾਹੀ ਹੈ। ਸੋ ਅਦਾਲਤੀ ਹੁਕਮਾਂ ਅਨੁਸਾਰ ਸਪੱਸ਼ਟ ਹੈ ਕਿ ਯੂਨੀਵਰਸਿਟੀ ਕੈਂਪਸ ਦੇ ਅੰਦਰ ਧਰਨਾ ਨਹੀਂ ਲਗਾਇਆ ਜਾ ਸਕਦਾ। ਕਰਮਚਾਰੀ ਕਿਸੇ ਵੀ ਰੂਪ ਵਿੱਚ ਯੂਨੀਵਰਸਿਟੀ ਦੇ ਕੰਮ ਕਾਜ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਅਥਾਰਟੀਜ਼ ਨੇ ਦੱਸਿਆ ਕਿ ਅਦਾਲਤ ਦੇ ਇਨ੍ਹਾਂ ਹੁਕਮਾਂ ਸਬੰਧੀ ਇਨ੍ਹਾਂ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ।

# ਰੰਗ ਮੰਚ ਦੇ ਪ੍ਰਸਿੱਧ ਕਲਾਕਾਰ, ਨਿਰਦੇਸ਼ਕ ਗੋਪਾਲ ਸ਼ਰਮਾ 'ਸ਼ਾਨ-ਏ-ਪੰਜਾਬ ਐਵਾਰਡ' ਨਾਲ ਸਨਮਾਨਤ



ਪਟਿਆਲਾ, 5 ਜੂਨ (ਚ.ਨ.ਸ.) : ਨਟਰਾਜ ਆਰਟਸ ਥੀਏਟਰ ਦੇ ਡਾਇਰੈਕਟਰ, ਰੰਗ ਮੰਚ ਦੇ ਪ੍ਰਸਿੱਧ ਕਲਾਕਾਰ, ਨਿਰਦੇਸ਼ਕ ਅਤੇ ਸਰਵੋਤਮ ਥੀਏਟਰ ਪ੍ਰਮੋਟਰ ਪੰਜਾਬ ਦੇ ਅਵਾਰਡੀ ਕਲਾਕਾਰ ਗੋਪਾਲ ਸ਼ਰਮਾ ਨੂੰ ਰਾਸ਼ਟਰੀ ਜੋਤੀ ਕਲਾ ਮੰਚ ਅਤੇ ਜਸ਼ਨ ਇੰਟਰਟੇਨਮੈਂਟ ਵੱਲੋਂ ਆਯੋਜਿਤ ਕੀਤੇ ਗਏ ਇੱਕ ਸ਼ਾਨਦਾਰ ਸਮਾਗਮ ਵਿੱਚ 'ਸ਼ਾਨ-ਏ-ਪੰਜਾਬ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਇਹ ਅਵਾਰਡ ਉਹਨਾਂ ਵੱਲੋਂ ਰਾਸ਼ਟਰੀ ਪੱਧਰ ਉੱਤੇ ਹਰ ਸਾਲ ਲਗਾਤਾਰ ਰੰਗ ਮੰਚ ਦੇ 10 ਦਿਨਾਂ ਤੋਂ ਲੈ ਕੇ 15 ਦਿਨਾਂ ਤੱਕ ਆਯੋਜਿਤ ਕੀਤੇ ਜਾਂਦੇ ਰਾਸ਼ਟਰੀ ਨਾਟਕ ਮੇਲੇ ਦੇ ਨਾਲ ਨਾਲ ਰੰਗ ਮੰਚ ਦੇ ਖੇਤਰ ਵਿੱਚ ਪਿਛਲੇ 45 ਸਾਲਾਂ ਤੋਂ ਲਗਾਤਾਰ ਕੀਤੇ ਜਾ ਰਹੇ ਕੰਮਾਂ ਦੇ ਬਦਲੇ ਚੰਡੀਗੜ੍ਹ ਇਨਕਮ ਟੈਕਸ ਡਿਪਾਰਟਮੈਂਟ ਦੀ ਡਿਪਟੀ ਕਮਿਸ਼ਨਰ ਸੁਰਵੀ ਗਰਗ ਆਈਆਰਐਸ ਅਤੇ ਪ੍ਰਸਿੱਧ ਸੋਸ਼ਲ ਵਰਕਰ ਦੀਪਿਕਾ ਗੋਇਲ ਨੇ ਭਾਰਤ ਵਿਕਾਸ ਪਰੀਸ਼ਦ ਦੇ ਹਾਲ ਵਿੱਚ ਆਯੋਜਿਤ ਕੀਤੇ ਗਏ ਇੱਕ ਸ਼ਾਨਦਾਰ ਸਮਾਗਮ ਵਿੱਚ ਪ੍ਰਦਾਨ ਕੀਤਾ। ਜਿਕਰਯੋਗ ਹੈ ਕਿ ਗੋਪਾਲ ਸ਼ਰਮਾ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਰੰਗ ਮੰਚ ਦੇ ਖੇਤਰ ਵਿੱਚ ਬਹੁਤ ਹੀ ਜ਼ੋਰਾਂ ਸ਼ੋਰਾਂ ਨਾਲ ਆਪਣਾ ਕੰਮ ਕਰਦੇ ਆ ਰਹੇ ਹਾਂ। ਇਸ ਤੋਂ ਇਲਾਵਾ ਗੋਪਾਲ ਸ਼ਰਮਾ ਨੇ ਪੱਤਰਕਾਰੀ ਦੇ ਖੇਤਰ ਵਿੱਚ ਵੀ ਜਿੱਥੇ ਇੱਕ ਸਵਤੰਤਰ ਪੱਤਰਕਾਰ ਦੇ ਰੂਪ ਵਿੱਚ ਪਿਛਲੇ 35 ਸਾਲਾਂ ਤੋਂ ਲਗਾਤਾਰ ਕੰਮ ਕੀਤਾ ਹੈ। ਇਸ ਮੌਕੇ ਉੱਤੇ ਡਾ. ਧਰਮਿੰਦਰ ਸੰਧੂ ਨੇ ਗੋਪਾਲ ਸ਼ਰਮਾ ਦੀਆਂ ਰੰਗ ਮੰਚ ਦੀਆਂ ਪ੍ਰਾਪਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਸਮਾਗਮ ਵਿੱਚ ਰਕੇਸ਼ ਠਾਕੁਰ ਡਾਇਰੈਕਟਰ, ਸੱਜੇ ਗੋਇਲ ਚੇਅਰਮੈਨ, ਆਰਕੀਟੈਕਟ ਐਲ ਆਰ ਗੁਪਤਾ, ਭੁਪਿੰਦਰ ਸਿੰਘ, ਜਸ ਧਨੋਆ , ਬੀਰ ਚੰਦ ਖੁਰਮੀ, ਸੌਰਵ ਜੈਨ ਇੰਜੀਨੀਅਰ ਨਰਿੰਦਰ ਸਿੰਘ, ਬੀ ਡੀ ਜੁਨੇਜਾ , ਰਾਜੀਵ ਗੋਇਲ, ਡਾ. ਰਜਨੀਸ਼ ਗੁਪਤਾ, ਕੁਲਵਿੰਦਰ ਕੰਚਨ, ਮੈਡਮ ਜੈਸਮੀਨ ਆਦਿ ਹਾਜ਼ਰ ਸਨ।

# ਵਿਜੀਲੈਂਸ ਵੱਲੋਂ ਲਾਈਨਮੈਨ 12 ਹਜ਼ਾਰ ਰਿਸ਼ਵਤ ਲੈਂਦਾ ਕਾਬੂ

ਸਮਾਣਾ, 5 ਜੂਨ (ਵਿਜੇ ਕੁਮਾਰ) :ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਰੋਕੂ ਮੁਹਿੰਮ ਤਹਿਤ ਵਿਜੀਲੈਂਸ ਬਿਊਰੋ ਦੀ ਮੋਹਾਲੀ ਟੀਮ ਨੇ ਸਥਾਨਕ ਬਿਜਲੀ ਬੋਰਡ ਦੇ ਦਫ਼ਤਰ ਵਿੱਚ ਸ਼ਿਕਾਇਤ ਦੇ ਅਧਾਰ 'ਤੇ ਛਾਪੇਮਾਰੀ ਕਰਦਿਆਂ ਵਿਭਾਗ ਦੇ ਲਾਈਨਮੈਨ ਨੂੰ ਇੱਕ ਵਿਅਕਤੀ ਦੇ ਖੇਤ ਵਿੱਚ ਨਵਾਂ ਟ੍ਰਾਂਸਫਾਰਮਰ ਲਾਉਣ ਬਦਲੇ 12 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਕਕਰਾਲਾ ਦੇ ਇੱਕ ਕਿਸਾਨ ਗੁਰਤੇਜ ਸਿੰਘ ਨੇ ਬੀਤੇ ਦਿਨੀਂ ਇਲਾਕੇ ਵਿੱਚ ਆਈ ਤੇਜ਼ ਹਨੇਰੀ ਝੱਖੜ ਕਾਰਨ ਬਿਜਲੀ ਦੇ ਡਿੱਗੇ ਖੰਭੇ ਤੇ ਹੋਏ ਹੋਰ ਨੁਕਸਾਨ ਬਾਰੇ ਬਿਜਲੀ ਬੋਰਡ ਅਧਿਕਾਰੀਆਂ ਨੂੰ ਠੀਕ ਕਰਵਾਉਣ ਸਬੰਧੀ ਦਰਖ਼ਾਸਤ ਦਿੱਤੀ ਸੀ ਤੇ ਸਬੰਧਤ ਮਹਿਕਮੇ ਦੇ ਲਾਈਨਮੈਨ ਹਰਜਿੰਦਰ ਸਿੰਘ ਨੇ ਕੰਮ ਕਰਨ ਬਦਲੇ ਸ਼ਿਕਾਇਤ ਕਰਤਾ ਪਾਸੋਂ ਪੈਸਿਆਂ ਦੀ ਮੰਗ ਕੀਤੀ ਸੀ। ਉਸ ਵੱਲੋਂ ਪੈਸੇ ਨਾ ਦੇਣ ਦੀ ਅਸਮਰੱਥਾ ਜਾਹਿਰ ਕੀਤੀ ਜਾ ਰਹੀ ਸੀ ਜਿਸ ਕਰਕੇ ਉਸ ਦਾ ਕੰਮ ਨਹੀ ਕੀਤਾ ਜਾ ਰਿਹਾ ਸੀ ਜਿਸ ਤੋਂ ਦੁਖੀ ਹੋ ਕੇ ਉਸ ਨੇ ਵਿਜੀਲੈਂਸ ਵਿਭਾਗ ਨਾਲ ਸੰਪਰਕ ਕੀਤਾ ਜਿਸ ਤੇ ਕਾਰਵਾਈ ਕਰਦਿਆਂ ਵਿਜੀਲੈਂਸ ਦੀ ਟੀਮ ਨੇ ਬੁੱਧਵਾਰ ਬਾਅਦ ਦੁਪਹਿਰ ਉਕਤ ਲਾਇਨਮੈਨ ਨੂੰ 12 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ। ਇਸ ਮਾਮਲੇ ਬਾਰੇ ਬਿਜਲੀ ਵਿਭਾਗ ਸਮਾਣਾ ਦੇ ਕਾਰਜਕਾਰੀ ਇੰਜੀਨੀਅਰ ਕਨਵਰਦੀਪ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਿਜੀਲੈਂਸ ਦੀ ਟੀਮ ਨੇ ਛਾਪੇਮਾਰੀ ਕੀਤੀ ਸੀ ਤੇ ਮੁਲਾਜ਼ਮ ਨੂੰ ਆਪਣੇ ਨਾਲ ਲੈ ਗਏ।

# ਮਾਨ ਸਰਕਾਰ ਦੀ ਸੁਹਿਰਦਤਾ ਨਾਲ ਛੋਟੇ ਵਪਾਰੀਆਂ ਲਈ ਵਪਾਰ ਕਰਨਾ ਹੋਇਆ ਆਸਾਨ : ਗੁਰਲਾਲ ਘਨੌਰ

ਘਨੌਰ, 5 ਜੂਨ (ਮਦਨ ਲਾਲ): ਪੰਜਾਬ ਵਿੱਚ ਛੋਟੇ ਵਪਾਰੀਆਂ ਲਈ ਵਪਾਰਕ ਮਾਹੌਲ ਹੋਰ ਵੀ ਆਸਾਨ ਅਤੇ ਉਤਸ਼ਾਹਜਨਕ ਬਣਾਉਣ ਵੱਲ ਇੱਕ ਹੋਰ ਵੱਡਾ ਕਦਮ ਚੁੱਕਦਿਆਂ, ਸੂਬਾ ਸਰਕਾਰ ਨੇ ਇੰਪੈਕਟਰੀ ਰਾਜ ਨੂੰ ਖ਼ਤਮ ਕਰ ਦਿੱਤਾ ਹੈ। ਇਸ ਇਤਿਹਾਸਿਕ ਫੈਸਲੇ ਦਾ ਲਾਭ ਉਨ੍ਹਾਂ ਦੁਕਾਨਾਂ ਅਤੇ ਵਪਾਰਕ ਸੰਸਥਾਵਾਂ ਨੂੰ ਮਿਲੇਗਾ ਜਿੱਥੇ 20 ਤੋਂ ਘੱਟ ਕਰਮਚਾਰੀ ਕੰਮ ਕਰਦੇ ਹਨ। ਹੁਣ ਇਨ੍ਹਾਂ ਉੱਤੇ ਲੇਬਰ ਕਾਨੂੰਨਾਂ ਦੀ ਪਾਬੰਦੀ ਲਾਗੂ ਨਹੀਂ ਹੋਵੇਗੀ। ਇਸ ਨੂੰ ਲੈ ਕੇ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਤੇ ਹਲਕਾ ਘਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦਸ਼ੀ ਅਤੇ ਲੋਕ ਹਿਤੈਸ਼ੀ ਸੋਚ ਸਦਕਾ ਸੂਬੇ ਦੇ ਲੱਖਾਂ ਛੋਟੇ ਵਪਾਰੀ ਵਰਗ ਨੂੰ ਵੱਡੀ ਰਾਹਤ ਮਿਲੇਗੀ। ਵਿਧਾਇਕ ਗੁਰਲਾਲ ਘਨੌਰ ਵੱਲੋਂ ਅੱਜ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਹਲਕੇ ਦੇ ਵੱਖ-ਵੱਖ ਪਿੰਡਾ ਖੰਡੋਲੀ, ਭਦਕ, ਗਾਜੀਪੁਰ , ਸਨੋਲੀਆ, ਕਾਮੀ



ਕਲਾਂ, ਕੁੱਥਾਖੇੜੀ, ਹਰਪਾਲਪੁਰ ਸਮੇਤ ਕਰੀਬ ਇਕ ਦਰਜ਼ਨ ਪਿੰਡਾਂ 'ਚ ਜਨ ਸਭਾਵਾਂ ਨੂੰ ਸੰਬੋਧਨ ਕਰਦੇ ਹੋਏ ਨਸ਼ਾ ਸੇਵਣ ਕਰਨ ਅਤੇ ਤਸਕਰਾਂ ਦੇ ਖਿਲਾਫ ਚੁੰਹ ਚੁਕਵਾਈ। ਵਿਧਾਇਕਗੁਰਲਾਲ ਘਨੌਰ ਨੇ ਕਿਹਾ ਕਿ ਲੇਬਰ ਕਾਨੂੰਨਾਂ ਦੇ ਭਾਰੀ-ਭਰਕਮ ਢਾਂਚੇ ਹੇਠ ਛੋਟੇ ਵਪਾਰੀ ਲੰਮੇ ਸਮੇਂ ਤੋਂ ਪ੍ਰੇਸ਼ਾਨ ਸੀ। ਭਗਵੰਤ ਮਾਨ ਸਰਕਾਰ ਨੇ ਵਪਾਰੀ ਵਰਗ ਦੀ ਸਦਾ ਸੁਣੀ ਹੈ ਅਤੇ ਅਜੇ ਵੀ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਦਿਆਂ ਨਵੀਆ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਇੰਚਾਰਜ ਸਵਰਨ ਸਿੰਘ, ਸਰਪੰਚ ਇੰਦਰਜੀਤ ਸਿੰਘ ਸਿਆਲੂ, ਬਲਾਕ ਪ੍ਰਧਾਨ ਅਸ਼ਵਨੀ ਸ਼ਰਮਾ, ਸਰਪੰਚ ਦਵਿੰਦਰ ਸਿੰਘ ਭੰਗੂ, ਸਰਪੰਚ ਮੋਦਾ ਕਾਮੀ, ਸਰਪੰਚ ਡਿੰਪਲ ਖੰਡੋਲੀ, ਸਰਪੰਚ ਪਿੰਦਰ ਬਘੌਰਾ, ਰਾਜਿੰਦਰ ਸਿੰਘ ਹਰਪਾਲਪੁਰ ਮੌਜੂਦ ਸਨ।

# ਮਾਡਲ ਸਕੂਲ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ

ਪਟਿਆਲਾ, 5 ਜੂਨ (ਚ.ਨ.ਸ.) : ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਚੱਲ ਰਹੀਆਂ ਗਰਮੀਆਂ ਦੀਆਂ ਛੁੱਟੀਆਂ ਦੇ ਬਾਵਜੂਦ ਸਕੂਲ ਵਿੱਚ ਮੌਜੂਦਾ ਇੰਚਾਰਜ ਸਤਵੀਰ ਸਿੰਘ ਗਿੱਲ ਅਤੇ ਸਟਾਫ ਵੱਲੋਂ ਸਕੂਲ ਵਿੱਚ ਇੱਕਠੇ ਹੋ ਕੇ ਰੁੱਖ ਲਗਾਏ। ਸਕੂਲ ਇੰਚਾਰਜ ਵੱਲੋਂ ਦੱਸਿਆ ਗਿਆ ਕਿ ਵਾਤਾਵਰਨ ਦਾ ਵਿਗੜਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇੰਚਾਰਜ ਸਕੂਲ ਵੱਲੋਂ ਇਹ ਵੀ ਅਪੀਲ ਕੀਤੀ ਕਿ ਅੱਜਦੇ ਮਹਿੰਗਾਈ ਦੇ ਯੁੱਗ ਵਿੱਚ ਜਿੱਥੇ ਹਰ ਕੋਈ ਆਪਣੇ ਪਰਿਵਾਰ ਲਈ ਫਲ-ਫਰੂਟ ਨਹੀਂ ਖਰੀਦ ਸਕਦਾ ਤਾਂ ਹਰ ਇੱਕ ਨੂੰ ਜ਼ਿਆਦਾ ਤੋਂ ਜ਼ਿਆਦਾ ਫਲ ਵਾਲੇ ਬੂਟੇ ਲਗਾਉਣੇ ਚਾਹੀਦੇ ਹਨ।



# ਫੌਇਲ ਪੇਪਰ ਤੇ ਲਾਈਟਰ ਸਮੇਤ ਕਾਬੂ

ਪਟਿਆਲਾ, 5 ਜੂਨ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਵਰੁਣ ਬੱਸੀ ਪੁੱਤਰ ਨਰੇਸ਼ ਕੁਮਾਰ ਵਾਸੀ ਸੂਦਾਂ ਵਾਲਾ ਮੁਹੱਲਾ ਟੀ.ਬੀ ਹਸਪਤਾਲ ਰੋਡ ਪਟਿਆਲਾ ਵਿਰੁੱਧ ਧਾਰਾ 27,61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਟੀ.ਬੀ ਹਸਪਤਾਲ ਬੈਕਸਾਇਡ ਮੌਜੂਦ ਸੀ, ਜੋ ਦੇਖਿਆ ਕਿ ਉਕਤ ਦੋਸ਼ੀ ਨਸ਼ੇ ਦਾ ਸੇਵਨ ਕਰ ਰਿਹਾ ਸੀ, ਜੋ ਦੋਸ਼ੀ ਨੂੰ ਕਾਬੂ ਕਰਕੇ ਐਲੂਮੀਨੀਅਮ ਫੋਇਲ ਪੇਪਰ ਅਤੇ ਲਾਇਟਰ ਬ੍ਰਾਮਦ ਹੋਇਆ।

# ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਵਿਦਿਆਰਥੀਆਂ ਨੇ ਰੁੱਖ ਲਗਾ ਕੇ ਦਿੱਤਾ ਵਾਤਾਵਰਨ ਬਚਾਉਣ ਦਾ ਸੰਦੇਸ਼

## ਰੈੱਡ ਰਿਬਨ ਕਲੱਬ ਨੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ

ਦੇਵਗੜ੍ਹ, 5 ਜੂਨ (ਗੁਰਜੀਤ ਸਿੰਘ ਢੋਟ) : ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਇੰਚਾਰਜ ਡਾ. ਮਨਪ੍ਰੀਤ ਕੌਰ ਸੋਢੀ ਦੀ ਅਗਵਾਈ ਹੇਠ ਰੈੱਡ ਰਿਬਨ ਕਲੱਬ ਦੇ ਨੋਡਲ ਅਫਸਰ ਡਾ. ਤੇਜਿੰਦਰ ਪਾਲ ਸਿੰਘ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਇੰਚਾਰਜ ਡਾ. ਮਨਪ੍ਰੀਤ ਕੌਰ ਸੋਢੀ ਦੁਆਰਾ ਰੁੱਖ ਲਗਾ ਕੇ ਕੀਤੀ ਗਈ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਰਾਖੀ ਸਿਰਫ਼ ਇੱਕ ਦਿਨ ਦੀ ਗੱਲ ਨਹੀਂ, ਸਗੋਂ ਹਰ ਰੋਜ਼ ਦੀ ਜ਼ਿੰਮੇਵਾਰੀ ਹੈ। ਇਸ ਮੌਕੇ 'ਤੇ ਰੈੱਡ ਰਿਬਨ ਕਲੱਬ ਦੇ ਨੋਡਲ ਅਫ਼ਸਰ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਪੋਸਟਰ ਮੇਕਿੰਗ ਅਤੇ ਲੇਖ ਲਿਖਣ ਦੇ ਮੁਕਾਬਲਿਆਂ ਰਾਹੀਂ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ, ਸਿੱਖ ਧਰਮ ਕੁਦਰਤ ਨਾਲ ਭਰਪੂਰ ਸਾਂਝ ਅਤੇ ਤਾਲਮੇਲ ਰਖਣਾ ਸਿਖਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਹਵਾ, ਪਾਣੀ ਤੇ ਧਰਤੀ ਸਾਡੇ ਰੂਹਾਨੀ ਮਾਪੇ ਹਨ। ਸਿੱਖੀ ਸਾਨੂੰ ਸਿਖਾਉਂਦੀ ਹੈ ਕਿ ਕੁਦਰਤ ਦੇ ਨਾਲ ਵਿਗਾੜ ਨਹੀਂ, ਸੰਜੋਗ ਬਣਾਇਆ ਜਾਵੇ। ਅੱਜ ਜਦੋਂ ਦੁਨੀਆ ਵਾਤਾਵਰਣੀ ਸੰਕਟਾਂ ਨਾਲ ਘਿਰੀ ਹੋਈ ਹੈ, ਤਦੋਂ ਸਾਨੂੰ ਗੁਰਬਾਣੀ ਰਾਹੀਂ ਦੁਬਾਰਾ ਕੁਦਰਤ ਨਾਲ ਸਾਂਝ ਜੋੜਣੀ ਚਾਹੀਦੀ ਹੈ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸਿਸਟੈਂਟ ਪ੍ਰੋਫੈਸਰ ਇੰਦਰਜੀਤ ਸਿੰਘ, ਸ੍ਰੀਮਤੀ ਰੁਪਿੰਦਰ ਕੌਰ, ਸੁਖਜੀਤ ਕੌਰ, ਜਸਵੀਰ ਸਿੰਘ ਅਤੇ ਸਿਮਰ ਸਿੰਘ ਹਾਜ਼ਰ ਸਨ।



# ਵਾਤਾਵਰਨ ਨੂੰ ਬਚਾਅ ਕੇ ਅਸੀਂ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਵਾਂਗੇ : ਚੇਅਰਮੈਨ ਬਾਂਸਲ



ਨਾਭਾ, 5 ਜੂਨ( ਬਲਜਿੰਦਰ ਮਾਨ) : ਜੀ ਬੀ ਇੰਟਰਨੈਸ਼ਨਲ ਸਕੂਲ, ਨਾਭਾ ਵਿਖੇ ਮਾਣਯੋਗ ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਵੱਲੋਂ ਵਾਤਾਵਰਨ ਸੁਰੱਖਿਆ ਲਈ ਚਲਾਈ ਜਾ ਰਹੀ 'ਏਕ ਪੇੜ ਮਾਂ ਕੇ ਨਾਮ 2.0' ਮੁਹਿੰਮ ਨੂੰ ਉਤਸ਼ਾਹਿਤ ਕਰਦੇ ਹੋਏ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਸਕੂਲ ਚੇਅਰਮੈਨ ਸੰਦੀਪ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੁੱਖ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸੰਦੀਪ ਬਾਂਸਲ ਦੇ ਅਨੁਸਾਰ ਵਾਤਾਵਰਣ ਦੀ ਸੁਰੱਖਿਆ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਉੱਥੇ ਮੌਜੂਦ ਸਭ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਕੁਦਰਤ ਅਤੇ ਵਾਤਾਵਰਨ ਨਾਲ ਖੇਡਣਾ ਸਾਰੇ ਜੀਵਾਂ ਦੇ ਜੀਵਨ ਵਿੱਚ ਅਣਕਿਆਸੀਆਂ ਆਫ਼ਤਾਂ ਨੂੰ ਸੱਦਾ ਦੇ ਰਿਹਾ ਹੈ। ਇਸ ਲਈ, ਮਨੁੱਖੀ ਸਮਾਜ ਦੀ ਕਲਪਨਾ ਇੱਕ ਸਾਫ਼ ਅਤੇ ਸਿਹਤਮੰਦ ਵਾਤਾਵਰਨ ਤੋਂ ਬਿਨਾਂ ਅਧੂਰੀ ਹੈ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਵਿਕਲਪ ਚੁਣਨੇ ਚਾਹੀਦੇ ਹਨ, ਜੋ ਧਰਤੀ ਨੂੰ ਨੁਕਸਾਨ ਪਹੁੰਚਾਉਣ ਦੀ ਬਜਾਏ ਲਾਭ ਪਹੁੰਚਾਉਣ।

# ਨਸ਼ਿਆਂ ਦੀ ਦਲਦਲ 'ਚ ਫ਼ਸ ਚੁੱਕੇ ਨੌਜਵਾਨਾਂ ਨੂੰ ਬਾਹਰ ਕੱਢਣ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ: ਜਸਵੰਤ ਕੁਮਾਰ, ਭਲਵਾਨ




ਪਟਿਆਲਾ, 5 ਜੂਨ (ਚ.ਨ.ਸ.) : ਸਾਂਝ ਕੇਂਦਰ ਸਿਟੀ-2 ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਅਤੇ ਉੱਚ ਅਧਿਕਾਰੀਆਂ ਅਗਵਾਈ ਹੇਠ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ 'ਸੰਪਰਕ ਪ੍ਰੋਜੈਕਟ' ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਸਲੱਮ ਏਰੀਏ ਬਾਰਨ ਵਿਖੇ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਐਸ.ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨਸ਼ਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ ਆਈ ਜਸਵੰਤ ਕੁਮਾਰ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਲੱਮ ਏਰੀਏ ਵਿੱਚ, ਸਕੂਲ ਪੱਧਰ ਤੇ ਬੱਚਿਆਂ, ਸਕੂਲ ਦੇ ਸਟਾਫ ਅਤੇ ਮਾਪਿਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਉਹਨਾਂ ਕਿਹਾ ਕਿ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਰੈਲੀਆਂ, ਨੁੱਕੜ ਨਾਟਕ, ਸੈਮੀਨਾਰ, ਵਿਚਾਰ ਚਰਚਾ ਆਦਿ ਲੜੀਵਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ ਅਤੇ ਭਰਪੂਰ ਸਹਿਯੋਗ ਦਿੱਤਾ ਜਾਵੇਗਾ ।

# ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸ਼ਹਿਰ 'ਚ 51 ਬੂਟੇ ਲਗਾਏ




ਘਨੌਰ 5 ਜੂਨ (ਮਦਨ ਲਾਲ) : ਨਗਰ ਪੰਚਾਇਤ ਘਨੌਰ ਵੱਲੋਂ ਕੌਮੀ ਵਾਤਾਵਰਣ ਦਿਵਸ ਮੌਕੇ ਸਰਕਾਰ ਦੀਆਂ ਹਦਾਇਤਾ ਅਨੁਸਾਰ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਸ਼੍ਰੀਮਤੀ ਮਨਦੀਪ ਕੌਰ, ਪ੍ਰਧਾਨ ਨਗਰ ਪੰਚਾਇਤ ਘਨੌਰ ਅਤੇ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਘਨੌਰ ਦੀ ਰਹਿਨਮਾਈ ਹੇਠ ਸ਼ਹਿਰ ਦੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਸ਼ਹਿਰ ਵਿੱਚ ਵੱਖ ਵੱਖ ਥਾਵਾਂ ਤੇ 51 ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ ।ਮਨਦੀਪ ਕੌਰ ਨੇ ਇੱਕ ਰੁੱਖ ਸੌ ਸੁੱਖ ਦੀ ਉਦਾਰਣ ਦਿੰਦਿਆਂ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਹਰਾ ਭਰਾ ਬਣਾਉਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਪੰਮਾ, ਵਾਈਸ ਪ੍ਰਧਾਨ ਰਵੀ ਕੁਮਾਰ, ਐਮ ਸੀ ਗੁਰਵਿੰਦਰ ਸਿੰਘ ਕਾਲਾ, ਪ੍ਰਿਤਪਾਲ ਸ਼ਰਮਾ, ਹਰਪ੍ਰੀਤ ਸਿੰਘ, ਮੱਖਣ ਖਾਨ, ਗੱਬਰ ਸਿੰਘ, ਸਿੰਦਰ ਤੁਲੀ ਹਾਜ਼ਰ ਸਨ।

# ਵਾਤਾਵਰਨ ਲਈ ਜਾਗਰੂਕ ਹੋਣਾ ਅੱਜ ਦੇ ਸਮੇਂ ਦੀ ਲੋੜ : ਨਾਰੰਗ

ਪਟਿਆਲਾ, 5 ਜੂਨ (ਚ.ਨ.ਸ.) :ਅੱਜ ਵਿਸ਼ਵ ਵਾਤਾਵਰਨ ਦਿਵਸ ਮੌਕੇ ਨਾਭਾ ਪਾਵਰ ਲਿਮਿਟਡ ਰਾਜਪੁਰਾ ਵੱਲੋਂ ਇੱਕ ਸਾਈਕਲ ਮੈਰਾਥਨ ਦਾ ਆਯੋਜਨ ਪਿੰਡ ਧੂੰਮਾ ਵਿਖੇ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਨਾਭਾ ਪਾਵਰ ਲਿਮਿਟਡ ਦੇ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਅਤੇ ਇਸ ਮੌਕੇ ਸ. ਨਾਰੰਗ ਨੇ ਬੋਲਦਿਆ ਕਿਹਾ ਕਿ ਅੱਜ ਵਿਸ਼ਵ ਪੱਧਰ 'ਤੇ ਹਰ ਇਨਸਾਨ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਵਿਸ਼ਵ ਵਾਤਾਵਰਨ ਦਿਵਸ ਦੀ ਮਹੱਤਤਾ ਬਾਰੇ ਦਸਦਿਆਂ ਉਹਨਾਂ ਕਿਹਾ ਕਿ ਵਿਸ਼ਵ ਵਾਤਾਵਰਣ ਦਿਵਸ, ਸੰਯੁਕਤ ਰਾਸ਼ਟਰ ਦਾ ਵਿਸ਼ਵ ਭਰ ਵਿੱਚ ਵਾਤਾਵਰਣ ਸੰਬੰਧੀ ਮੁੱਦਿਆਂ ਤੇ ਜਾਗਰੂਕਤਾ ਪੈਦਾ ਕਰਨ ਅਤੇ ਇਸਦੇ ਲਈ ਚੁੱਕੇ ਜਾਣ ਵਾਲੇ ਜਰੂਰੀ ਕਦਮਾਂ ਨੂੰ ਅੱਗੇ ਵਧਾਉਣ ਲਈ ਇੱਕ ਪ੍ਰਮੁੱਖ ਦਿਨ ਹੈ। ਇਸ ਸਾਈਕਲ ਰੈਲੀ



ਵਿੱਚ ਬੱਚਿਆ ਦੀ ਭਾਰੀ ਸ਼ਮੂਲੀਅਤ ਨੂੰ ਦੇਖਦੇ ਹੋਏ ਉਹਨਾਂ ਨੇ ਕਿਹਾ ਕਿ ਬੱਚੇ ਸਿਰਫ਼ ਕੱਲ੍ਹ ਦੇ ਆਗੂ ਨਹੀਂ ਹਨ , ਉਹ ਭਵਿੱਖ ਵਿੱਚ ਬਦਲਾਅ ਲਿਆਉਣ ਵਾਲੇ ਹਨ। ਕਾਰਾਂ ਜਾਂ ਮੋਟਰਸਾਈਕਲਾਂ ਦੇ ਉਲਟ, ਸਾਈਕਲ ਜ਼ੀਰੋ ਪ੍ਰਦੂਸ਼ਣ ਪੈਦਾ ਕਰਦੇ ਹਨ ਇਸ ਲਈ ਸਾਈਕਲ ਨੂੰ ਜਿੰਨਾ ਹੋ ਸਕੇ ਆਪਣੀ ਰੋਜ਼ ਮਰਾਹ ਦੀ ਜ਼ਿੰਦਗੀ ਵਿੱਚ ਆਣ ਜਾਣ ਦੇ ਸਾਧਨ ਲਈ ਵਰਤਣਾ ਚਾਹੀਦਾ ਹੈ। ਇਹ ਸਾਈਕਲ ਮੈਰਾਥਨ ਦੌਰਾਨ ਪਿੰਡ ਧੂੰਮਾ ਦੇ ਸਰਪੰਚ ਅਤੇ ਮੈਂਬਰ ਪੰਚਾਇਤ, ਸਰਕਾਰੀ ਹਾਈ ਸਕੂਲ ਧੂੰਮਾਂ ਦੇ ਸਪੋਰਟਸ ਸਟਾਫ਼ ਅਤੇ ਪਿੰਡ ਸਧਰੋਰ , ਕੋਟਲਾ, ਮਾਜਰੀ, ਉਰਨਾ ਅਤੇ ਖਰੋਲਾ ਤੋਂ ਸਰਪੰਚ ਸਾਹਿਬਾਨ ਤੋਂ ਇਲਾਵਾ ਇਲਾਕੇ ਦੇ ਅਗਾਂਹ ਵਾਧੂ ਨੌਜਵਾਨ ਅਤੇ ਐਨ ਪੀ ਐਲ ਦੇ ਸੀਨੀਅਰ ਅਫ਼ਸਰ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਜ਼ਿਲ੍ਹਾ ਪ੍ਰਸ਼ਾਸਨ ਨੇ ਪਟਿਆਲਾ ਜ਼ਿਲ੍ਹੇ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ

### ਬੂਟੇ ਲਗਾਉਣੇ ਹੀ ਜ਼ਰੂਰੀ ਨਹੀਂ ਬਲਕਿ ਸੰਭਾਲਣੇ ਅਤਿ ਜ਼ਰੂਰੀ : ਡਾ. ਪ੍ਰੀਤੀ ਯਾਦਵ

ਪਟਿਆਲਾ, 5 ਜੂਨ (ਰੁਪਾਣਾ) : ਅੱਜ ਵਿਸ਼ਵ ਵਾਤਾਵਰਣ ਦਿਵਸ 2025 ਮਨਾਉਂਦਿਆਂ ਜ਼ਿਲ੍ਹਾ ਪਟਿਆਲਾ ਦੇ ਸਾਰੇ 10 ਬਲਾਕਾਂ ਦੇ ਪਿੰਡਾਂ ਵਿੱਚ ਉਤਸ਼ਾਹ ਨਾਲ ਹਰੇਕ ਪਿੰਡ ਵਿੱਚ ਸਾਂਝਾ ਜਲ ਤਾਲਾਬਾਂ ਦੇ ਆਲੇ-ਦੁਆਲੇ ਪੌਦੇ ਲਗਾਏ ਗਏ।ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਸਥਾਨਕ ਵਸਨੀਕਾਂ, ਖਾਸ ਕਰਕੇ ਔਰਤਾਂ, ਗੈਰ-ਸਰਕਾਰੀ ਸੰਗਠਨਾਂ, ਪੰਚਾਂ, ਸਰਪੰਚਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਬਲਾਕ-ਪੱਧਰੀ ਸਟਾਫ਼ ਸਮੇਤ ਉਤਸ਼ਾਹੀ ਭਾਈਚਾਰਕ ਭਾਗੀਦਾਰੀ ਦੇਖਣ ਨੂੰ ਮਿਲੀ।ਡਿਪਟੀ ਕਮਿਸ਼ਨਰ ਡਾ. ਯਾਦਵ ਨੇ ਦੱਸਿਆ ਕਿ ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ, ਅਮਰਿੰਦਰ ਸਿੰਘ ਟਿਵਾਣਾ ਅਤੇ ਨਵਰੀਤ ਕੌਰ ਸੇਖੋਂ ਦੇ ਨਾਲ-ਨਾਲ ਸਾਰੇ ਐਸਡੀਐਮਜ, ਜੰਗਲਾਤ ਵਿਭਾਗ ਦੇ ਅਧਿਕਾਰੀ ਅਤੇ ਬੀਡੀਪੀਓਜ਼ ਨੇ ਆਪਣੇ-ਆਪਣੇ ਅਧਿਕਾਰ ਖੇਤਰ ਦੇ ਵੱਖ-ਵੱਖ ਪਿੰਡਾਂ



ਵਿੱਚ ਬੂਟੇ ਲਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ, ਜ਼ਿਲ੍ਹਾ ਪ੍ਰਸ਼ਾਸਨ ਨੇ ਦਿਨ ਭਰ ਵੱਖ-ਵੱਖ ਦੇਸੀ ਰੁੱਖਾਂ ਦੀਆਂ ਕਿਸਮਾਂ ਦੇ ਪੌਦੇ ਲਗਾਏ।ਹਰੇਕ ਸਮਾਗਮ ਦੇ ਅਧਿਕਾਰੀਆਂ ਨੇ ਵਸਨੀਕਾਂ ਨੂੰ ਆਪਣੇ ਪਿੰਡਾਂ ਵਿੱਚ ਨਾ ਸਿਰਫ਼ ਰੁੱਖ ਲਗਾਉਣ ਸਗੋਂ ਉਨ੍ਹਾਂ ਦੀ ਦੇਖਭਾਲ ਕਰਨ ਲਈ ਵੀ ਉਤਸ਼ਾਹਿਤ ਕੀਤਾ।ਉਨ੍ਹਾਂ ਕਿਹਾ ਕਿ ਬੂਟੇ ਲਾਉਣੇ ਹੀ ਜ਼ਰੂਰੀ ਨਹੀਂ ਬਲਕਿ ਸੰਭਾਲਣੇ ਵੀ ਅਤਿ ਜ਼ਰੂਰੀ ਹਨ। ਸਵੱਛ ਭਾਰਤ ਮਿਸ਼ਨ ਦੇ ਅਨੁਸਾਰ ਵਿੱਚ ਸਾਫ਼ ਅਤੇ ਟਿਕਾਊ ਜੀਵਨ ਸ਼ੈਲੀ ਅਪਣਾਉਣ ਦੀ ਮਹੱਤਤਾ ਬਾਰੇ ਵੀ ਭਾਈਚਾਰੇ ਨੂੰ ਜਾਗਰੂਕ ਕੀਤਾ ਗਿਆ। ਬੁਲਾਰਿਆਂ ਨੇ ਰਹਿੰਦ-ਖੂੰਹਦ ਦੇ ਉਤਪਾਦਨ ਨੂੰ ਘੱਟ ਤੋਂ ਘੱਟ ਕਰਨ, ਨਿਪਟਾਰੇ ਤੋਂ ਪਹਿਲਾਂ ਰਹਿੰਦ-ਖੂੰਹਦ ਨੂੰ ਵੱਖ ਕਰਨ, ਭੂਮੀਗਤ ਪਾਣੀ ਦੀ ਸੰਭਾਲ ਕਰਨ ਅਤੇ ਤਾਜ਼ੇ ਪਾਣੀ ਦੀ ਬਰਬਾਦੀ ਨੂੰ ਘਟਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਏਡੀਸੀ (ਪੇਂਡੂ ਵਿਕਾਸ) ਅਮਰਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਨਿੱਘਾ ਸਵਾਗਤ ਕੀਤਾ ਗਿਆ, ਭਾਗੀਦਾਰਾਂ ਨੇ ਵਾਤਾਵਰਣ ਦੀ ਰੱਖਿਆ ਲਈ ਮਿਸ਼ਨ ਵਿੱਚ ਸਰਗਰਮ ਹਿੱਸੇਦਾਰ ਬਣਨ ਲਈ ਆਪਣਾ ਨਿਰੰਤਰ ਸਮਰਥਨ ਦੇਣ ਦਾ ਵਾਅਦਾ ਕੀਤਾ।

## ਮੰਗਾਂ ਨਾ ਮੰਨਣ ਕਾਰਨ ਫਰਦ ਕੇਂਦਰਾਂ 'ਚ ਅਣਮਿੱਥੇ ਸਮੇਂ ਲਈ ਹੜਤਾਲ



ਪਟਿਆਲਾ, 5 ਜੂਨ (ਰੁਪਾਣਾ) : ਪੰਜਾਬ ਦੇ ਫਰਦ ਕੇਂਦਰ ਅੰਦਰ ਦੋ ਦਿਨਾਂ ਤੋਂ ਲੋਕਾਂ ਨੂੰ ਫਰਦਾਂ ਨਾ ਮਿਲਣ ਕਰਕੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਜਿਸ ਦੇ ਚਲਦੇ ਲੋਕਾਂ ਦੇ ਜ਼ਰੂਰੀ ਕੰਮ ਵੀ ਨਹੀ ਹੋ ਰਹੇ ਹਨ, ਜਦੋਂਕਿ ਫਰਦ ਕੇਂਦਰ ਅੰਦਰ ਕੰਮ ਕਰਦੇ ਕਰਮਚਾਰੀਆਂ ਨੂੰ ਸਮੇਂ-ਸਿਰ ਤਨਖਾਹ ਤੇ ਮਹਿੰਗਾਈ ਭੱਤਾ ਵਿੱਚ ਵਾਧਾ ਨਾ ਹੋਣ ਤੇ ਪਿਛਲੇ 6 ਮਹੀਨੇ ਅੰਦਰ ਦੂਸਰੀ ਵਾਰੀ ਸਮੂਹ ਪੰਜਾਬ ਫਰਦ ਕੇਂਦਰ ਦੇ ਕਰਮਚਾਰੀਆਂ ਨੇ ਅਣ ਮਿੱਥੇ ਸਮੇਂ ਲਈ ਹੜਤਾਲ ਕਰ ਦਿੱਤੀ ਹੈ, ਜਿਸ ਦੇ ਨਾਲ ਪੰਜਾਬ ਸਰਕਾਰ ਨੂੰ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਫਰਦਾਂ ਤੋਂ ਰੈਵੀਨਿਊ ਇੱਕਠਾ ਹੁੰਦਾ ਸੀ ਤੇ ਲੋਕਾ ਨੂੰ ਫਰਦ ਨਾ ਮਿਲਣ ਕਾਰਨ, ਜਿਸ ਤੋਂ ਲੱਖਾਂ ਰੁਪਏ ਰੈਵੀਨਿਊ ਦਾ ਵੀ ਘਾਟਾ ਪੈ ਰਿਹਾ ਹੈ ਜਿੱਥੇ ਕਿ ਅੱਜ ਅਤੇ ਕੱਲ ਬਹੁਤ ਜ਼ਿਆਦਾ ਲੋਕਾਂ ਫਰਦ ਨਾ ਮਿਲਣ ਕਾਰਨ ਕਈ ਦੇ ਬਿਆਨੇ, ਕੋਰਟ ਦੇ ਜ਼ਮਾਨਤਾਂ ਜਾਂ ਰਜਿਸਟਰੀਆਂ ਆਦਿ ਦੇ ਵਿੱਚ ਵਿਗੜ ਪਿਆ ਤੇ ਲੋਕੀ ਮਾਯੂਸ ਹੋ ਕੇ ਮੁੜਦੇ ਦੇਖੇ ਗਏ।ਭਰੋਸੇਯੋਗ ਸੂਤਰਾਂ ਤੋਂ ਜਾਣਕਾਰੀ ਮਿਲੀ ਤੇ ਪਤਾ ਲੱਗਾ ਕਿ ਪੰਜਾਬ ਸਰਕਾਰ ਵੱਡੇ-ਵੱਡੇ ਬਦਲਾਉ ਕਰਨ ਦੇ ਦਾਅਵੇ ਕਰਦੀ ਨਹੀਂ ਥਕਦੀ ਕਹਿੰਦੀ ਸੀ ਸਾਡੀ ਸਰਕਾਰ ਅੰਦਰ ਕੋਈ ਧਰਨਾ ਜਾਂ ਹੜਤਾਲ ਨਹੀਂ ਹੋਵੇਗੀ ਫਿਰ ਵੀ ਇੱਕ ਪ੍ਰਾਈਵੇਟ ਕੰਪਨੀ ਸੀ.ਐਮ.ਐਸ ਬੇਬੇ ਦੀ ਕੰਪਨੀ ਅਧੀਨ ਇਹ ਕਰਮਚਾਰੀ ਫਰਦ ਕੇਂਦਰਾਂ ਵਿੱਚ ਆਪਣੀ ਮਿਹਨਤ ਅਤੇ ਹਰ ਮਹੀਨੇ ਤਨਖਾਹ ਨਾ ਮਿਲਣ ਕਾਰਨ ਕਲਮ ਛੋੜ ਹੜਤਾਲ 'ਤੇ ਹਨ। ਇਸ ਸਬੰਧ ਵਿੱਚ ਅੱਜ ਐਸ.ਡੀ.ਐਮ., ਏ.ਡੀ.ਸੀ. ਤੇ ਤਹਿਸੀਲਦਾਰ ਪਟਿਆਲਾ ਨੂੰ ਮੰਗ ਪੱਤਰ ਦਿੱਤੇ ਗਏ।

## ਪੰਜਾਬੀ ਯੂਨੀਵਰਸਿਟੀ ਵਿਖੇ ਦੇਸੀ ਨਿੰਮ ਦਾ ਬੂਟਾ ਲਗਾ ਕੇ ਮਨਾਇਆ ਵਾਤਾਵਰਨ ਦਿਵਸ

### ਦੇਸੀ ਬਨਸਪਤੀ ਪ੍ਰਜਾਤੀਆਂ ਦਾ ਜਲਵਾਯੂ ਸੰਤੁਲਨ ਦੇ ਹਵਾਲੇ ਨਾਲ਼ ਵਿਸ਼ੇਸ਼ ਵਿਗਿਆਨਕ ਮਹੱਤਵ: ਡਾ. ਜਗਦੀਪ ਸਿੰਘ



ਪਟਿਆਲਾ, 5 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ 'ਪੰਜਾਬ ਦਾ ਵਣ-ਤ੍ਰਿਣ ਜੀਵ-ਜੰਤ ਸੰਤੁਲਨ ਮੁੜ ਬਹਾਲੀ ਕੇਂਦਰ' (ਸੈਂਟਰ ਫ਼ਾਰ ਰੀਸਟੋਰੇਸ਼ਨ ਆਫ਼ ਈਕੋਸਿਸਟਮ ਆਫ਼ ਪੰਜਾਬ) ਅਤੇ ਜੀਵ ਵਿਗਿਆਨ ਅਤੇ ਵਾਤਾਵਰਣ ਵਿਗਿਆਨ ਵਿਭਾਗ ਵੱਲੋਂ ਯੂਨੀਵਰਸਿਟੀ ਕੈਂਪਸ ਵਿੱਚ ਦੇਸੀ ਨਿੰਮ੍ਹ ਦੇ ਪੌਦੇ ਲਗਾ ਕੇ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ. ਸੰਜੀਵ ਪੁਰੀ, ਵਾਤਾਵਰਨ ਸੈੱਲ ਦੇ ਡਾਇਰੈਕਟਰ ਪ੍ਰੋ. ਹਿਮੇਂਦਰ ਭਾਰਤੀ ਅਤੇ ਹੋਰ ਅਧਿਕਾਰੀਆਂ ਨੇ ਰੁੱਖ ਲਗਾਏ। ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਇਸ ਮੌਕੇ ਕਿਹਾ ਕਿ ਮਨੁੱਖਤਾ ਦਾ ਇਹ ਫਰਜ਼ ਹੈ ਕਿ ਉਹ ਆਪਣੇ ਧਰਤੀ ਗ੍ਰਹਿ ਦੇ ਬਚਾਅ ਲਈ ਵਾਤਾਵਰਣ ਦੀ ਰੱਖਿਆ ਕਰੇ। ਦੇਸੀ ਪੌਦੇ ਲਗਾਉਣ ਬਾਰੇ ਵਿਸ਼ੇਸ਼ ਤੌਰ ਉੱਤੇ ਖੁਸ਼ੀ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਬਨਸਪਤੀ ਦੀਆਂ ਸਥਾਨਕ ਅਤੇ ਮੂਲ ਪ੍ਰਜਾਤੀਆਂ ਨੂੰ ਬਚਾ ਕੇ ਰੱਖਣਾ ਬਹੁਤ ਜ਼ਰੂਰੀ ਹੈ ਜਿਸ ਦਾ ਜਲਵਾਯੂ ਸੰਤੁਲਨ ਦੇ ਹਵਾਲੇ ਨਾਲ਼ ਵਿਸ਼ੇਸ਼ ਵਿਗਿਆਨਕ ਮਹੱਤਵ ਹੁੰਦਾ ਹੈ।ਦੇਸੀ ਰੁੱਖਾਂ ਨੂੰ ਪੰਜਾਬ ਦੀ ਵਿਰਾਸਤ ਦਾ ਹਿੱਸਾ ਦੱਸਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਇਨ੍ਹਾਂ ਵਿਰਾਸਤੀ ਰੁੱਖਾਂ ਬਾਰੇ ਗੱਲ ਚੱਲਣੀ ਇਸ ਪੱਖੋਂ ਵੀ ਅਹਿਮ ਹੈ, ਕਿਉਂਕਿ ਪੰਜਾਬੀ ਯੂਨੀਵਰਸਿਟੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਵਾਲੇ ਨਾਲ਼ ਵਿਰਾਸਤ ਦੇ ਵਿਸ਼ੇ ਉੱਤੇ ਬਹੁਤ ਸਾਰਾ ਕਾਰਜ ਕਰਦੀ ਤਹੇ। ਇਸ ਮੌਕੇ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਯੂਨੀਵਰਸਿਟੀ ਕੈਂਪਸ ਵਿਚਲੇ ਦਰਖਤਾਂ ਦੀ ਹਨ੍ਹੇਰੀ ਦੇ ਚੱਲ ਰਹੇ ਮੌਸਮ ਵਿੱਚ ਵਿਸ਼ੇਸ਼ ਦੇਖਭਾਲ਼ ਕਰਨ ਬਾਰੇ ਵੀ ਹਦਾਇਤਾਂ ਜਾਰੀ ਕੀਤੀਆਂ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਅਤੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਵੱਲੋਂ ਵੀ ਵਾਤਾਵਰਨ ਦੀ ਅਹਿਮੀਅਤ ਦੇ ਹਵਾਲੇ ਨਾਲ਼ ਗੱਲ ਕੀਤੀ ਗਈ। ਪ੍ਰੋ. ਹਿਮੇਂਦਰ ਭਾਰਤੀ ਨੇ ਕਿਹਾ ਕਿ ਮੌਜੂਦਾ ਸਮੇਂ ਵਾਤਾਵਰਨ ਸੰਕਟ ਨੂੰ ਠੀਕ ਕਰਨ ਲਈ ਸਾਨੂੰ ਜੀਵਨ ਦੇ ਹਰ ਖੇਤਰ ਵਿੱਚ ਵਾਤਾਵਰਨ ਅਨੁਕੂਲ ਪਹੁੰਚ ਅਪਨਾਉਣੀ ਚਾਹੀਦੀ ਹੈ।

## ਪਬਲਿਕ ਕਾਲਜ 'ਚ ਵਾਤਾਵਰਨ ਦਿਵਸ ਮਨਾਇਆ

ਸਮਾਣਾ, 5 ਜੂਨ (ਵਿਜੇ ਕੁਮਾਰ) : ਪਬਲਿਕ ਕਾਲਜ, ਸਮਾਣਾ ਅਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਦੇ ਐਨ.ਐਸ.ਐਸ. ਵਿਭਾਗ ਅਤੇ ਐਨ.ਸੀ.ਸੀ. ਯੂਨਿਟ ਵਲੋਂ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਵਾਤਾਵਰਣ ਦਿਵਸ ਮਨਾਇਆ ਗਿਆ, ਜਿਸ ਵਿਚ ਐਨ.ਐਸ.ਐਸ. ਵਲੰਟੀਅਰਜ਼ ਅਤੇ ਐਨ.ਸੀ.ਸੀ. ਕੈਡਿਟਸ ਨੇ ਕੈਂਪਸ ਵਿਚ ਪੌਦੇ ਲਗਾਏ ਅਤੇ ਪੰਛੀਆਂ ਲਈ ਪੀਣ ਵਾਲੇ ਪਾਣੀ ਦੇ ਮਿੱਟੀ ਵਾਲੇ ਕਟੋਰੇ ਰੱਖੇ। ਡਾ. ਹਰਕੀਰਤ ਸਿੰਘ ਨੇ ਵਲੰਟੀਅਰਜ਼ ਦੇ ਇਸ ਨੇਕ ਕਾਰਜ ਦੀ ਪ੍ਰਸ਼ੰਸਾ ਕੀਤੀ ਐਨ.ਐਸ.ਐਸ. ਵਲੰਟੀਅਰ ਮਨਬੀਰ ਕੌਰ ਨੇ ਵਾਤਾਵਰਣ ਦਿਵਸ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੌਜੂਦ ਸਟਾਫ ਅਤੇ ਵਲੰਟੀਅਰਜ਼ ਨੇ ਕਾਲਜ ਕੈਂਪਸ ਨੂੰ ਪਲਾਸਟਿਕ ਮੁਕਤ ਕਰਨ ਦਾ ਅਭਿਆਨ ਚਲਾ ਕੇ ਵਿਦਿਆਰਥੀਆਂ ਅਤੇ ਸਮਾਜ ਨੂੰ ਜਾਗਰੂਕ ਕਰਨ ਦਾ ਪ੍ਰਣ ਲਿਆ।ਇਸ ਮੌਕੇ ਡਾ. ਹਰਕੀਰਤਨ ਕੌਰ,ਡਾ. ਗੁਰਸ਼ਰਨ ਸਿੰਘ, ਡਾ. ਪੀ.ਐਸ. ਸੰਧੂ,ਐਨ.ਸੀ.ਸੀ. ਇੰਚਾਰਜ ਲੈਫਟੀਨੈਂਟ ਡਾ. ਅਨਿਲ ਕੁਮਾਰ, ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਪ੍ਰੋ. ਕੁਲਜੀਤ ਕੌਰ, ਡਾ. ਅਰਵਿੰਦਰ ਕੌਰ ਕਾਕੜਾ, ਪ੍ਰੋ. ਹਮਿੰਤ ਕੁਮਾਰ, ਡਾ. ਸ਼ੇਰ ਸਿੰਘ, ਪ੍ਰੋ. ਸੰਤੀ ਕੁਮਾਰ ਅਤੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਅਸ਼ਵਨੀ ਕੁਮਾਰ ਮੌਜੂਦ ਰਹੇ।

## ਟ੍ਰੈਫ਼ਿਕ ਪੁਲਿਸ ਨਾਭਾ ਨੇ ਵਾਤਾਵਰਨ ਦਿਵਸ ਮਨਾਇਆ

### ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਜ਼ਰੂਰੀ : ਬਲਵਿੰਦਰ ਸਿੰਘ

ਨਾਭਾ, 5 ਜੂਨ (ਬਲਜਿੰਦਰ ਮਾਨ) : ਟ੍ਰੈਫਿਕ ਪੁਲਿਸ ਨਾਭਾ ਨੇ ਫੋਰੈਸਟ ਵਿਭਾਗ ਦੇ ਸਹਿਯੋਗ ਨਾਲ ਵਾਤਾਵਰਣ ਦਿਵਸ ਮਨਾਇਆ। ਇਸ ਮੌਕੇ ਟ੍ਰੈਫਿਕ ਇੰਚਾਰਜ ਨਾਭਾ ਬਲਵਿੰਦਰ ਸਿੰਘ ਦੀ ਮੌਜੂਦਗੀ ਵਿਚ ਨਾਭਾ ਦੇ ਬੌੜਾਂ ਗੇਟ ਟ੍ਰੈਫਿਕ ਪੁਲਿਸ ਦੇ ਦਫਤਰ ਨੇੜੇ ਅਤੇ ਹੋਰ ਥਾਵਾਂ 'ਤੇ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਉਹਨਾਂ ਨਾਲ ਫੋਰੈਸਟ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਟ੍ਰੈਫਿਕ ਇੰਚਾਰਜ ਬਲਵਿੰਦਰ ਸਿੰਘ ਨੇ ਕਿਹਾ ਕਿ ਦਿਨੋਂ-ਦਿਨ ਗੰਧਲੇ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਅਤੇ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਅਤੇ ਉਨਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡਾ ਸਭ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਦੀ ਸੰਭਾਲ ਵਿਚ ਆਪਣਾ ਬਣਦਾ ਯੋਗਦਾਨ ਪਾਈਏ ਅਤੇ ਇਸ ਨੂੰ ਗੰਧਲਾ ਹੋਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰੀਏ।ਉਨ੍ਹਾਂ 'ਇੱਕ ਰੁੱਖ ਸੌ ਸੁੱਖ' ਦੀ ਉਦਾਰਣ ਦਿੰਦਿਆਂ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਹਰਾ-ਭਰਾ ਬਣਾਉਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਏ.ਐਸ.ਆਈ. ਹਰਦੀਪ ਸਿੰਘ, ਏ.ਐਸ. ਆਈ. ਭਗਵੰਤ ਸਿੰਘ, ਐਚ.ਸੀ. ਸਤਿਗੁਰ ਸਿੰਘ ਅਤੇ ਹੋਰ ਮੁਲਾਜ਼ਮ ਹਾਜ਼ਰ ਸਨ।




## ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ



ਸਮਾਣਾ, 5 ਜੂਨ (ਵਿਜੇ ਕੁਮਾਰ) : ਪੈਨਸ਼ਨਰ ਐਸੋਸੀਏਸ਼ਨ (ਪਾਵਰਕਾਮ) ਵੰਡ ਮੰਡਲ ਯੂਨਿਟ ਸਮਾਣਾ ਦੀ ਮਹੀਨਾਵਾਰ ਮੀਟਿੰਗ ਸੋਹਨ ਸਿੰਘ ਵਿਰਕ ਦੀ ਪ੍ਰਧਾਨਗੀ 'ਚ ਹੋਈ, ਜਿਸ ਵਿਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸੰਬਧੀ ਵਿਚਾਰ ਵੰਟਾਦਰਾਂ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਸੋਹਨ ਸਿੰਘ ਵਿਰਕ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾਂ ਦੇਣ ਤੇ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਇਸ ਮੌਕੇ ਨਰੈਣ ਦਾਸ, ਨਛੱਤਰ ਸਿੰਘ, ਮਨਦੀਪ ਸਿੰਘ,ਬੱਗਾ ਸਿੰਘ,ਹੰਸ ਰਾਜ ਕਲਿਆਣ,ਧਰਮਪਾਲ, ਦਵਿੰਦਰ ਸਿੰਘ, ਮਨਜੀਤ ਸਿੰਘ ਆਦਿ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਵੱਲੋਂ ਪੈਨਸ਼ਨਰਾਂ ਦਾ ਬਕਾਇਆ ਮਈ ਮਹੀਨੇ ਦੀ ਪੈਨਸ਼ਨ ਦੇ ਨਾਲ ਨਾ ਦੇਣ ਦਾ ਵਿਰੋਧ ਕੀਤਾ। ਪਾਵਰਕਾਮ ਵੱਲੋ ਵਿਕਾਸ ਦੇ ਨਾਮ ਤੇ 200 ਰੁਪਏ ਪ੍ਰਤੀ ਮਹੀਨਾ ਜਬਰੀ ਕਟੋਤੀ ਦਾ ਵੀ ਵਿਰੋਧ ਕੀਤਾ ਗਿਆ। ਮੀਟਿੰਗ ਵਿਚ ਜਿਨ੍ਹਾਂ ਸਾਥੀਆਂ ਦੇ ਜਨਮ ਦਿਨ ਜੂਨ ਮਹੀਨੇ ਵਿਚ ਪੈਂਦੇ ਹਨ ਨੂੰ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ। ਮੀਟਿੰਗ ਦੇ ਅੰਤ ਵਿਚ ਸੜਕ ਹਾਦਸੇ ਵਿਚ ਸਮਾਣਾ ਦੇ 7 ਮਾਸੂਮ ਬੱਚਿਆਂ ਅਤੇ ਡਰਾਇਵਰ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਹੋਰ ਵੀ ਪੈਨਸ਼ਨਰ ਸ਼ਾਮਲ ਸਨ।

## ਵਿਸ਼ਵ ਵਾਤਾਵਰਨ ਦਿਵਸ ਮਨਾਇਆ

### ☛ਵਾਤਾਵਰਨ ਨੂੰ ਹਰਾ-ਭਰਾ ਰੱਖਣਾ ਸਾਡਾ ਸਾਰਿਆਂ ਦਾ ਫਰਜ਼ : ਜਸਬੀਰ ਸਿੰਘ ਸੁਰ ਸਿੰਘ



ਪਟਿਆਲਾ, 5 ਜੂਨ (ਚ.ਨ.ਸ.) :ਐਡਮਿਨ ਅਫਿਸਰਜ ਵੈਲਫੇਅਰ ਐਸੋਸੀਏਸ਼ਨ ਪੀ.ਐਸ.ਪੀ.ਸੀ.ਐਲ/ ਪੀ.ਐਸ.ਟੀ.ਸੀ.ਐਲ., ਪਟਿਆਲਾ ਵਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਸਵੱਛ ਅਤੇ ਸਿਹਤਮੰਦ ਵਾਤਾਵਰਣ ਦੀ ਸਿਰਜਨਾ ਸੋਚ ਨੂੰ ਲੈ ਕੇ ਪਟਿਆਲਾ ਵਿਖੇ ਵੱਖ-ਵੱਖ ਤਰਾਂ ਦੇ ਪੌਦੇ ਲਗਾਏ ਗਏ। ਇਸ ਮੌਕੇ ਸ. ਜਸਬੀਰ ਸਿੰਘ ਸੁਰ ਸਿੰਘ, ਡਾਇਰੈਕਟਰ/ਪ੍ਰਬੰਧਕੀ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੇ ਵਿਸ਼ੇਸ ਮਹਿਮਾਨ ਵਜੋ ਸ਼ਾਮਲ ਹੁੰਦਿਆਂ ਪੌਦਾ ਲਾਉਂਦੇ ਹੋਏ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਅਤੇ ਸਵੱਛ ਰੱਖਣਾ ਸਾਡਾ ਸਾਰਿਆਂ ਦਾ ਮੌਲਿਕ ਕਰਤੱਵ ਹੈ। ਇਸ ਲਈ ਮੌਜੂਦਾ ਸਮੇ ਵਿੱਚ ਸਾਨੂੰ ਆਪਣੇ ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇ ਦੀ ਪ੍ਰਮੁੱਖ ਲੋੜ ਹੈ। ਐਸੋਸੀਏਸ਼ਨ ਦੇ ਪ੍ਰਧਾਨ ਕੰਚਨ ਕੁਮਾਰ ਅਤੇ ਜਨਰਲ ਸਕੱਤਰ ਡਾ. ਰਾਜ ਕੁਮਾਰ ਨੇ ਪੌਦੇ ਲਗਾਉਂਦਿਆਂ ਇਸ ਮੁਹਿੰਮ ਵਿੱਚ ਵਿਸ਼ੇਸ ਤੌਰ ਤੇ ਸ਼ਾਮਲ ਹੋਣ ਲਈ ਡਾਇਰੈਕਟਰ/ਪ੍ਰਬੰਧਕੀ ਜੀ ਦਾ ਧੰਨਵਾਦ ਕੀਤਾ ਅਤੇ ਉਹਨਾਂ ਕਿਹਾ ਕਿ ਐਸੋਸੀਏਸ਼ਨ ਵਲੋਂ ਕਾਰਪੋਰੇਸ਼ਨ ਦੇ ਪੰਜ ਜੋਨਾਂ ਦੇ ਵਿੱਚ ਆਉਂਣ ਵਾਲੇ ਮੌਨਸੂਨ ਸਮੇ ਦੋਰਾਨ 500-500 ਬੂਟੇ ਹਰੇਕ ਜੋਨ ਦੇ ਵਿੱਚ ਪਹਿਲ ਦੇ ਅਧਾਰ ਤੇ ਲਗਾਏ ਜਾਣਗੇ। ਇਸ ਮੌਕੇ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਧੀਰਜ ਬੱਤਾ, ਵਿੱਤ ਸਕੱਤਰ ਅਰੁਣ ਕੁਮਾਰ, ਇੰਦਰਜੀਤ ਕੋਰ, ਸੋਨੀਕਾ ਬੈਹਿਲ, ਮਨੀਸ਼ ਗਰਗ, ਕਪਿਲ ਦੇਵ, ਅੰਜੂ ਸਿੰਗਲਾ, ਸੁਰਿੰਦਰ ਭਾਟੀਆ ਆਦਿ ਨੇ ਸ਼ਾਮਲ ਹੁੰਦਿਆਂ ਗੁਲਮੋਹਰ, ਅਮਲਤਾਸ਼, ਨਿੰਮ, ਅਰਜੁਨਾਂ ਤੇ ਪਾਮ ਆਦਿ ਦੇ ਪੌਦੇ ਲਗਾਏ ਗਏ।

## ਲਾਇਨਜ਼ ਕਲੱਬ ਸਮਾਣਾ ਗੋਲਡ ਨੇ ਵਿਸ਼ਵ ਵਾਤਾਵਰਨ ਦਿਵਸ 'ਤੇ ਪੌਦੇ ਲਗਾਏ




ਸਮਾਣਾ, 5 ਜੂਨ (ਵਿਜੇ ਕੁਮਾਰ/ ਜਵੰਦਾ) : ਲਾਇਨਜ਼ ਕਲੱਬ ਸਮਾਣਾ ਗੋਲਡ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮੌਕੇ ਸ਼ਹਿਰ ਦੇ ਪ੍ਰੋਲੈਂਡ ਸਕਵੈਅਰ 'ਚ ਪ੍ਰਧਾਨ ਮੋਹਿਤ ਗਰਗ (ਤੰਨੂ), ਸਕੱਤਰ ਅਨੁਪ ਗੋਇਲ, ਕੈਸ਼ੀਅਰ ਗੌਰਵ ਅਗਰਵਾਲ ਦੀ ਅਗਵਾਈ 'ਚ ਇਕ ਵਿਸ਼ੇਸ਼ ਪ੍ਰਾਜੈਕਟ ਲਗਾਇਆ ਗਿਆ, ਜਿਸ ਵਿਚ ਵਿਸ਼ੇਸ ਤੌਰ 'ਤੇ ਕਾਰਜ ਸਾਧਕ ਅਫਸਰ ਸਮਾਣਾ ਬਰਜਿੰਦਰ ਸਿੰਘ ਨੇ ਸ਼ਿਰਕਤ ਕੀਤੀ। ਜਿਨ੍ਹਾਂ ਇਸ ਸ਼ੁਭ ਦਿਹਾੜੇ 'ਤੇ ਪੌਦੇ ਲਗਾਉਣ ਦੀ ਰਸਮ ਆਪਣੇ ਕਰ-ਕਮਲਾਂ ਰਾਹੀ ਸ਼ੁਰੂ ਕੀਤੀ। ਇਸ ਮੌਕੇ ਕਲੱਬ ਦੇ ਚਾਰਟਰ ਪ੍ਰਧਾਨ ਜੇ.ਪੀ. ਗਰਗ ਅਤੇ ਲਵ ਮਿੱਤਲ ਨੇ ਕਿਹਾ ਕਿ ਇਸ ਪ੍ਰਾਜੈਕਟ ਦਾ ਮੁੱਖ ਉਦੇਸ਼ ਹੈ ਕਿ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਜਾਗਰੂਕਤ ਕਰਨਾ ਅਤੇ ਹਰਿਆਲੀ ਨੂੰ ਵਧਾਵਾ ਦੇਣਾ ਹੈ। ਇਸ ਮੌਕੇ ਕਲੱਬ ਦੇ ਪੀ.ਆਰ.ਓ. ਵਨੀਤ ਗਰਗ, ਐਡਵੋਕੇਟ ਨਵਦੀਪ ਸਿੰਘ ਢਿੱਲੋਂ, ਮਨੀਸ ਸਿੰਗਲਾ ਅਤੇ ਹੋਰ ਮੈਂਬਰਾਂ ਵੱਲੋਂ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ।

## ਪਿੰਡ ਹਰਿਆਊ 'ਚ 66 ਕੇ.ਵੀ. ਬਿਜਲੀ ਗਰਿਡ ਦਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਉਦਘਾਟਨ

ਪਾਤੜਾਂ, 5 ਜੂਨ (ਹਰਮਿੰਦਰ ਕਰਤਾਰਪੁਰ): ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਅੱਜ ਪਿੰਡ ਹਰਿਆਊ ਖੁਰਦ ਵਿੱਚ 66 ਕੇਵੀ ਬਿਜਲੀ ਗ੍ਰਿਡ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਪਾਵਰਕੌਮ ਦੇ ਉੱਚ ਅਧਿਕਾਰੀਆਂ ਦੀ ਟੀਮ ਸਮੇਤ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਪ੍ਰਧਾਨ ਪ੍ਰੀਤ ਗਿੱਲ ਬਲਾਕ ਪ੍ਰਧਾਨ ਪਾਤੜਾਂ,ਕੁਲਦੀਪ ਸਿੰਘ ਥਿੰਦ, ਸਰਪੰਚ ਕਰਨੈਲ ਸਿੰਘ ਨਾਮਸੋਤ, ਪਿੰਡ ਹਰਿਆਊ ਦੇ ਸਰਪੰਚ ਗੱਜਣ ਸਿੰਘ ਹਰਿਆਊ,ਸਮਾਜ ਸੇਵੀ ਸਰਪੰਚ ਬਚਿੱਤਰ ਸਿੰਘ ਹਰਿਆਊ, ਸਰਪੰਚ ਬਲਜਿੰਦਰ ਸਿੰਘ, ਕਾਂਗਰਸੀ ਆਗੂ ਦਲੇਰ ਸਿੰਘ ਹਰਿਆਊ , ਡਾਕਟਰ ਡੀਡੀ ਸਿੰਗਲਾ , ਸਰਪੰਚ ਗੁਰਜੋਧ ਸਿੰਘ ਨਾਗਰੀ ਵਿਸ਼ੇਸ਼ ਤੌਰ ਤੇ ਹਜ਼ਾਰ ਰਹੇ। ਮੀਡੀਆ ਨਾਲ ਗੱਲਬਾਤ ਕਰਦਿਆਂ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਅਤੇ ਦਿੱਤੀਆਂ ਗਈਆਂ ਗਰੰਟੀਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ । ਸਰਪੰਚ ਗੱਜਣ ਸਿੰਘ ਹਰਿਆਊ ਵਲੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਪਾਵਰਕੌਮ ਦੇ ਅਧਿਕਾਰੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਜਗਜੀਤ ਸਿੰਘ, ਕੈਪਟਨ ਸੁਰਿੰਦਰ ਸਿੰਘ, ਨੰਬਰਦਾਰ ਧਿਆਨ ਸਿੰਘ, ਸੁਬੇਗ ਸਿੰਘ ਸਾਬਕਾ ਸਰਪੰਚ, ਸਤਨਾਮ ਸਿੰਘ, ਅੰਗਰੇਜ਼ ਸਿੰਘ, ਸਰਦੂਲ ਸਿੰਘ ਵੜੈਚ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ,ਪੰਚ ਗੁਰਦੇਵ ਸਿੰਘ,ਪੰਚ ਸੁਖਵਿੰਦਰ ਸਿੰਘ,ਪੰਚ ਮੇਜਰ ਸਿੰਘ,ਪੰਚ ਪ੍ਰੇਮਾ, ਜਸਵਿੰਦਰ ਸਿੰਘ, ਬਲਬੀਰ ਸਿੰਘ, ਗੁਰਜੰਟ ਸਿੰਘ ਸਹੋਤਾ, ਹਰਕੇਸ਼ ਸਿੰਘ ਸਾਬਕਾ ਸਰਪੰਚ,ਪੂਰਨ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਚੌਲੀਆ, ਨੰਬਰਦਾਰ ਬਲਜਿੰਦਰ ਸਿੰਘ, ਜਸਪਾਲ ਸਿੰਘ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਆਦਿ ਪ੍ਰਮੁੱਖ ਤੌਰ ਤੇ ਹਾਜ਼ਰ ਸਨ।



## ਵਿਧਾਇਕ ਦੇਵ ਮਾਨ ਨੇ ਪਰਮਿੰਦਰ ਸਿੰਘ ਢੀਂਡਸਾ ਨਾਲ ਕੀਤਾ ਦੁੱਖ ਸਾਂਝਾ

ਨਾਭਾ, 5 ਜੂਨ (ਬਲਜਿੰਦਰ ਮਾਨ) : ਪਿਛਲੇ ਦਿਨ ਸੁਖਦੇਵ ਸਿੰਘ ਢੀਂਡਸਾ ਸਾਬਕਾ ਕੇਂਦਰੀ ਮੰਤਰੀ ਅਤੇ ਸਾਬਕਾ ਰਾਜ ਸਭਾ ਮੈਂਬਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ ਅੱਜ ਉਨਾਂ ਦੇ ਸੰਗਰੂਰ ਦੇ ਗ੍ਰਹਿ ਵਿਖੇ ਉਨਾਂ ਦੇ ਬੇਟੇ ਪਰਮਿੰਦਰ ਸਿੰਘ ਢੀਡਸਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੇ ਨਾਲ ਮਿਲ ਕੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਦੁੱਖ ਸਾਂਝਾ ਕੀਤਾ ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਕਾਫ਼ੀ ਸੀਨੀਅਰ ਆਗੂ ਸਨ ਅਤੇ ਉਨ੍ਹਾਂ ਦਾ ਪੰਜਾਬ ਦੀ ਰਾਜਨੀਤੀ ਵਿੱਚ ਬਹੁਤ ਵੱਡਾ ਕੱਦ ਸੀ ਇਸ ਦੁੱਖ ਦੀ ਘੜੀ ਵਿੱਚ ਮੈਂ ਢੀਡਸਾ ਪ੍ਰੀਵਾਰ ਨਾਲ ਦੁੱਖ ਪ੍ਰਗਟ ਕਰਦਾਂ ਹਾਂ ਉਨ੍ਹਾਂ ਦੱਸਿਆ ਕਿ ਸੁਖਦੇਵ ਸਿੰਘ ਢੀਡਸਾ ਚਾਰ ਵਾਰ ਮੈਂਬਰ ਪਾਰਲੀਮੈਂਟ, ਚਾਰ ਵਾਰ ਐਮ ਐੱਲ ਏ , ਇੱਕ ਵਾਰ ਕੇਂਦਰੀ ਮੰਤਰੀ 1999 ਤੋਂ 2024 ਤੱਕ ਰਹੇ , ਪੰਜਾਬ ਵਜ਼ਾਰਤ ਵਿੱਚ ਕਈ ਵਾਰੀ ਮੰਤਰੀ ਰਹੇ ।



## 12 ਬੋਤਲਾਂ ਸ਼ਰਾਬ ਬ੍ਰਾਮਦ, ਦੋ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 5 ਜੂਨ (ਵਿਜੇ ਕੁਮਾਰ) : ਸਿਟੀ ਪੁਲਸ ਨੇ ਪਿੰਡ ਮੁਰਾਦਪੁਰਾ ਦੇ ਇਕ ਘਰ 'ਚੋਂ ਹਰਿਆਣਾ ਠੇਕਾ ਦੇਸ਼ੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਕਰਕੇ, ਐਕਸਾਇਜ ਐਕਟ ਦੀਆਂ ਧਰਾਵਾਂ ਤਹਿਤ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ਼ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਜਗਜੀਵਨ ਸਿੰਘ ਅਤੇ ਰਣਜੀਤ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਿਟੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈਡ ਕਾਂਸਟੇਬਲ ਜਗਦੀਪ ਸਿੰਘ ਨੇ ਪੁਲਸ ਪਾਰਟੀ ਸ਼ਣੇ ਗਸਤ ਦੌਰਾਨ ਮਿਲੀ ਸੂਚਨਾਂ ਦੇ ਅਧਾਰ ਤੇ ਰਣਜੀਤ ਸਿੰਘ ਦੇ ਘਰ ਰੇਡ ਕੀਤੀ ਅਤੇ ਹਰਿਆਣਾ ਠੇਕਾ ਦੇਸ਼ੀ ਸ਼ਰਾਬ ਦੀਆਂ 12 ਬੋਤਲਾਂ ਬਰਾਮਦ ਹੋਣ ਤੇ ਮੁਲਜ਼ਮਾਂ ਨੂੰ ਹਿਰਾਸਤ ਵਿਚ ਲੈ ਰਿਹਾ।

## ਜੁਡੀਸ਼ੀਅਲ ਅਧਿਕਾਰੀਆਂ ਨੇ ਲਗਾਏ ਬੂਟੇ

ਪਟਿਆਲਾ, 5 ਜੂਨ (ਵਿਨੋਦ ਸ਼ਰਮਾ) :ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਮੋਹਾਲੀ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ 'ਹਰ ਕੋਈ-ਇੱਕ ਦਰਖਤ' ਪੰਜਾਬ ਰਾਜ ਵਿੱਚ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਜ਼ਿਲ੍ਹਾ ਅਤੇ ਸੈਸ਼ਨਜ਼ ਜਜ ਕਮ ਚੈਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ ਦੇ ਯੋਗ ਮਾਰਗਦਰਸ਼ਨ ਅਤੇ ਨਿਗਰਾਨੀ ਹੇਠ, ਬੂਟੇ ਲਗਾਉਣ ਦੀ ਮੁਹਿੰਮ 'ਹਰ ਕੋਈ-ਇੱਕ ਦਰਖਤ' ਜ਼ਿਲ੍ਹਾ ਪਟਿਆਲਾ ਵਿੱਚ ਸ਼ੁਰੂ ਕੀਤੀ ਗਈ। ਇਸ ਮੌਕੇ ਬੂਟੇ ਲਗਾਉਣ ਦੀ ਸ਼ੁਰੂਆਤ ਜ਼ਿਲ੍ਹਾ ਅਤੇ ਸੈਸ਼ਨਜ਼ ਜਜ ਕਮ ਚੈਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ ਨੇ ਕੀਤੀ । ਇਸ ਮੌਕੇ ਹੋਰ ਜੁਡੀਸ਼ੀਅਲ ਅਧਿਕਾਰੀਆਂ ਨੇ ਵੀ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ । ਰਾਜਪੁਰਾ, ਸਮਾਣਾ ਅਤੇ ਨਾਭਾ ਵਿੱਚ ਜੁਡੀਸ਼ੀਅਲ ਅਧਿਕਾਰੀਆਂ ਅਤੇ ਜੁਡੀਸ਼ੀਅਲ ਵਿਭਾਗ ਦੇ ਸਟਾਫ਼ ਨੇ ਬੂਟੇ ਲਗਾਏ।ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜਜ ਕਮ ਚੈਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ ਨੇ ਵੱਧ ਤੋਂ ਵੱਧ ਦਰੱਖਤ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸੱਕਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਪਟਿਆਲਾ ਅਮਨਦੀਪ ਕੰਬੋਜ ਨੇ ਦੱਸਿਆ ਕਿ ਵਾਤਾਵਰਨ ਸੁਰੱਖਿਆ ਸੰਬੰਧੀ ਕਾਨੂੰਨਾਂ, ਮੁਫਤ ਕਾਨੂੰਨੀ ਸੇਵਾਵਾਂ ਅਤੇ ਲੋਕ ਅਦਾਲਤਾਂ ਦੇ ਫਾਇਦਿਆਂ ਬਾਰੇ ਜਨਤਾ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਵੀ ਆਯੋਜਿਤ ਕੀਤੇ ਜਾ ਰਹੇ ਹਨ।



## ਸਿਵਲ ਸਰਜਨ ਦਫਤਰ ਵਿਖੇ ਮਨਾਇਆ ਵਿਸ਼ਵ ਵਾਤਾਵਰਨ ਦਿਵਸ



ਪਟਿਆਲਾ, 5 ਜੂਨ (ਰੁਪਾਣਾ) : ਸਿਵਲ ਸਰਜਨ ਦਫਤਰ ਪਟਿਆਲਾ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਸਿਵਲ ਸਰਜਨ ਦਫਤਰ ਵਿਖੇ ਮਨਾਇਆ ਗਿਆ। ਵਾਤਾਵਰ ਦਿਵਸ ਲਈ ਇਸ ਸਾਲ ਦਾ ਵਿਸ਼ਾ ਧਰਤੀ ਨੂੰ ਪਲਾਸਟਿਕ ਪ੍ਰਦੂਸ਼ਨ ਤੋਂ ਮੁਕਤ ਕਰਨਾ ਹੈ।ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਅਤੇ ਮੈਡੀਕਲ ਸੁਪਰਡੈਂਟ ਡਾ.ਐਸ.ਜੇ ਸਿੰਘ ਨੇ ਸਿਵਲ ਸਰਜਨ ਦਫਤਰ ਪਟਿਆਲਾ ਵਿਖੇ ਅਤੇ ਮਾਤਾ ਕੌਸ਼ਲਿਆ ਹਸਪਤਾਲ ਦੀ ਨਵੀਂ ਪਾਰਕਿੰਗ ਵਾਲੀ ਜਗ੍ਹਾ ਦੇ ਏਰੀਏ ਵਿੱਚ ਅਪਣੇ ਹੱਥੀਂ ਫਲ ਵਾਲੇ ਅਤੇ ਛਾਂਦਾਰ ਬੂਟੇ ਲਗਾਏ । ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵੱਧਦਾ ਤਾਪਮਾਨ ਪੂਰੇ ਸੰਸਾਰ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜੇਕਰ ਤਾਪਮਾਨ ਇਵੇਂ ਵੱਧਦਾ ਰਿਹਾ ਤਾਂ ਗਲੇਸ਼ੀਅਰ ਪਿੱਘਲ ਜਾਣਗੇ, ਸਮੁੰਦਰਾਂ ਵਿੱਚ ਪਾਣੀ ਵੱਧ ਜਾਵੇਗਾ ਅਤੇ ਸਮੁੰਦਰ ਕੰਢੇ ਵੱਸਣ ਵਾਲੇ ਕਰੋੜਾਂ ਲੋਕਾਂ ਲਈ ਖਤਰੇ ਦੀ ਘੰਟੀ ਸਾਬਿਤ ਹੋਵੇਗਾ । ਇਸ ਲਈ ਵੱਧ ਤੋਂ ਵੱਧ ਰੁੱਖ ਲਗਾ ਕੇ ਹੀ ਅਸੀਂ ਅਪਣੀਆਂ ਆਉਣ ਵਾਲੀਆਂ ਨਸਲਾਂ ਬਚਾ ਸਕਦੇ ਹਾਂ ।ਜ਼ਿਲ੍ਹਾ ਐਪੀਡੋਮੋਲੋਜਿਸਟ ਡਾ.ਸੁਮੀਤ ਸਿੰਘ ਨੇ ਕਿਹਾ ਕਿ ਪਲਾਸਟਿਕ ਪ੍ਰਦੂਸ਼ਨ ਨਾਲ ਧਰਤੀ ਦੀ ਸਿਹਤ ਵਿਗੜ ਚੁੱਕੀ ਹੈ। ਸੋ ਇਸ ਥੀਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ। ਇਸ ਮੌਕੇ ਸਿਹਤ ਵਿਭਾਗ ਦੇ ਸੀਨੀਅਰ ਮੈਡੀਕਲ ਅਫਸਰ ਐਮ.ਕੇ.ਐਚ ਡਾ.ਵਿਕਾਸ ਗੋਇਲ, ਜਿਲ੍ਹਾ ਐਪੀਡੋਮੋਲੋਜਿਸਟ ਡਾ.ਦਿਵਜੋਤ ਸਿੰਘ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ ਅਤੇ ਜਸਜੀਤ ਕੌਰ,ਜਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਵੀਰ ਕੌਰ, ਬੀ.ਈ.ਈ ਸ਼ਾਯਾਨ ਜ਼ਫਰ, ਐਸ.ਆਈ ਅਨਿਲ ਗੁਰੁ, ਰਣ ਸਿੰਘ, ਇੰਦਰਜੀਤ, ਸੁਖਦੇਵ ਸਿੰਘ ਅਤੇ ਬਿਟੂ ਹਾਜ਼ਰ ਸਨ ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਧੰਗੇੜਾ ਵਿਖੇ ਲਗਾਇਆ ਕੈਂਪ



ਨਾਭਾ 5 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡ ਧੰਗੇੜਾ ਵਿਖੇ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਲੋਕਾਂ ਵਿਧਾਇਕ ਡਾ.ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੇ ਨਸ਼ਾ ਮੁਕਤੀ ਸੌਂਹ ਚੁਕਾਉਂਦਿਆਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਵੱਲੋਂ ਪਿੰਡਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ। ਪੰਜਾਬ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬਚਨਬੱਧ ਹੈ ਤੇ ਨਸ਼ਾ ਖਤਮ ਕਰ ਕੇ ਦਮ ਲਵੇਗੀ। ਉਨ੍ਹਾਂ ਲੋਕਾਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਿਆ। ਇਸ ਮੌਕੇ ਜਗਦੀਪ ਸਿੰਘ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ ਧੰਗੇੜਾ ਜਿਸ ਵਿੱਚ ਦਲਜੀਤ ਕੌਰ ਪੰਚ, ਸਰਬਜੀਤ ਕੌਰ ਪੰਚ, ਕੁਲਦੀਪ ਸਿੰਘ ਪੰਚ, ਇੰਦਰਜੀਤ ਸਿੰਘ ਪੰਚ, ਕਰਤਾਰ ਸਿੰਘ ਸਾਬਕਾ ਸਰਪੰਚ, ਦੀਦਾਰ ਸਿੰਘ ਨੰਬਰਦਾਰ, ਹਰਵਿੰਦਰ ਸਿੰਘ , ਅਮਰਜੀਤ ਸਿੰਘ, ਡਾ ਗੁਰਦੀਪ ਸਿੰਘ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ ਸਰਪੰਚ ਪੇਧਨੀ, ਹਰਜੀਤ ਸਿੰਘ ਕੈਦੂਪੁਰ, ਰਾਜਵੀਰ ਸਿੰਘ,ਹਰਮੇਲ ਸਿੰਘ, ਗੁਰਮੀਤ ਖਰੋੜ ,ਮਨਵੀਰ ਸਿੰਘ,ਗੁਰਜੰਟ ਸਿੰਘ,ਨਿਰਭੈ ਸਿੰਘ, ਬੇਅੰਤ ਸਿੰਘ ਸਰਪੰਚ,ਪੱਪੂ ਸਿੰਘ ਸਰਪੰਚ ਆਦਿ ਹਾਜ਼ਰ ਸਨ।

## ਵਾਤਾਵਰਨ ਦਿਵਸ ਮੌਕੇ ਲੋਕਾਂ ਨੂੰ ਕੱਪੜੇ ਦੇ ਥੈਲੇ ਵੰਡੇ



ਪਟਿਆਲਾ, 5 ਜੂਨ (ਚ.ਨ.ਸ.) : ਵਾਤਾਵਰਨ ਸਾਫ-ਸੁਥਰਾ ਹੋਣਾ ਚਾਹੀਦਾ ਹੈ, ਜ਼ਿਆਦਾ ਤੋਂ ਜ਼ਿਆਦਾ ਬੂਟੇ ਲਗਾਉਣੇ ਚਾਹੀਦੇ ਹਨ।ਪ੍ਰਦੂਸ਼ਨ ਨੂੰ ਦੂਰ ਕਰਨ ਲਈ ਸਿੰਗਲ ਵਰਤੋਂ ਵਾਲੇ ਪਲਾਸਟਿਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ।ਸਗੋਂ ਕੱਪੜੇ ਦੇ ਥੈਲੇ ਜਾਂ ਜੂਟ ਦੇ ਥੈਲੇ ਦੀ ਵਰਤੋ ਕਰਨੀ ਚਾਹੀਦੀ ਹੈ। ਸਰਵੇ ਤੋਂ ਪਤਾ ਲੱਗਿਆ ਹੈ ਕਿ ਪਲਾਸਟਿਕ ਦੀ ਵਰਤੋ ਨਾਲ ਉਸ ਵਿੱਚ ਲਿਆਉਂਦਾ ਖਾਣ-ਪੀਣ ਦਾ ਸਮਾਨ ਵੀ ਖਰਾਬ ਹੋ ਜਾਦਾ ਹੈ। ਇਹ ਵਿਚਾਰ ਡਾ. ਐਸ.ਜੇ. ਸਿੰਘ ਮੈਡੀਕਲ ਸੁਪਰਡੈਂਟ ਨੇ ਪਟਿਆਲਾ ਸ਼ੋਸਲ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਮਨਾਏ ਵਾਤਾਵਰਨ ਦਿਵਸ 'ਤੇ ਲੋਕਾਂ ਨੂੰ ਕੱਪੜੇ ਦੇ ਥੈਲੇ ਵੰਡਦੇ ਹੋਏ ਕਹੇ। ਇਸ ਅਵਸਰ 'ਤੇ ਵਿਜੈ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਡਾ. ਵਿਕਾਸ ਗੋਇਲ, ਐਸ.ਐਮ.ਓ., ਡਾ. ਅਸਰਫਜੀਤ ਸਿੰਘ ਐਸ.ਐਮ.ਓ., ਡਾ. ਸੁਨੰਦਾ ਨਰੂਲਾ, ਡਾ. ਮਾਨ ਹਾਜ਼ਰ ਸਨ।

## 'ਰੁੱਖ ਲਗਾਓ-ਧਰਤੀ ਬਚਾਓ' ਮੁਹਿੰਮ ਤਹਿਤ ਵਾਤਾਵਰਨ ਦਿਵਸ ਮੌਕੇ ਪੌਦੇ ਲਗਾਏ

ਸਮਾਣਾ, 5 ਜੂਨ (ਵਿਜੇ ਕੁਮਾਰ/ ਜਵੰਦਾ) : 'ਰੁੱਖ ਲਗਾਓ, ਧਰਤੀ ਬਚਾਓ' ਮੁਹਿੰਮ ਤਹਿਤ ਵਾਤਾਵਰਨ ਦਿਵਸ ਮੌਕੇ ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਸਮਾਣਾ ਵੱਲੋਂ ਸ੍ਰੀ ਅਗਰਵਾਲ ਗਊਸ਼ਾਲਾ ਵਿਖੇ ਛਾਂਦਾਰ ਅਤੇ ਫੁੱਲਾਂ ਵਾਲੇ ਬੂਟੇ ਲਗਾਏ ਗਏ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਅਭਿਨਵ ਗੁਪਤਾ ਨੇ ਦੱਸਿਆ ਕਿ ਸਾਡੀ ਧਰਤੀ ਦਿਨੋ ਦਿਨ ਰੁੱਖ ਹੀਨ ਹੁੰਦੀ ਜਾ ਰਹੀ ਹੈ। ਜਿਸ ਕਾਰਨ ਸਾਨੂੰ ਕਈ ਪ੍ਰਕਾਰ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਕਲੱਬ ਦੇ ਸਕੱਤਰ ਮਨੀਸ਼ ਅਗਰਵਾਲ, ਪ੍ਰੈਸ ਸੈਕਟਰੀ ਵਿਸ਼ਾਲ ਵਰਮਾ, ਡਿੰਪਲ ਜਿੰਦਲ, ਧਰੁੱਵ ਬਾਂਸਲ, ਵਿਕੀ ਗਰਗ ਆਦਿ ਮੈਂਬਰ ਮੌਜੂਦ ਰਹੇ।

